ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 10 | Issue 36 | 16 September 2020 to 22 September 2020 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਸਿੱਖਾਂ ਨੂੰ ਬਦਨਾਮ ਕਰਨ ਲਈ ਕੈਨੇਡਾ ਵਿਚ ਚੱਲ ਰਿਹਾ 'ਭਾਰਤੀ ਪ੍ਰੋਜੈਕਟ'

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਬੀਤੇ ਦਿਨੀਂ ਕੈਨੇਡਾ ਦੀਆਂ ਸਰਕਾਰੀ ਨੀਤੀਆਂ ਸਬੰਧੀ ਸੁਝਾਅ ਦੇਣ ਵਾਲੀ ਸੰਸਥਾ ਮੈਕਡੋਨਲਡ-ਲੌਰੀਅਰ ਵੱਲੋਂ ਪੱਤਰਕਾਰ ਟੈਰੀ ਮਿਲਸਕੀ ਦੀ ਅਜ਼ਾਦ ਸਿੱਖ ਰਾਜ "ਖਾਲਿਸਤਾਨ" ਦੇ ਸੰਘਰਸ਼ ਸਬੰਧੀ ਇਕ ਰਿਪੋਰਟ ਛਾਪੀ ਗਈ ਹੈ। ਇਹ ਰਿਪੋਰਟ ਆਪਣੇ ਮੁੱਢ ਤੋਂ ਹੀ ਇਕ ਪਾਸੜ ਰੁੱਖ ਲੈ ਕੇ ਚਲਦੀ ਹੈ ਅਤੇ ਸਿੱਖ ਕੌਮ ਦੀ ਰਾਜਨੀਤਕ ਇੱਛਾ ਨੂੰ 'ਅੱਤਵਾਦ' ਵਜੋਂ ਦਰਸਾਉਣ ਲਈ ਤੱਥ ਰਹਿਤ ਟਿੱਪਣੀਆਂ ਨਾਲ ਭਰੀ ਹੋਈ ਹੈ।

"ਖਾਲਿਸਤਾਨ: ਪਾਕਿਸਤਾਨ ਦਾ ਪ੍ਰਜੈਕਟ" ਸਿਰਲੇਖ ਹੇਠ ਛਪੀ ਇਸ ਰਿਪੋਰਟ ਅੰਦਰ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਖਾਲਿਸਤਾਨ ਦੇ ਵਿਚਾਰ ਨੂੰ ਪਾਕਿਸਤਾਨ ਨੇ ਹਵਾ ਦਿੱਤੀ ਅਤੇ ਪਾਕਿਸਤਾਨ ਇਸ ਪ੍ਰਜੈਕਟ ਰਾਹੀਂ ਭਾਰਤ ਨੂੰ ਤੋੜ ਕੇ ਬੰਗਲਾਦੇਸ਼ ਬਣਾਉਣ ਦੇ ਭਾਰਤੀ ਪ੍ਰਜੈਕਟ ਦਾ ਬਦਲਾ ਲੈਣਾ ਚਾਹੁੰਦਾ ਸੀ ਅਤੇ ਜੰਮੂ ਕਸ਼ਮੀਰ ਤਕ ਭਾਰਤ ਦੀ ਰਾਹਦਾਰੀ ਬੰਦ ਕਰਨੀ ਚਾਹੁੰਦਾ ਸੀ। ਜਿੱਥੇ ਭਾਰਤੀ ਮੀਡੀਆ ਨੇ ਇਸ ਤੱਥ ਰਹਿਤ ਅਤੇ ਭਾਰਤੀ ਅਜੈਂਡੇ ਦੀ ਪੂਰਤੀ ਕਰਦੀ



ਰਿਪੋਰਟ ਨੂੰ ਵੱਡੇ ਪੱਧਰ 'ਤੇ ਪ੍ਰਚਾਰਿਆ ਉੱਥੇ ਦੁਨੀਆ ਦੀਆਂ ਨਾਮੀਂ ਯੂਨੀਵਰਸਿਟੀਆਂ ਦੇ 53 ਵਿਦਵਾਨਾਂ ਨੇ ਮੈਕਡੋਨਲਡ-ਲੌਰੀਅਰ ਸੰਸਥਾ ਨੂੰ ਚਿੱਠੀ ਲਿਖ ਕੇ ਇਸ ਤੱਥ ਰਹਿਤ ਅਤੇ ਇਕ ਭਾਈਚਾਰੇ ਨੂੰ ਬਦਨਾਮ ਕਰਨ ਵਾਲੀ ਰਿਪੋਰਟ ਨੂੰ ਆਪਣੀ ਸੰਸਥਾ ਦੇ ਨਾਂ ਹੇਠ ਛਾਪਣ ਬਾਰੇ ਮੁੜ ਗੌਰ ਕਰਨ ਲਈ ਕਿਹਾ ਹੈ।

ਵਿਦਵਾਨਾਂ ਨੇ ਇਸ ਰਿਪੋਰਟ ਸਬੰਧੀ ਟਿੱਪਣੀ ਕਰਦਿਆਂ ਕਿਹਾ ਹੈ ਕਿ ਇਹ ਰਿਪੋਰਟ ਕੈਨੇਡੀਅਨ ਸਿੱਖਾਂ ਵੱਲੋਂ ਹੱਕਾਂ ਲਈ ਚੁੱਕੀ ਜਾ ਰਹੀ ਅਵਾਜ਼ ਨੂੰ "ਐਕਸਟਰੀਮੀਜ਼ਮ" ਅਤੇ ਵਿਦੇਸ਼ੀ ਤਾਕਤਾਂ ਦੇ ਪ੍ਰਭਾਵ ਹੇਠ ਕੀਤੀ ਜਾਣ ਵਾਲੀ ਕਾਰਵਾਈ ਵਜੋਂ ਪੇਸ਼ ਕਰਕੇ ਸਮੁੱਚੇ ਭਾਈਚਾਰੇ ਨੂੰ ਬਦਨਾਮ ਕਰਦੀ ਹੈ। ਉਹਨਾਂ ਕਿਹਾ ਕਿ ਇਹ ਰਿਪੋਰਟ ਖੋਜ ਦੇ ਤੈਅ ਮਿਆਰਾਂ ਉੱਤੇ ਵੀ ਖਰੀ ਨਹੀਂ ਉੱਤਰਦੀ ਅਤੇ ਇਸ ਵਿਚ ਤੱਥਾਂ ਦੀ ਸਹੀ ਪੜਚੋਲ ਕੀਤੇ ਬਿਨ੍ਹਾਂ ਹੀ ਕਈ ਦਾਅਵੇ ਕਰ ਦਿੱਤੇ ਗਏ ਹਨ।

ਵਿਦਵਾਨਾਂ ਨੇ ਕਿਹਾ ਹੈ ਕਿ ਨੀਤੀ ਨਿਰੱਖਣ ਦੇ ਇਰਾਦੇ ਦਾ ਦਾਅਵਾ ਕਰਕੇ ਛਾਪੀ ਇਹ ਰਿਪੋਰਟ ਕੈਨੇਡਾ ਦੀ ਸਰਕਾਰੀ ਨੀਤੀ ਵਿਚਲੀਆਂ ਕਈ ਧਾਰਨਾਵਾਂ ਦੀ ਵਿਰੋਧੀ ਹੈ ਜਿਵੇਂ ਇਹ ਰਿਪੋਰਟ ਬੋਲਣ ਦੀ ਅਜ਼ਾਦੀ ਨੂੰ ਖਾਲਿਸਤਾਨ ਬਾਰੇ ਭਾਰਤ ਦੇ ਸਰਕਾਰੀ ਨਜ਼ਰੀਏ ਵਾਂਗ ਪੇਸ਼ ਕਰ ਰਹੀ ਹੈ।

ਵਿਦਵਾਨਾਂ ਨੇ ਰਿਪੋਰਟ ਦੀਆਂ ਤਿੰਨ ਪ੍ਰਮੁੱਖ ਘਾਟਾਂ ਵੱਲ ਧਿਆਨ ਦਵਾਉਂਦਿਆਂ ਲਿਖਿਆ ਕਿ ਸਿੱਖਾਂ ਵੱਲੋਂ ਭਾਰਤ ਵਿਚ ਹੋਈ ਨਸਲਕੁਸ਼ੀ ਸਬੰਧੀ ਚੁੱਕੀ ਜਾਂਦੀ ਅਵਾਜ਼ ਨੂੰ ਰਿਪੋਰਟ ਦੇ ਲੇਖਕ ਨੇ ਨਕਾਰਾਤਮਕ ਤੌਰ 'ਤੇ ਪੇਸ਼ ਕੀਤਾ ਹੈ।

**ਬਾਕੀ ਸਫ਼ਾ 28 'ਤੇ**

## ਵੱਖਰੇ ਕੌਮੀ ਘਰ ਦੀ ਮੰਗ ਗੈਰਵਾਜਿਬ ਨਹੀਂ: ਗਿਆਨੀ ਹਰਪ੍ਰੀਤ ਸਿੰਘ



**ਤਲਵੰਡੀ ਸਾਬ/ਏ.ਟੀ. ਨਿਊਜ਼:** ਪਿਛਲੇ ਸਮੇਂ 'ਚ ਖ਼ਾਲਿਸਤਾਨ ਲਈ ਹਾਂ ਪੱਖੀ ਹੁੰਗਾਰਾ ਭਰ ਚੁੱਕੇ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਇੱਥੇ ਇਕ ਸਮਾਗਮ ਦੌਰਾਨ ਦੁਬਾਰਾ ਫਿਰ ਸਿੱਖਾਂ ਲਈ ਵੱਖਰੇ ਕੌਮੀ ਘਰ ਦੀ ਮੰਗ ਦਾ ਸਮਰਥਨ ਕੀਤਾ ਹੈ। ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ 76ਵੇਂ ਸਥਾਪਨਾ ਦਿਵਸ ਸਮਾਗਮਾਂ ਮੌਕੇ ਤਖ਼ਤ ਸਾਹਿਬ ਦੇ ਗੁ: ਭਾਈ ਬੀਰ ਸਿੰਘ, ਧੀਰ ਸਿੰਘ ਵਿਖੇ ਸੰਗਤਾਂ ਨੂੰ ਸੰਬੋਧਨ ਦੌਰਾਨ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੱਖਾਂ ਦੀ ਭਾਰਤ ਅੰਦਰ ਦਸ਼ਾ ਨੂੰ ਦੇਖਦਿਆਂ ਵੱਖਰੇ ਕੌਮੀ ਘਰ ਦੀ ਮੰਗ ਗੈਰਵਾਜਿਬ ਨਹੀਂ ਹੈ।

ਉਨਾਂ ਕਿਹਾ ਕਿ ਭਾਰਤ ਨੂੰ ਆਜ਼ਾਦੀ ਮਿਲਣ ਮੌਕੇ ਸਿੱਖਾਂ ਨੇ ਭਾਰਤ ਨਾਲ ਰਹਿਣ ਦਾ ਫ਼ੈਸਲਾ ਕੀਤਾ ਸੀ ਕਿਉਂਕਿ ਉਨਾਂ ਨੂੰ ਉਮੀਦ ਸੀ ਕਿ ਇਸ ਦੇਸ਼ 'ਚ ਉਹ ਖ਼ੁਦ, ਉਨਾਂ ਦਾ ਧਰਮ, ਉਨਾਂ ਦਾ ਅਕੀਦਾ, ਮਰਿਆਦਾਵਾਂ ਸੁਰੱਖਿਅਤ ਰਹਿਣਗੀਆਂ ਪਰ ਨਾ ਤਾਂ ਸਿੱਖ ਇਸ ਦੇਸ਼ 'ਚ ਸੁਰੱਖਿਅਤ ਰਿਹਾ, ਨਾ ਸਿੱਖ ਧਰਮ, ਨਾ ਸਿੱਖ ਦਾ ਅਕੀਦਾ ਅਤੇ ਨਾ ਮਰਿਆਦਾਵਾਂ ਹੋਰ ਤਾਂ ਹੋਰ ਸਿੱਖਾਂ ਦੇ ਧਾਰਮਿਕ ਗ੍ਰੰਥ ਤੱਕ ਸੁਰੱਖਿਅਤ ਨਹੀਂ ਰਹੇ, ਇਸ ਲਈ ਜੋ ਸਮੇਂ-ਸਮੇਂ ਸਿੱਖ ਵੱਖਰੇ ਕੌਮੀ ਘਰ ਦੀ ਮੰਗ ਕਰਦੇ ਹਨ ਤਾਂ ਉਸ 'ਚ ਕੁਝ ਵੀ ਗ਼ਲਤ ਨਹੀਂ ਹੈ।

# ਜੰਮੂ ਕਸ਼ਮੀਰ ਵਿਚੋਂ ਪੰਜਾਬੀ ਨੂੰ ਖਤਮ ਕਰਨ ਖਿਲਾਫ ਇਕ ਸੁਰ ਹੋਏ ਪੰਜਾਬ ਦੇ ਐਮ.ਪੀ




**ਅੰਮ੍ਰਿਤਸਰ ਟਾਈਮਜ਼ ਬਿਊਰੋ**

ਜੰਮੂ ਕਸ਼ਮੀਰ ਵਿਚ ਪੰਜਾਬੀ ਭਾਸ਼ਾ ਨੂੰ ਖਤਮ ਕਰਨ ਲਈ ਭਾਰਤ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਬਿੱਲ ਦਾ ਵਿਰੋਧ ਕਰਦਿਆਂ ਸ੍ਰੀ ਆਨੰਦਪੁਰ ਸਾਹਿਬ ਤੋਂ ਐਮਪੀ ਮਨੀਸ਼ ਤਿਵਾੜੀ ਨੇ ਲੋਕ ਸਭਾ ਵਿਚ ਇਸ ਫੈਂਸਲੇ ਦਾ ਵਿਰੋਧ ਕਰਦਿਆਂ ਪੰਜਾਬੀ ਨੂੰ ਜੰਮੂ ਕਸ਼ਮੀਰ ਦੀਆਂ ਦਫਤਰੀ ਭਾਸ਼ਾਵਾਂ ਵਿਚ ਸ਼ਾਮਲ ਕਰਨ ਦੀ ਮੰਗ ਕੀਤੀ।

ਮਨੀਸ਼ ਤਿਵਾੜੀ ਨੇ ਲੋਕ ਸਭਾ ਦੇ ਸਪੀਕਰ ਨੂੰ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਨੇ 1808 'ਚ ਜੰਮੂ ਜਿੱਤਿਆ ਸੀ ਤੇ 1820 'ਚ ਜੰਮੂ ਦੀ ਜਾਗੀਰ ਮਹਾਰਾਜਾ ਗੁਲਾਬ ਸਿੰਘ ਦੇ ਪਿਤਾ ਮਿਆਂ ਕਿਸ਼ੋਰ ਸਿੰਘ ਜਾਮਵਾਲ ਨੂੰ ਦਿੱਤੀ ਸੀ। 1822 'ਚ ਉਨ੍ਹਾਂ ਖੁਦ ਗੁਲਾਬ ਸਿੰਘ ਨੂੰ ਜੰਮੂ ਦਾ ਰਾਜਾ ਬਣਾਇਆ ਸੀ। ਉਨ੍ਹਾਂ ਕਿਹਾ ਕਿ ਪਿਛਲੇ ਦੋ ਸੌ ਸਾਲਾਂ ਤੋਂ ਜੰਮੂ ਤੇ ਇਸ ਦੇ ਨਾਲ ਲੱਗਦੇ ਇਲਾਕਿਆਂ 'ਚ ਪੰਜਾਬੀ ਭਾਸ਼ਾ ਬੋਲੀ ਜਾਂਦੀ ਹੈ ਅਤੇ ਪੰਜਾਬੀ ਦੀਆਂ ਕਈ ਉੱਪ ਬੋਲੀਆਂ ਜੰਮੂ ਕਸ਼ਮੀਰ 'ਚ ਬੋਲੀਆਂ ਜਾਂਦੀਆਂ ਹਨ।

ਉਨ੍ਹਾਂ ਸਪੀਕਰ ਦੇ ਧਿਆਨ 'ਚ ਲਿਆਂਦਾ ਕਿ 1947 ਦੀ ਵੰਡ ਮਗਰੋਂ ਜਿਹੜੇ ਲੋਕ ਪਾਕਿਸਤਾਨ ਤੋਂ ਉੱਜੜ ਕੇ ਜੰਮੂ ਜਾ ਕੇ ਵਸੇ ਉਨ੍ਹਾਂ 'ਚੋਂ ਜ਼ਿਆਦਾਤਰ ਪੰਜਾਬੀ ਭਾਸ਼ਾ ਬੋਲਣ ਵਾਲੇ ਸਨ। ਉਨ੍ਹਾਂ ਕਿਹਾ ਕਿ ਇਹ ਦੁੱਖ ਦੀ ਗੱਲ ਹੈ ਕਿ 2 ਸਤੰਬਰ 2020 ਨੂੰ ਪ੍ਰਵਾਨ ਕੀਤੇ ਗਏ ਜੰਮੂ ਕਸ਼ਮੀਰ ਭਾਸ਼ਾ ਬਿੱਲ 'ਚੋਂ ਪੰਜਾਬੀ ਭਾਸ਼ਾ ਨੂੰ ਬਾਹਰ ਕੱਢ ਕੇ ਸਿਰਫ਼ ਉਰਦੂ, ਕਸ਼ਮੀਰੀ, ਡੋਗਰੀ, ਹਿੰਦੀ ਤੇ ਅੰਗਰੇਜ਼ੀ ਨੂੰ ਸਰਕਾਰੀ ਭਾਸ਼ਾਵਾਂ ਵਜੋਂ ਮਨਜ਼ੂਰੀ ਦਿੱਤੀ ਗਈ ਹੈ।

ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬੀ ਭਾਸ਼ਾ ਨੂੰ ਜੰਮੂ ਕਸ਼ਮੀਰ 'ਚ ਅਧਿਕਾਰਤ ਭਾਸ਼ਾ ਦਾ ਦਰਜਾ ਦਿੱਤਾ ਜਾਵੇ ਤੇ ਸੂਬੇ 'ਚ ਪੰਜਾਬੀ ਭਾਸ਼ਾ ਨਾਲ ਹੋ ਰਿਹਾ ਵਿਤਕਰਾ ਬੰਦ ਕੀਤਾ ਜਾਵੇ।

ਰਾਜ ਸਭਾ ਵਿਚ ਬੁੱਧਵਾਰ ਨੂੰ ਪੰਜਾਬੀ ਨੂੰ ਜੰਮੂ-ਕਸ਼ਮੀਰ ਦੀ ਸਰਕਾਰੀ ਭਾਸ਼ਾ ਵਿੱਚ ਸ਼ਾਮਲ ਕਰਨ ਦੀ ਮੰਗ ਕੀਤੀ ਗਈ। ਇਸ ਮੁੱਦੇ ਨੂੰ ਉਠਾਉਂਦਿਆਂ ਸਿਰਫ ਕਾਲ ਦੌਰਾਨ ਕਾਂਗਰਸ ਦੇ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਕਸ਼ਮੀਰ ਅਤੇ ਪੰਜਾਬ ਦਾ ਬਹੁਤ ਗੂੜ੍ਹਾ ਰਿਸ਼ਤਾ ਹੈ ਅਤੇ ਉਥੇ ਵੱਡੀ ਗਿਣਤੀ ਵਿੱਚ ਲੋਕ ਪੰਜਾਬੀ ਬੋਲੀ ਬੋਲਦੇ ਹਨ। ਉਨ੍ਹਾਂ ਕਿਹਾ ਕਿ ਜੰਮੂ-ਕਸ਼ਮੀਰ ਦੀ ਸਰਕਾਰੀ ਭਾਸ਼ਾ ਦੀ ਸੂਚੀ ਵਿਚ ਪੰਜਾਬੀ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ, ਨਹੀਂ ਤਾਂ ਘੱਟ ਗਿਣਤੀਆਂ ਵਿਚ ਅਸੰਤੁਸ਼ਟੀ ਹੋਰ ਵਧੇਗੀ। ਸ਼੍ਰੋਮਣੀ ਅਕਾਲੀ ਦਲ ਦੇ ਬਲਵਿੰਦਰ ਸਿੰਘ ਭੂੰਦੜ ਨੇ ਵੀ ਇਹ ਮੁੱਦਾ ਚੁੱਕਿਆ। ਉਨ੍ਹਾਂ ਕਿਹਾ ਕਿ ਪੰਜਾਬੀ ਨੂੰ ਸਰਕਾਰੀ ਭਾਸ਼ਾ ਦੀ ਸੂਚੀ ਤੋਂ ਬਾਹਰ ਰੱਖਣ ਦਾ ਫੈਸਲਾ ਬਹੁਤ ਦੁਖਦਾਈ ਹੈ। ਵਿਦੇਸ਼ਾਂ ਵਿੱਚ ਵੀ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਘੱਟ ਨਹੀਂ ਹੈ। 2 ਸਤੰਬਰ ਨੂੰ ਕੇਂਦਰੀ ਮੰਤਰੀ ਮੰਡਲ ਨੇ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ ਜਿਸ ਤਹਿਤ ਕਸ਼ਮੀਰੀ, ਡੋਗਰੀ ਅਤੇ ਹਿੰਦੀ ਜੰਮੂ-ਕਸ਼ਮੀਰ ਦੀਆਂ ਅਧਿਕਾਰਤ ਭਾਸ਼ਾਵਾਂ ਹੋਣਗੀਆਂ। ਉਰਦੂ ਅਤੇ ਅੰਗਰੇਜ਼ੀ ਪਹਿਲਾਂ ਹੀ ਸਰਕਾਰੀ ਭਾਸ਼ਾਵਾਂ ਹਨ ਪਰ ਪੰਜਾਬੀ ਨੂੰ ਬਾਹਰ ਕਰ ਦਿੱਤਾ।

# ਨਕੋਦਰ ਸਾਕੇ ਦੇ ਦੋਸ਼ੀ ਦਰਬਾਰਾ ਸਿੰਘ ਗੁਰੂ ਨੂੰ ਮੁੱਖ ਸਕੱਤਰ ਲਾ ਕੇ ਇਕ ਹੋਰ ਗੁਨਾਹ ਕਰਨ ਲੱਗੀ ਹੈ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਆਪਣੀਆਂ ਪ੍ਰਬੰਧਕੀ ਊਣਤਾਈਆਂ ਕਾਰਨ ਅਤੇ ਸਿੱਖ ਸਿਧਾਂਤ ਵਿਰੋਧੀ ਫੈਂਸਲੇ ਲੈਣ ਕਰਕੇ ਪਹਿਲਾਂ ਹੀ ਸਿੱਖ ਸੰਗਤਾਂ ਦੇ ਰੋਹ ਦਾ ਸਾਹਮਣਾ ਕਰ ਰਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਕ ਹੋਰ ਫੈਂਸਲਾ ਅਜਿਹਾ ਲੈਣ ਜਾ ਰਹੀ ਹੈ ਜੋ ਸਿੱਖਾਂ ਵਿਚ ਕਮੇਟੀ ਖਿਲਾਫ ਰੋਹ ਨੂੰ ਹੋਰ ਭੜਕਾ ਦਵੇਗਾ। ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਮੁਤਾਬਕ ਸ਼੍ਰੋਮਣੀ ਕਮੇਟੀ ਦੇ ਖਾਲੀ ਪਏ ਮੁੱਖ ਸਕੱਤਰ ਦੇ ਅਹੁਦੇ ਲਈ ਨਕੋਦਰ ਸਾਕੇ ਦੇ ਦੋਸ਼ੀਆਂ ਵਿਚੋਂ ਇਕ ਬਾਦਲ ਦਲ ਦੇ ਆਗੂ ਦਰਬਾਰਾ ਸਿੰਘ ਗੁਰੂ ਨੂੰ ਨਿਯੁਕਤ ਕੀਤਾ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਦਰਬਾਰਾ ਸਿੰਘ ਗੁਰੂ 'ਤੇ ਵੱਡਾ ਇਲਜ਼ਾਮ ਲਗਦਾ ਹੈ ਕਿ ਫਰਵਰੀ 1986 ਵਿਚ ਨਕੋਦਰ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਖਿਲਾਫ ਰੋਸ ਪ੍ਰਗਟ ਕਰ ਰਹੀਆਂ ਸਿੱਖ ਸੰਗਤਾਂ 'ਤੇ ਪੁਲਿਸ ਵੱਲੋਂ ਚਲਾਈ ਗੋਲੀ ਵਿਚ ਸ਼ਹੀਦ ਹੋਏ ਚਾਰ ਸਿੱਖ ਨੌਜਵਾਨਾਂ ਦੀਆਂ ਮ੍ਰਿਤਕ ਦੇਹਾਂ ਦੇ ਪੋਸਟਮਾਰਟਮ ਦੀ ਪਰਵਾਨਗੀ ਉਸ ਸਮੇਂ ਐਕਟਿੰਗ ਜ਼ਿਲ੍ਹਾ ਮੈਜਿਸਟਰੇਟ ਦੇ ਅਹੁਦੇ 'ਤੇ ਤੈਨਾਤ ਦਰਬਾਰਾ ਸਿੰਘ ਗੁਰੂ ਨੇ ਦਿੱਤੀ ਸੀ ਜਿਸ ਮਗਰੋਂ ਦਰਬਾਰਾ ਸਿੰਘ ਗੁਰੂ ਦੀ ਅਗਵਾਈ ਵਿਚ ਪ੍ਰਸ਼ਾਸਨ ਨੇ ਸਿੱਖ ਨੌਜਵਾਨਾਂ ਦੀਆਂ ਮ੍ਰਿਤਕ ਦੇਹਾਂ ਦਾ ਬਿਨ੍ਹਾਂ ਪਰਿਵਾਰਾਂ ਨੂੰ ਵਖਾਇਆਂ ਇਕੋ ਅੰਗੀਠੇ 'ਤੇ ਸੰਸਕਾਰ ਕਰ ਦਿੱਤਾ ਸੀ।

ਜਿਵੇਂ ਬਾਦਲ ਦਲ ਨੇ ਪਿਛਲੇ ਸਾਲਾਂ ਦੌਰਾਨ ਸਿੱਖ ਕਤਲੇਆਮ ਵਿਚ ਸ਼ਾਮਲ ਰਹੇ ਸੁਮੇਧ ਸੈਣੀ, ਇਜ਼ਹਾਰ ਆਲਮ ਵਰਗੇ ਪੁਲਸ ਅਫਸਰਾਂ ਨੂੰ ਆਪਣੀ ਪਾਰਟੀ ਵਿਚ ਅਹੁਦੇਦਾਰੀਆਂ ਦਿੱਤੀਆਂ, ਉਸੇ ਤਰ੍ਹਾਂ ਦਰਬਾਰਾ ਸਿੰਘ ਗੁਰੂ ਨੂੰ ਵੀ ਬਾਦਲ ਦਲ ਨੇ ਖਾਸ ਅਹੁਦੇਦਾਰੀਆਂ ਦੇ ਕੇ ਸਨਮਾਨਿਤ ਕੀਤਾ। ਦਰਬਾਰਾ ਸਿੰਘ ਗੁਰੂ




ਨੂੰ ਬਾਦਲ ਦਲ ਨੇ ਸ਼ਹੀਦਾਂ ਦੀ ਧਰਤੀ ਫਤਹਿਗੜ੍ਹ ਸਾਹਿਬ ਤੋਂ ਵਿਧਾਇਕ ਦੀ ਚੋਣ ਲੜਵਾਈ ਸੀ ਪਰ ਉਸਨੂੰ ਜਿੱਤ ਨਸੀਬ ਨਾ ਹੋਈ। ਹੁਣ ਜਦੋਂ ਸ਼੍ਰੋਮਣੀ ਕਮੇਟੀ ਦਾ ਅਕਸ ਸਿੱਖ ਜਗਤ ਵਿਚ ਬਹੁਤ ਬਦਨਾਮ ਹੋ ਚੁੱਕਿਆ ਹੈ ਅਤੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਦਾ ਅਹੁਦਾ 27 ਅਗਸਤ ਤੋਂ ਖਾਲੀ ਪਿਆ ਹੈ ਤਾਂ ਦਰਬਾਰਾ ਸਿੰਘ ਗੁਰੂ ਨੂੰ ਇਸ ਅਹੁਦੇ 'ਤੇ ਲਾਉਣ ਦੀ ਪੂਰੀ ਤਿਆਰੀ ਹੋ ਚੁੱਕੀ ਹੈ। ਬਾਦਲ ਪਰਿਵਾਰ ਵੱਲੋਂ ਵੀ ਇਸ ਲਈ ਹਾਮੀ ਭਰ ਦਿੱਤੀ ਗਈ ਹੈ।

ਯਾਦ ਕਰਵਾ ਦਈਏ ਕਿ 2 ਫਰਵਰੀ 1986 ਨੂੰ ਸਿੱਖ ਵਿਰੋਧੀ ਅਨਸਰਾਂ ਨੇਂ ਗੁਰਦਵਾਰਾ ਸ਼੍ਰੀ ਗੁਰੂ ਅਰਜਨ ਦੇਵ ਨਕੋਦਰ ਸ਼ਹਿਰ ਵਿਖੇ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ 5 ਸਰੂਪਾਂ ਨੂੰ ਅੱਗ ਲਗਾ ਕੇ ਬੇਅਦਬੀ ਕੀਤੀ ਸੀ। 4 ਫਰਵਰੀ 1986 ਨੂੰ ਸਿੱਖ ਸੰਗਤ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੈਂਬਰ ਨਕੋਦਰ ਸ਼ਹਿਰ ਵਿੱਚ ਇਕੱਤਰ ਹੋਏ ਸਨ।

**ਬਾਕੀ ਸਫ਼ਾ 27 'ਤੇ**

ਮਰਦਮਸ਼ੁਮਾਰੀ CALIFORNIA ALL 2020

# ਅੱਜ ਹੀ ਮਰਦਮਸ਼ੁਮਾਰੀ ਨੂੰ ਪੂਰਾ ਕਰੋ

CENSUS 2020 BE COUNTED, CALIFORNIA

ਮਰਦਮਸ਼ੁਮਾਰੀ ਨੌਂ ਸਵਾਲਾਂ ਵਾਲਾ ਇੱਕ ਸਾਧਾਰਨ ਸਰਵੇਖਣ ਹੁੰਦਾ ਹੈ ਜੋ ਕਿ ਹਰ ਦਸ ਸਾਲਾਂ ਬਾਅਦ ਕੀਤਾ ਜਾਂਦਾ ਹੈ ਅਤੇ ਮਹੱਤਵਪੂਰਨ ਭਾਈਚਾਰਾ ਸੇਵਾਵਾਂ ਲਈ ਫੈਡਰਲ ਫੰਡ ਵਿੱਤ ਨਿਰਧਾਰਤ ਕਰਦਾ ਹੈ।

ਮਰਦਮਸ਼ੁਮਾਰੀ ਇਹ ਇਹ ਨਿਸ਼ਚਿਤ ਕਰਨ ਵਿਚ ਮਦਦ ਕਰੇਗੀ ਕਿ ਸਾਡੇ ਪਰਿਵਾਰਾਂ ਤੱਕ ਕਿੰਨੇ ਅਰਬਾਂ ਡਾਲਰ ਪਹੁੰਚਾਏ ਜਾਣਗੇ।

ਮੈਡੀਕਲ ਕੇਅਰ

ਬੱਚਿਆਂ ਦਾ ਭੋਜਨ ਸਹਾਇਤਾ

ਸਕੂਲ ਅਤੇ ਹਾਊਸਿੰਗ

ਕਈ ਕੰਪਨੀਆਂ ਇਹ ਫ਼ੈਸਲਾ ਲੈਣ ਲਈ ਮਰਦਮਸ਼ੁਮਾਰੀ ਦੀ ਜਾਂਚ ਕਰਦੀਆਂ ਹਨ ਕਿ ਕਿਸ ਜਗ੍ਹਾ ਅਜਿਹੇ ਨਵੇਂ ਕਾਰੋਬਾਰ ਖੋਲ੍ਹੇ ਜਾਣ ਜੋ ਸਥਾਨਕ ਭਾਈਚਾਰਿਆਂ ਵਿੱਚ ਰੁਜ਼ਗਾਰ ਪੈਦਾ ਕਰਨ ਵਿੱਚ ਮਦਦ ਕਰਦੇ ਹਨ।

## ਕੈਲੀਫੋਰਨੀਆ ਕੋਲ ਜਵਾਬ ਦੇਣ ਦੇ ਤਿੰਨ ਵਿਕਲਪ ਹੋਣਗੇ

ਆਨਲਾਈਨ
my2020census.gov

ਫੋਨ ਦੁਆਰਾ
844-330-2020

ਡਾਕ ਰਾਹੀਂ
ਅੱਜ ਹੀ ਮਰਦਮਸ਼ੁਮਾਰੀ ਨੂੰ ਪੂਰਾ!

ਹਰ ਕਿਸੇ ਲਈ ਮਰਦਮਸ਼ੁਮਾਰੀ ਦਾ ਜਵਾਬ ਦੇਣਾ ਲਾਜ਼ਮੀ ਹੈ। ਸਾਰੇ ਕੈਲੀਫੋਰਨੀਆ ਵਾਸੀਆਂ ਦੇ ਕੁੱਝ ਮੁੱਢਲੇ ਅਧਿਕਾਰ ਹੁੰਦੇ ਹਨ ਅਤੇ ਹਰ ਭਾਈਚਾਰੇ ਦਾ ਅਧਿਕਾਰ ਹੈ ਕਿ ਮਹੁੱਤਵਪੂਰਨ ਭਾਈਚਾਰਾ ਸੇਵਾਵਾਂ ਮਿਲਣ।

ਹਰੇਕ ਵਿਅਕਤੀ ਲਈ ਆਪਣੇ ਮਰਦਮਸ਼ੁਮਾਰੀ ਫਾਰਮ ਨੂੰ ਪੂਰਾ ਕਰਨਾ ਮਹੱਤਲਪੂਰਨ ਹੈ ਅਤੇ ਸਤੰਬਰ 30 ਤੋਂ ਪਹਿਲਾਂ ਪੂਰਾ ਕਰੋ।

ਕਾਨੂੰਨ ਅਨੁਸਾਰ ਤੁਹਾਡੇ ਸਾਰੇ ਜਵਾਬ ਗੁਪਤ ਰੱਖੇ ਜਾਂਦੇ ਹਨ।

CaliforniaCensus.org

@CACensus

# ਸੰਘਰਸ਼ੀਲ ਸਿੱਖਾਂ ਦੀਆਂ ਪੰਜਾਬ 'ਚ ਜਾਇਦਾਦਾਂ ਕੁਰਕ ਕਰਨਾ ਭਾਰਤੀ ਹਕੂਮਤ ਦੀ ਬੁਖਲਾਹਟ ਦੀ ਨਿਸ਼ਾਨੀ

ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਅਤੇ ਅਮੈਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਾਇਦਾਦਾਂ ਕੁਰਕ ਕਰਨ ਦਾ ਕੀਤਾ ਡਟਵਾਂ ਵਿਰੋਧ

ਨਿਊਯਾਰਕ (ਬਲਵਿੰਦਰਪਾਲ ਸਿੰਘ ਖ਼ਾਲਸਾ): ਇਤਿਹਾਸ ਗਵਾਹ ਹੈ ਕਿ ਸਿੱਖ ਕੌਮ ਹਮੇਸ਼ਾ ਜ਼ਬਰ ਦਾ ਸਬਰ ਨਾਲ ਵਿਰੋਧ ਕਰਦੀ ਆਈ ਹੈ, ਹੁਕਮਰਾਨ ਜ਼ਾਲਮਾਂ ਨੇ ਜਦੋਂ ਕਦੇ ਵੀ ਸਿੱਖਾਂ ਦੇ ਘਰ-ਬਾਰ ਉਜਾੜੇ ਸਿੱਖਾਂ ਦੇ ਰੁਜ਼ਗਾਰ ਖੋਹਣ ਦੀਆਂ ਕੋਸ਼ਿਸ਼ਾਂ ਕੀਤੀਆਂ ਤਾਂ ਸਿੱਖ ਕੌਮੀ ਮਰਜੀਵੜਿਆਂ ਨੇ ਮੰਨੂੰ ਵਰਗਿਆਂ ਨੂੰ ਜਵਾਬ ਦੇਣ ਲਈ ਕਹਾਵਤਾਂ ਬਣਾ ਲਈਆਂ, 'ਮੰਨੂੰ ਸਾਡੀ ਦਾਤਰੀ ਅਸੀਂ ਮੰਨੂੰ ਦੇ ਸੋਏ। ਉਹ ਜਿਉਂ ਜਿਉਂ ਸਾਨੂੰ ਵੱਢਦਾ ਅਸੀਂ ਦੂਣ ਸਵਾਏ ਹੋਏ'। ਭਾਰਤੀ ਮੋਦੀ ਹਕੂਮਤ ਅਤੇ ਦਿੱਲੀ ਤਖਤ ਦੇ ਪਿਆਦੇ ਕੈਪਟਨ ਅਮਰਿੰਦਰ ਸਿੰਘ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਜ਼ਕਰੀਆ ਖਾਨ ਨੇ ਸਿੱਖਾਂ ਦੇ ਘਰ ਉਜਾੜ ਕੇ ਸਿੱਖਾਂ ਦੇ ਖਤਮ ਹੋਣ ਦਾ ਢੰਡੋਰਾ ਪਿਟਵਾ ਦਿੱਤਾ ਸੀ ਪਰ ਅੱਜ ਉਸ ਹੀ ਖ਼ਾਲਸਾ ਰਾਜ ਦੇਸ਼ ਪੰਜਾਬ ਦੀ ਧਰਤੀ ਉਪਰ ਖ਼ਾਲਸੇ ਦੀ ਚੜਦੀ ਕਲਾ ਦੇ ਨਿਸ਼ਾਨ ਸਾਹਿਬ ਪੂਰੀ ਚੜਦੀ ਕਲਾ ਨਾਲ ਝੂਲਦੇ ਹਨ, ਜਿਸ ਕਿਸੇ ਨੇ ਵੀ ਸਿੱਖ ਪੰਥ ਨਾਲ ਮੱਥਾ ਲਾਇਆ ਹੈ, ਉਸ ਦਾ ਨਿਸ਼ਾਨ ਇਸ ਧਰਤੀ ਉਪਰ ਨਹੀਂ ਰਿਹਾ ਹੈ।

ਮੌਜੂਦਾ ਸਮੇਂ ਭਾਰਤੀ ਹਕੂਮਤ ਦੀ ਦਹਿਸ਼ਤ ਗਰਦੀ ਦੇ ਖਿਲਾਫ਼ ਖ਼ਾਲਸਾ ਪੰਥ ਪੂਰੇ ਸੰਸਾਰ ਵਿਚ ਅਜ਼ਾਦੀ ਦੀ ਲੜਾਈ ਲੜਨ ਲਈ ਇੱਕਮੁੱਠ ਹੋ ਰਿਹਾ ਹੈ। ਭਾਰਤੀ ਕਾਨੂੰਨ ਦੇ ਝੂਠੇ ਹੱਥ ਅੰਤਰਰਾਸ਼ਟਰੀ ਕਾਨੂੰਨ ਦੇ ਮੋਹਰੇ ਲਾਚਾਰ ਦਿਖਾਈ ਦੇ ਰਹੇ ਹਨ, ਸਿੱਖ ਪੰਥ ਵਲੋਂ ਅੰਤਰਰਾਸ਼ਟਰੀ ਕਾਨੂੰਨ ਤਹਿਤ ਪੰਜਾਬ ਨੂੰ ਭਾਰਤੀ ਕਬਜ਼ੇ ਵਿਚੋਂ ਅਜ਼ਾਦ ਕਰਵਾਉਣ ਦਾ ਬਿਗੁਲ ਵਜਾ ਦਿੱਤਾ ਹੈ ਜਿਸ ਦੀ ਬੁਖਲਾਹਟ ਵਿਚ ਆਈ ਭਾਰਤੀ ਸਟੇਟ ਦੇ ਗੁਲਾਮ ਕਹਿੰਦੇ ਕੈਪਟਨ ਅਮਰਿੰਦਰ ਵਲੋਂ ਸਿੱਖ ਨੌਜਵਾਨਾਂ ਉਪਰ ਆਏ ਦਿਨ ਝੂਠੇ ਕੇਸ ਪਾ ਕੇ ਯੂ.ਏ.ਪੀ. ਜਿਹੇ ਕਾਲੇ ਕਾਨੂੰਨ ਦੀਆਂ ਧਾਰਾਵਾਂ ਲਾਈਆਂ ਜਾਂਦੀਆਂ ਹਨ ਅਤੇ ਸਿੱਖਾਂ ਨੂੰ ਜੇਲਾਂ ਵਿਚ ਡੱਕਿਆ ਜਾ ਰਿਹਾ ਹੈ ਤੇ ਅੰਨਾ ਤਸ਼ੱਦਦ ਕੀਤਾ ਜਾ ਰਿਹਾ ਹੈ।

ਵਿਦੇਸ਼ਾਂ ਵਿਚੋਂ ਭਾਰਤੀ ਸਟੇਟ ਦੇ ਜ਼ੁਲਮ ਖਿਲਾਫ਼ ਉਠ ਰਹੀ ਅਵਾਜ਼ ਨੇ ਭਾਰਤੀ ਸਟੇਟ ਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ ਹੈ, ਵਿਦੇਸ਼ੀ ਸਿੱਖਾਂ ਦੀ ਏਕਤਾ ਨੇ ਪਿਛਲੇ ਲੰਬੇ ਸਮੇਂ ਤੋਂ ਭਾਰਤੀ ਅਖੌਤੀ ਲੀਡਰਾਂ ਦਾ ਬਾਈਕਾਟ ਕੀਤਾ ਹੋਇਆ ਹੈ। ਸਿੱਖਾਂ ਵਲੋਂ ਅਜ਼ਾਦੀ ਦੀ ਅਰੰਭੀ ਮੁਹਿੰਮ ਨੇ ਭਾਰਤੀ ਸਟੇਟ ਨੂੰ ਦੁਨੀਆਂ ਦੀ ਕਚਹਿਰੀ ਵਿਚ ਜਵਾਬਦੇਹ ਬਣਾਇਆ ਹੈ।

ਸਿੱਖ ਯੋਧਿਆਂ ਦੀਆਂ ਜ਼ਮੀਨਾਂ ਜਾਇਦਾਦਾਂ ਜ਼ਬਤ ਕਰਨੀਆਂ ਕੋਈ ਭਾਰਤੀ ਸਟੇਟ ਦਾ ਪਹਿਲਾ ਕੰਮ ਨਹੀਂ ਹੈ। ਵੱਡੀ ਗਿਣਤੀ ਸਿੱਖ ਨੌਜਵਾਨਾਂ ਨੂੰ ਭਾਰਤੀ ਹਕੂਮਤ ਵਲੋਂ ਬੇਘਰੇ ਕੀਤਾ ਜਾ ਚੁੱਕਾ ਹੈ। ਜਥੇਦਾਰ ਜਗਤਾਰ ਸਿੰਘ ਹਵਾਰਾ ਉਪਰ ਭਾਰਤੀ ਦਹਿਸ਼ਤਗਰਦ ਹਕੂਮਤ ਵਲੋਂ ਕੀਤੇ ਜਾ ਰਹੇ ਤਸ਼ੱਦਦ ਕਿਸੇ ਤੋਂ ਲੁਕੇ ਛੁਪੇ ਨਹੀਂ ਹੋਏ।

ਭਾਈ ਗਜਿੰਦਰ ਸਿੰਘ, ਜਥੇਦਾਰ ਵਧਾਵਾ ਸਿੰਘ, ਭਾਈ ਪਰਮਜੀਤ ਸਿੰਘ ਪੰਜਵੜ ਅਤੇ ਹੋਰ ਅਨੇਕਾਂ ਸਿੰਘਾਂ ਨੇ, ਸੰਘਰਸ਼ਸ਼ੀਲ ਯੋਧਿਆਂ ਨੇ ਆਪਣੇ ਕਾਰੋਬਾਰ ਜਮੀਨਾਂ ਕੌਮੀ ਸੰਘਰਸ਼ ਪੰਥਕ ਸੇਵਾ ਲਈ ਕੁਰਬਾਨ ਕੀਤੀਆਂ ਹਨ।

ਅੱਜ ਕਲਮ ਦੀ ਜੰਗ ਹਾਰਦੇ ਹੋਏ ਭਾਰਤ ਵਲੋਂ ਸਿੱਖਜ਼ ਫਾਰ ਜਸਟਿਸ ਤੋਂ ਗੁਰਪਤਵੰਤ ਸਿੰਘ ਪੰਨੂੰ ਅਤੇ ਕੈਨੇਡਾ ਤੋਂ ਸਿੱਖ ਨੌਜਵਾਨ ਹਰਦੀਪ ਸਿੰਘ ਨਿੱਝਰ ਦੀ ਪੰਜਾਬ ਵਿਚ ਜਮੀਨ-ਜਾਇਦਾਦ ਨੂੰ ਕੁਰਕ ਕਰਕੇ ਖੁਦ ਕੈਪਟਨ ਅਮਰਿੰਦਰ ਨੇ ਆਪਣੇ ਮੂੰਹ ਉਪਰ ਆਪ ਕਾਲਖ ਮਲਣ ਵਾਲੀ ਗੱਲ ਕੀਤੀ ਹੈ।

ਸਿੱਖ ਪੰਥ ਅੱਜ ਬਾਖੂਬੀ ਇਹ ਜਾਣਦਾ ਹੈ ਕਿ ਸਾਰੇ ਪੰਜਾਬ ਦੀ ਧਰਤੀ ਭਾਰਤੀ ਕਬਜੇ ਥੱਲੇ ਹੈ ਜਿਸ ਨੂੰ ਅਜ਼ਾਦ ਕਰਵਾਉਣ ਲਈ ਸਿੱਖ ਪੰਥ ਵਲੋਂ ਜੱਦੋ ਜਹਿਦ ਜਾਰੀ ਹੈ ਅਤੇ ਸਮੁੱਚੀ ਹੀ ਕੌਮ ਸੰਘਰਸ਼ਸ਼ੀਲ ਸਿੱਖਾਂ ਦੇ ਮੋਢੇ ਨਾਲ ਮੋਢਾ ਲਾ ਕੇ ਖੜੀ ਹੈ।

ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਯੂ.ਐਸ.ਏ. ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਭਾਰਤੀ ਹਕੂਮਤ ਦੇ ਇਸ ਕਾਇਰਤਾ ਭਰਪੂਰ ਕਾਰਨਾਮੇ ਦੀ ਪੁਰਜ਼ੋਰ ਨਿੰਦਿਆ ਕਰਦੀ ਹੈ ਅਤੇ ਸਮੁੱਖੀ ਸਿੱਖ ਕੌਮ ਨੂੰ ਸ਼ਾਂਤਮਈ ਸੰਘਰਸ਼ ਨੂੰ ਜਾਰੀ ਰੱਖਣ ਲਈ ਅਪੀਲ ਕਰਦੀ ਹੈ।

**ਜਾਰੀ ਕਰਤਾ :**
**ਹਿੰਮਤ ਸਿੰਘ ਕੋਆਰਡੀਨੇਟਰ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ**
**ਡਾ. ਪ੍ਰਿਤਪਾਲ ਸਿੰਘ ਕੋਆਰਡੀਨੇਟਰ ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ**

# ਸਿਆਟਲ ਦੇ ਮੈਰੀਜਵੈਲ ਗੁਰਦੁਆਰਾ ਵਿਚ ਕਰੋਨਾ ਮਹਾਂਮਾਰੀ ਬੀਮਾਰੀ ਦੀ ਰੋਕਥਾਮ ਲਈ ਅਰਦਾਸ




**ਸਿਆਟਲ, (ਗੁਰਚਰਨ ਸਿੰਘ ਢਿੱਲੋਂ):** ਗੁਰੂ ਨਾਨਕ ਸਿੱਖ ਟੈਂਪਲ ਮੈਰੀਜ਼ਵੈਲ ਵਿਚ ਕਰੋਨਾ ਮਹਾਂਮਾਰੀ ਵਰਗੀ ਭਿਆਨਕ ਬੀਮਾਰੀ ਦੀ ਰੋਕਥਾਮ ਅਤੇ ਮਨੁੱਖਤਾ ਦੇ ਭਲੇ ਲਈ ਲਗਾਤਾਰ ਖੁੱਲੇ ਪਾਠ ਚੱਲ ਰਹੇ ਹਨ ਜਿੱਥੇ ਹਫ਼ਤਾਵਰੀ ਧਾਰਮਿਕ ਦੀਵਾਨ ਸਜਾਏ ਗਏ। ਇਸ ਮੌਕੇ ਗੁਰੂ ਘਰ ਦੇ ਕੀਰਤਨੀ ਜਥੇ ਭਾਈ ਸੋਹਣ ਸਿੰਘ ਅਰਸ਼ ਚੰਡੀਗੜ ਵਾਲੇ ਅਤੇ ਭਾਈ ਰੂਮਾਲ ਸਿੰਘ ਨੇ ਰਸਭਿੰਨਾ ਕੀਰਤਨ ਕਰਕੇ ਗੁਰੂ ਦਾ ਜਸ ਗਾਇਨ ਕੀਤਾ। ਸਟੇਜ ਸਕੱਤਰ ਗੁਰਵਿੰਦਰ ਸਿੰਘ 'ਰਿੱਪੀ ਧਾਲੀਵਾਲ' ਅਤੇ ਮੁੱਖ ਸੇਵਾਦਾਰ ਬਲਬੀਰ ਸਿੰਘ ਓਸਮਾਨਪੁਰ ਨੇ ਆਈ ਸੰਗਤ ਦਾ ਧੰਨਵਾਦ ਕੀਤਾ ਅਤੇ ਕਰੋਨਾ ਮਹਾਂਮਾਰੀ ਦੇ ਬਚਾਓ ਲਈ ਅਰਦਾਸ ਕੀਤੀ। ਇਸ ਮੌਕੇ ਕਰਨਲ ਹਰਦਿਆਲ ਸਿੰਘ ਵਿਰਕ ਦੇ ਸਤਿਕਾਰਯੋਗ ਮਾਤਾ ਜੀ ਸੁਖਦੇਵ ਕੌਰ (97) ਦੀ ਮਿੱਠੀ ਪਿਆਰੀ ਯਾਦ ਮਨਾਉਂਦਿਆਂ ਖੁੱਲੇ ਪਾਠ ਦੇ ਭੋਗ ਪਾਏ ਗਏ। ਇਸ ਸਬੰਧ ਵਿਚ ਲੰਗਰਾਂ ਦੀ ਸੇਵਾ ਡਾ. ਬੌਬੀ ਵਿਰਕ ਤੇ ਡਾ. ਨਵਦੀਪ ਸਿੰਘ ਬੰਨੀ ਸਪੋਕੇਨ ਨੇ ਬੜੀ ਸ਼ਰਧਾਂ ਅਤੇ ਉਤਸ਼ਾਹ ਨਾਲ ਨਿਭਾਈ।

# ਸਿਆਟਲ ਵਿਚ ਸਾਰਾਗੜ੍ਹੀ ਜੰਗ ਦੇ 21 ਸਿੱਖਾਂ ਦੀ ਬਹਾਦਰੀ ਨੂੰ ਪ੍ਰਣਾਮ ਅਤੇ ਸ਼ਰਧਾਂਜਲੀ ਦਿਵਸ ਮਨਾਇਆ




**ਸਿਆਟਲ, (ਗੁਰਚਰਨ ਸਿੰਘ ਢਿੱਲੋਂ):** 12 ਸਤੰਬਰ 1897 ਨੂੰ ਸਾਰਾਗੜ੍ਹੀ ਜੰਗ ਵਿਚ ਬ੍ਰਿਟਿਸ਼ ਰਾਜ ਦੀ 36 ਰੇਂਜ ਦੇ 21 ਸਿੱਖਾਂ ਨੇ 600 ਅਫ਼ਗਾਨੀ ਫੌਜਾਂ ਨੂੰ ਮਾਰ ਮੁਕਾਇਆ ਅਤੇ 10,000 ਅਫ਼ਗਾਨੀ ਫੌਜਾਂ ਦਾ ਮੁਕਾਬਲਾ ਕਰਦੇ ਹੋਏ ਸ਼ਹੀਦ ਹੋ ਗਏ ਅਤੇ ਜਿੱਤ ਹਾਸਲ ਕੀਤੀ, ਜਿਨਾਂ ਨੂੰ ਮਰਨ ਉਪਰੰਤ ਬ੍ਰਿਟਿਸ਼ ਸੰਸਦ ਵਿਚ ਬਹਾਦਰੀ ਖਿਤਾਬ ਨਾਲ ਸਨਮਾਨਤ ਕੀਤਾ ਗਿਆ। 21 ਸਿੰਘਾਂ ਵਿਚ ਸਿਆਟਲ ਦੇ ਬਲਰਾਜ ਸਿੰਘ ਸੰਧੂ ਦੇ ਪੜਦਾਦਾ ਜੀ ਨਾਇਕ ਲਾਲ ਸਿੰਘ ਸ਼ਾਮਲ ਸਨ। ਬਲਰਾਜ ਸਿੰਘ ਸੰਧੂ ਤੇ ਉਨਾਂ ਦੇ ਸਪੁੱਤਰ ਜਗਦੇਵ ਸਿੰਘ ਸੰਧੂ ਪਰਿਵਾਰ ਵਲੋਂ ਹਰੇਕ ਸਾਲ ਦੀ ਤਰਾਂ ਖੁੱਲੇ ਪਾਠ ਰਖਵਾ ਕੇ ਐਤਵਾਰ ਹਫ਼ਤਾਵਾਰੀ ਧਾਰਮਿਕ ਸਮਾਗਮ ਆਯੋਜਿਤ ਕੀਤੇ ਗਏ, ਜਿੱਥੇ ਗੁਰੂਘਰ ਦੇ ਕੀਰਤਨ ਜਥੇ ਭਾਈ ਕੁਲਵਿੰਦਰ ਸਿੰਘ, ਭਾਈ ਮੋਹਣ ਸਿੰਘ ਅਤੇ ਭਾਈ ਮਨਿੰਦਰ ਸਿੰਘ ਨੇ ਰਸਭਿੰਨਾ ਕੀਰਤਨ ਕਰਕੇ ਗੁਰੂ ਦਾ ਜਸ ਗਾਇਨ ਕੀਤਾ। ਸਟੇਜ ਤੋਂ ਹਰਸ਼ਿੰਦਰ ਸਿੰਘ ਸੰਧੂ ਨੇ 21 ਸਿੰਘਾਂ ਨੂੰ ਸ਼ਰਧਾਂਜਲੀ ਦਿੱਤੀ। ਨਾਇਕ ਲਾਲ ਸਿੰਘ ਦੇ ਵਾਰਸਾਂ ਬਲਰਾਜ ਸਿੰਘ ਸੰਧੂ ਨੂੰ ਗੁਰਦੁਆਰੇ ਵਲੋਂ ਸਿਰਪਾਓ ਦੇ ਕੇ ਨਿਵਾਜਿਆ ਗਿਆ। ਪਰਿਵਾਰ ਵਲੋਂ ਸ਼ਰਧਾ ਤੇ ਉਤਸ਼ਾਹ ਨਾਲ ਗੁਰੂਘਰ ਸੇਵਾ ਕਰਨ ਦੀ ਸ਼ਲਾਘਾ ਕੀਤੀ।

# ਜੰਮੂ ਕਸ਼ਮੀਰ ਵਿੱਚ ਪੰਜਾਬੀ ਭਾਸ਼ਾ ਨਾਲ ਹੋਇਆ ਵਿਤਕਰਾ ਅਸਿਹ : ਸ. ਘੁੰਮਣ

**ਪੈਰਿਸ ਜਨੇਵਾ/ਏ.ਟੀ.ਨਿਊਜ਼:**

ਜੰਮੂ ਕਸ਼ਮੀਰ ਵਿੱਚ ਨਵੀਆਂ ਹੱਦਬੰਦੀਆਂ ਤੋਂ ਬਾਅਦ ਸਰਕਾਰੀ ਭਾਸ਼ਾਵਾਂ ਨੂੰ ਲਾਗੂ ਕਰਨ ਵੇਲੇ ਪੰਜਾਬੀ ਭਾਸ਼ਾ ਨੂੰ ਰਾਜ ਭਾਸ਼ਾ ਵਿਚ ਸ਼ਾਮਲ ਨਾ ਕਰਕੇ ਕੇਂਦਰ ਸਰਕਾਰ ਦੇ ਰੋਲ ਨੇ ਵਿਤਕਰੇ ਵਾਲੀ ਭਾਵਨਾ ਅਤੇ ਮਨਸ਼ਾ ਨੂੰ ਉਜਾਗਰ ਕੀਤਾ ਹੈ। ਇਸ ਖਿੱਤੇ ਵਿੱਚ ਪੰਜਾਬੀਆਂ ਦੀ ਵੱਡੀ ਗਿਣਤੀ ਹੈ। ਇਥੇ ਹੀ ਪਹਿਲਾਂ ਪੰਜਾਬੀ ਭਾਸ਼ਾ ਸਰਕਾਰੀ ਜੁਬਾਨ ਵਜੋਂ ਦਰਜ ਹੈ। ਜਿਸ ਦਾ ਸਖਤ ਰੋਸ ਜੰਮੂ ਕਸ਼ਮੀਰ ਦੇ ਪੰਜਾਬੀ ਭਾਈਚਾਰੇ ਵਿੱਚ ਵੇਖਿਆ ਜਾ ਰਿਹਾ ਹੈ। ਪੰਜਾਬ ਸਰਕਾਰ ਅਤੇ ਭਾਸ਼ਾ ਵਿਭਾਗ ਦੇ ਚਿੰਤਕਮੁਤਕ ਹੋ ਕੇ ਕੁੰਭਕਰਨੀ ਨੀਂਦ ਸੌਣਾ ਅਤੇ ਸਾਹਿਤ ਨਾਲ ਸਬੰਧਿਤ ਸਭਾਵਾਂ, ਬੁੱਧੀਜੀਵੀ, ਵਿਦਵਾਨ, ਪ੍ਰੋਫੈਸਰਾਂ ਦਾ ਅੱਗੇ ਆ ਕੇ ਪੰਜਾਬੀ ਜੁਬਾਨ ਲਈ ਯੋਗ ਕਰਵਾਈ ਲਈ ਸਰਕਾਰ ਅੱਗੇ ਰੋਸ ਤੱਕ ਦਰਜ ਨਾ ਕਰਵਾਉਣਾ ਅੱਤ ਚਿੰਤਾ ਦਾ ਪੱਖ ਹੈ। ਇਸ ਤੋਂ ਪਹਿਲਾ ਕੇਂਦਰ ਸ਼ਾਸ਼ਤ ਚੰਡੀਗੜ ਵਿੱਚ ਵੀ ਕੇਂਦਰੀ ਗ੍ਰਹਿ ਮੰਤਰੀ ਵਲੋਂ ਪੰਜਾਬੀ ਲਾਗੂ ਕਰਨ ਤੋ ਕੋਰੀ ਨਾਂਹ ਕਰ ਦਿੱਤੀ ਸੀ। ਇਸ ਤਰਾਂ ਸਦੀਆਂ ਪੁਰਾਣੀਆਂ ਭਾਸ਼ਾਵਾਂ ਨੂੰ ਖਤਮ ਕਰਨ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਦੁਨੀਆਂ ਵਿਚੋਂ ਅਲੋਪ ਹੋ ਰਹੀਆਂ ਪੁਰਾਣੀਆਂ ਵਿਰਾਸਤੀ, ਸਭਿਆਚਾਰਕ, ਭਾਸ਼ਾਵਾਂ ਨੂੰ ਸਾਂਭਣ ਲਈ ਸਬੰਧਿਤ ਹਰ ਯਤਨ ਕਰਨੇ ਜਰੂਰੀ ਹਨ। ਇਨਸਾਨ ਨੂੰ ਭਾਸ਼ਾਵਾਂ ਦਾ ਵੱਧ ਤੋਂ ਵੱਧ ਗਿਆਨ ਹੋਣਾ ਚਾਹੀਦਾ ਹੈ ਪਰ ਕਿਸੇ ਭਾਸ਼ਾ ਨੂੰ ਪਿੱਛੇ ਧੱਕ ਕੇ ਨਹੀਂ। ਪੰਜਾਬੀ ਜੁਬਾਨ ਨੇ ਬਹੁਤ ਨਾਮਵਰ ਸੂਫੀ, ਕਵੀ, ਸ਼ਾਇਰ ਪੈਦਾ ਕੀਤੇ। ਪੰਜਾਬੀ ਦਾ ਇਤਿਹਾਸ ਦੁਨੀਆਂ ਦੀਆਂ ਸਦੀਆਂ ਪੁਰਾਣੀਆਂ ਭਾਸ਼ਾਵਾਂ ਵਿੱਚ ਸ਼ੁਮਾਰ ਹੈ। ਵੱਡੀਆਂ ਕਦਰਾਂ ਕੀਮਤਾਂ ਹਨ। ਬਹੁਤ ਤਹਿਜ਼ੀਬੀ ਜ਼ੁਬਾਨ ਹੈ। ਗੁਰੂਆਂ ਨੇ ਪੰਜਾਬੀ ਦਾ ਪਹੁ ਫੁਟਾਲਾ ਕੀਤਾ। ਗੁਰੂ ਦੇ ਮੁੱਖ ਦੀ ਗੁਰੂ-ਮੁੱਖੀ ਬਣੀ ਅਤੇ ਗ੍ਰੰਥਾਂ ਦੀ ਰਚਨਾ ਹੋਈ। ਵਿਦੇਸ਼ਾਂ ਵਿੱਚ ਵੀ ਪੰਜਾਬੀ ਜ਼ੁਬਾਨ ਨੂੰ ਯੋਗ ਸਥਾਨ ਦਿਵਾਉਣ ਵਿੱਚ ਯੋਗ ਉਪਰਾਲੇ ਕੀਤੇ ਜਾ ਰਹੇ ਹਨ। ਪੰਜਾਬੀ ਭਾਸ਼ਾ ਪ੍ਰਤੀ ਚਿੰਤਕ ਹੁੰਦੇ ਹੋਏ ਸ. ਦਲਵਿੰਦਰ ਸਿੰਘ ਘੁੰਮਣ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਥ ਯੂਰਪ ਵਲੋਂ ਪੰਜਾਬੀ ਸਾਹਿਤਕ ਲੋਕਾਂ, ਪੱਤਰਕਾਰਾਂ, ਲੇਖਕਾਂ, ਅਖਬਾਰਾਂ, ਸਬੰਧਤ ਆਦਾਰਿਆਂ ਨੂੰ ਜੰਮੂ ਕਸ਼ਮੀਰ ਵਿੱਚ ਪੰਜਾਬੀ ਭਾਸ਼ਾ ਨੂੰ ਯੋਗ ਥਾਂ ਦੇ ਕੇ ਬਣਦਾ ਹੱਕ ਦਵਾਉਣ ਲਈ ਯਤਨਸ਼ੀਲ ਹੋਣ ਦੀ ਅਪੀਲ ਕੀਤੀ ਹੈ।

# ਭਗੌੜੇ ਸਾਬਕਾ ਡੀ. ਜੀ. ਪੀ. ਅਤੇ ਕਰਜ਼ਾ ਚੁਕਾਉਣ ਦੀ ਬਜਾਏ ਵਿਦੇਸ਼ਾਂ ਨੂੰ ਫਰਾਰ ਹੋਏ ਸਰਮਾਏਦਾਰਾਂ ਦੀ ਜਾਇਦਾਦ ਜ਼ਬਤ ਕਿਉਂ ਨਹੀਂ ਹੁੰਦੀ: ਸ਼ਰੋਮਣੀ ਅਕਾਲੀ ਦਲ (ਅ) ਯੂ.ਕੇ

**ਇੰਗਲੈਂਡ/ਏ.ਟੀ.ਨਿਊਜ਼:** ਸਿਖਜ਼ ਫਾਰ ਜਸਟਿਸ ਜਥੇਬੰਦੀ ਦੇ ਦੋ ਅਹੁਦੇਦਾਰਾਂ ਸ੍ਰ: ਗੁਰਪਤਵੰਤ ਸਿੰਘ ਪੱਨੂੰ ਅਮਰੀਕਾ ਅਤੇ ਸ੍ਰ: ਹਰਦੀਪ ਸਿੰਘ ਨਿੱਝਰ ਦੀਆਂ ਪੰਜਾਬ ਸਥਿਤ ਜਾਇਦਾਦਾਂ ਜ਼ਬਤ ਕਰਨ ਦਾ ਫੈਸਲਾ ਲਿਆ ਗਿਆ ਹੈ। ਇਸ ਜਥੇਬੰਦੀ ਦੇ ਅਹੁਦੇਦਾਰ ਪਿਛਲੇ ਕਰੀਬ ਪੰਜ ਸਾਲ ਤੋਂ ਬਾਰ ਬਾਰ ਦੁਹਰਾ ਰਹੇ ਹਨ ਕਿ ਉਹ ਪੁਰਅਮਨ ਤਰੀਕੇ ਨਾਲ ਰਿਫਰੈਂਡਮ ਕਰਵਾ ਰਹੇ ਹਨ, ਇਸਦੇ ਬਾਵਜੂਦ ਉਨਾਂ ਨੂੰ ਦਹਿਸ਼ਤਗਰਦ, ਅਤੰਕਵਾਦੀ ਆਦਿਕ ਕਹਿ ਕੇ ਇੰਡੀਆ ਦੇ ਲੀਡਰਾਂ ਅਤੇ ਸਰਕਾਰੀ ਸ੍ਰਪ੍ਰਸਤੀ ਵਾਲੇ ਮੀਡੀਏ ਵੱਲੋਂ ਭੰਡੀ ਪ੍ਰਚਾਰ ਕੀਤਾ ਜਾ ਰਿਹਾ ਹੈ। ਮੁਗਲਾਂ ਅਤੇ ਅੰਗਰੇਜਾਂ ਦੇ ਸਮੇਂ ਵਰਗੇ ਕਨੂੰਨਾ ਤੇ ਸਟੇਟ ਟੈਰੋਰਿਜ਼ਮ ਨਾਲ ਸਿੱਖ ਕੌਮ, ਹੋਰ ਘੱਟ ਗਿਣਤੀ ਕੌਮਾਂ ਅਤੇ ਦਲਿਤਾਂ ਉੱਪਰ ਜ਼ੁਲਮ ਕੀਤਾ ਜਾ ਰਿਹਾ ਹੈ। ਦੁਨੀਆਂ ਭਰ ਵਿੱਚ ਅਮਨ ਅਤੇ ਡੈਮੋਕ੍ਰੇਸੀ ਬਹਾਲ ਕਰਵਾਉਣ ਦੇ ਅਖੌਤੀ ਦਾਅਵੇਦਾਰ ਦੇਸ਼, ਯੂ. ਐਨ, ਮਨੁੱਖੀ ਅਧਿਕਾਰ ਸੰਗਠਨ, ਐਮਨੈਸਟੀ ਇੰਟਰਨੈਸ਼ਨਲ ਆਦਿਕ ਹਰ ਕੋਈ ਦੁਨੀਆਂ ਦੀ ਸਭ ਤੋਂ ਵੱਡੀ ਡੈਮੋਕ੍ਰੇਸੀ ਕਹਾਉਂਦੇ ਦੇਸ਼ ਬਾਰੇ ਸਭ ਕੁੱਝ ਜਾਣਦੇ ਹੋਣ ਦੇ ਬਾਵਜੂਦ ਆਪਣੇ ਹਿੱਤਾਂ ਨੂੰ ਮੁੱਖ ਰੱਖਕੇ ਖਮੋਸ਼ ਹੈ। ਕੋਈ ਸਵਾਲ ਨਹੀਂ ਕਰਦਾ ਕਿ ਜੇ ਜ਼ੈੱਡ ਪਲੱਸ ਸਿਕਿਉਰਿਟੀ ਨੂੰ ਨਹੀਂ ਪਤਾ ਕਿ ਜਿਸ ਸਾਬਕਾ ਡੀ. ਜੀ. ਪੀ. ਦੀ ਸਰੱਖਿਆ ਲਈ ਉਹ ਤਾਇਨਾਤ ਸਨ ਤਾਂ ਉਨਾਂ ਨੂੰ ਡਿਸਮਿਸ ਕਰਕੇ ਫਰਾਰ ਕਰਵਾਉਣ ਦੇ ਦੋਸ਼ ਅਧੀਨ ਕੇਸ ਕਿਉਂ ਨਹੀਂ ਚਲਾਇਆ ਜਾਂਦਾ, ਉਸਦੇ ਪਰਿਵਾਰ ਨੂੰ ਨਜਰਬੰਦ ਕਿਉਂ ਨਹੀਂ ਕੀਤਾ ਜਾਂਦਾ ਤੇ ਉਸਦੀ ਜਾਇਦਾਦ ਕਿਓਂ ਨਹੀਂ ਜਬਤ ਕੀਤੀ ਜਾਂਦੀ ? ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਬਿਆਨ ਜਾਰੀ ਕਰਦੇ ਹੋਏ ਪ੍ਰੈਸ ਸਕੱਤਰ ਸ੍ਰ: ਜਗਤਾਰ ਸਿੰਘ ਵਿਰਕ ਨੇ ਕਿਹਾ ਕਿ ਬੀਤੇ ਸਮੇਂ ਦੌਰਾਨ ਰੂਸ ਦੇਸ਼ ਆਰਥਕ ਤੌਰ ਤੇ ਕਮਜੋਰ ਹੋਇਆ ਨਤੀਜਾਤਨ ਉਸ ਨਾਲੋਂ ਟੁੱਟਕੇ ਕਈ ਦੇਸ਼ ਹੋਂਦ ਵਿੱਚ ਆਏ ਇਸਨੂੰ ਮੁੱਖ ਰੱਖਕੇ ਭਾਰਤ ਸਰਕਾਰ ਨੂੰ ਚਾਹੀਦਾ ਸੀ ਕਿ ਜਿਹੜੇ ਲੋਕ ਕਰੋੜਾਂ ਅਰਬਾਂ ਦੇ ਕਰਜ਼ੇ ਲੈ ਕੇ ਵਿਦੇਸ਼ਾਂ ਨੂੰ ਫਰਾਰ ਹੋ ਗਏ ਤੇ ਦੇਸ਼ ਦੀ ਆਰਥਿਕਤਾ ਨੂੰ ਢਾਹ ਲਾਈ ਉਨਾਂ ਨੂੰ ਵਾਪਸ ਲਿਆ ਕੇ ਦੇਸ਼ ਧ੍ਰੋਹ ਅਧੀਨ ਕੇਸ ਚਲਾਏ ਜਾਂਦੇ ਉਨਾਂ ਦੀਆਂ ਜਾਇਦਾਦਾਂ ਜਬਤ ਕੀਤੀਆਂ ਜਾਦੀਆਂ ਪਰ ਸਰਕਾਰ ਪੱਖੀ ਮੀਡੀਆ ਵੱਲੋਂ ਦਬਾਉਣ ਦੇ ਬਾਵਜੂਦ ਕਈ ਮੰਤਰੀਆਂ, ਲੀਡਰਾਂ ਵਗੈਰਾ ਵੱਲੋਂ ਉਨਾਂ ਦੀ ਫਰਾਰ ਹੋਣ ਵਿੱਚ ਮੱਦਦ ਕਰਨ ਦਾ ਸੱਚ ਫਿਰ ਵੀ ਬਾਹਰ ਆਉਂਦਾ ਰਹਿੰਦਾ ਹੈ। ਫਿਰ ਦੇਸ਼ ਦਾ ਅਸਲ ਦੁਸ਼ਮਣ ਕੌਣ ਹੈ ? ਸਿੱਖਜ਼ ਫਾਰ ਜਸਟਿਸ ਜਥੇਬੰਦੀ ਨੇ ਇਸ ਤੋਂ ਪਹਿਲਾਂ ਵੀ ਅਮਨ ਪਸੰਦ ਤਰੀਕੇ ਨਾਲ ਨਵੰਬਰ 1984 ਸਿੱਖ ਨਸਲਕੁਸੀ ਦੇ ਕੇਸਾਂ ਦੀ ਪੈਰਵਾਈ ਕੀਤੀ, ਇਕ ਲੱਖ ਤੋਂ ਉੱਪਰ ਦਸਤਖਤ ਕਰਵਾ ਕੇ ਯੂ. ਐਨ. ਉ. ਵਿੱਚ ਪਟੀਸ਼ਨ ਪਾਈ, ਪ੍ਰਕਾਸ਼ ਸਿੰਘ ਬਾਦਲ, ਸੋਨੀਆਂ ਗਾਂਧੀ, ਕਮਲ ਨਾਥ ਜਿਹੇ ਲੀਡਰਾਂ ਦਾ ਅਮਰੀਕਾ ਦਾਖਲਾ ਰੋਕਣ ਲਈ ਸੰਮਨ ਜਾਰੀ ਕਰਵਾਏ ਅਤੇ ਸੰਵਿਧਾਨ ਦੀ ਧਾਰਾ 25ਬੀ ਦੇ ਖਿਲਾਫ ਇੰਗਲੈਂਡ ਵਿੱਚ ਪਟੀਸ਼ਨ ਮੁਹਿੰਮ ਚਲਾਈ ਅਤੇ ਇਸੇ ਪ੍ਰਕਾਰ ਓਨਾਂ ਵੱਲੋਂ ਕਿਹਾ ਜਾ ਰਿਹਾ ਹੈ ਕਿ ਉਹ ਅੰਤਰਰਾਸ਼ਟਰੀ ਕਨੂੰਨਾਂ ਅਧੀਨ ਰਿਫਰੈਂਡਮ ਕਰਵਾਉਣਗੇ। ਹੈਰਾਨਗੀ ਹੈ ਕਿ ਫਿਰ ਸੰਵਧਾਨ ਅਨੁਸਾਰ ਡੈਮੋਕਰੈਸੀ ਵਾਲੇ ਦੇਸ਼ ਵਿੱਚ ਬ੍ਰਿਟਿਸ਼ ਸਾਮਰਾਜ ਵੇਲੇ ਦੇ ਕੰਨੂਨਾਂ ਮੁਤਾਬਕ ਕਾਰਵਾਈਆਂ ਕਿਉਂ ਹੋ ਰਹੀਆਂ ਹਨ ?

# ਫਰੀਮਾਂਟ ਵਿਚ ਭਾਰਤੀ ਮੂਲ ਦੇ ਦੋ ਅਮਰੀਕੀ ਮੇਅਰ ਦੀ ਚੋਣ ਵਿਚ ਲਿਲੀ ਮੀ ਨੂੰ ਦੇ ਰਹੇ ਹਨ ਚੁਣੌਤੀ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਫਰੀਮਾਂਟ (ਕੈਲੀਫੋਰੀਨੀਆ) ਵਿਚ ਭਾਰਤੀ ਮੂਲ ਦੇ ਦੋ ਅਮਰੀਕੀ 3 ਨਵੰਬਰ ਨੂੰ ਹੋ ਰਹੀ ਮੇਅਰ ਦੀ ਚੋਣ ਵਿਚ ਮੌਜੂਦਾ ਮੇਅਰ ਲਿਲੀ ਮੀ ਨੂੰ ਚੁਣੌਤੀ ਦੇ ਰਹੇ ਹਨ। ਇਨਾਂ ਵਿਚ ਸ਼ਾਮਿਲ ਹਨ ਕਾਰੋਬਾਰੀ ਵਿਕ ਬਾਜਵਾ ਤੇ ਨਾਜ਼ ਮਾਹਿਕਾ ਖਾਨ ਜੋ ਫਿਜ਼ੀ ਦੀ ਵਸਨੀਕ ਹੈ ਪਰ ਉਸ ਦੇ ਵੱਡੇ ਵਡੇਰਿਆਂ ਦੀਆਂ ਜੜਾਂ ਭਾਰਤ ਵਿਚ ਹਨ। ਇਨਾਂ ਦੋ ਉਮੀਦਵਾਰਾਂ ਤੋਂ ਇਲਾਵਾ 3 ਹੋਰ ਉਮੀਦਵਾਰ ਮੈਦਾਨ ਵਿਚ ਹਨ। ਵਿਕ ਬਾਜਵਾ ਨੇ ਚੋਣ ਲੜਨ ਸਬੰਧੀ ਕਿਹਾ 'ਹਾਲਾਂ ਕਿ ਉਸ ਨੇ ਪਹਿਲਾਂ ਕਦੀ ਵੀ ਚੋਣ ਲੜਕੇ ਕੋਈ ਅਹੁਦਾ ਨਹੀਂ ਲਿਆ ਪਰ ਹੁਣ ਹਾਲਾਤ ਕੁਝ ਵੱਖਰੀ ਤਰਾਂ ਦੇ ਹਨ। ਫਰੀਮਾਂਟ ਨੂੰ ਕੋਵਿਡ-19 ਦਰਮਿਆਨ ਆਰਥਕ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬੇਘਰੇ ਲੋਕਾਂ ਦੀ ਗਿਣਤੀ ਵਧ ਰਹੀ ਹੈ ਤੇ



*ਤਸਵੀਰਾਂ : ਵਿਕ ਬਾਜਵਾ ਤੇ ਨਾਜ਼ ਮਾਹਿਕਾ ਖਾਨ*

ਨਸਲੀ ਨਿਆਂ ਨੂੰ ਲੈ ਕੇ ਸੰਘਰਸ਼ ਹੋ ਰਿਹਾ ਹੈ। ਅਜਿਹੇ ਹਾਲਾਤ ਵਿਚ ਕੁੱਝ ਕਰਨ ਦਾ ਮੰਨ ਬਣਾਇਆ ਹੈ।'

ਵਿਕ ਬਾਜਵਾ ਤੇ ਹੋਰ ਪ੍ਰਦਰਸ਼ਨਕਾਰੀਆਂ ਨੇ ਪੁਲਿਸ ਹੱਥੋਂ ਮਾਰੇ ਗਏ ਜਾਰਜ ਫਲਾਇਡ ਦੇ ਸਨਮਾਨ ਵਿਚ ਗੋਡਿਆਂ ਭਾਰ ਹੋ ਕੇ ਉਸ ਨੂੰ ਯਾਦ ਕੀਤਾ। ਵਿਕ ਬਾਜਵਾ ਨੇ ਗੱਲਬਾਤ ਦੌਰਾਨ ਕਿਹਾ ਕਿ ਲਿਲੀ ਮੀ ਅਜਿਹਾ ਕਦੀ ਵੀ ਨਹੀਂ ਕਰੇਗੀ। ਉਨਾਂ ਨੇ ਕਿਹਾ ਕਿ ਜਾਜ ਫਲਾਈਡ ਦੀ ਮੌਤ ਤੋਂ ਬਾਅਦ ਪੈਦਾ ਹੋਏ ਹਾਲਾਤ ਨਾਲ ਨਜਿੱਠਣ ਵਿਚ ਲਿਲੀ ਮੀ ਅਸਫਲ ਰਹੀ ਹੈ ਤੇ ਫਰੀਮਾਂਟ ਦੇ ਲੋਕ ਬੁਰੀ ਤਰਾਂ ਵੰਡੇ ਗਏ ਹਨ।

ਬੇਏਰੀਆ ਦੇ ਸਿੱਖਾਂ ਵੱਲੋਂ ਵਿੱਕ ਬਾਜਵਾ ਨੂੰ ਕੋਈ ਹੁੰਗਾਰਾ ਨਹੀਂ ਮਿਲ ਰਿਹਾ ਕਿਉਂਕਿ ਇਸ ਵੱਲੋਂ ਪਿਛਲੇ ਸਮੇਂ ਵਿੱਚ ਪੰਥ ਵਿਰੋਧੀ ਬਿਆਨਬਾਜ਼ੀ ਮੁੱਖ ਕਾਰਣ ਹੈ। ਇਹ ਗੱਲ ਕਿਸੇ ਤੋਂ ਲੁਕੀ ਨਹੀਂ ਹੈ ਕਿ ਵਿਕ ਬਾਜਵਾ ਖਾਲਿਸਤਾਨ ਦਾ ਵਿਰੋਧ ਕਰਦੇ ਹਨ ਅਤੇ ਭਾਰਤੀ ਸਰਕਾਰ ਦੇ ਸਿੱਖ ਵਿਰੋਧੀ ਸਾਜਿਸ਼ਾਂ ਦਾ ਪੱਖ ਪੂਰਦੇ ਹਨ।

ਇਸਦੀਆਂ ਤਾਰਾਂ ਭਾਰਤ ਦੀ ਬੀ ਜੇ ਪੀ ਅਤੇ ਇੱਥੋਂ ਦੇ ਡਾਕਟਰ ਰਮੇਸ਼ ਜਾਪੜਾ ਨਾਲ ਜੁੜਦੀਆਂ ਹਨ ਜਿਸ ਕਾਰਣ ਇਸ ਵੱਲੋਂ ਸਿੱਖਾਂ ਦੇ ਪ੍ਰੋਜੈਕਟਾਂ ਅਤੇ ਨੀਤੀਆਂ ਨਾਲ ਖੜ੍ਹਨਾ ਮੁਸ਼ਕਲ ਲੱਗਦਾ ਹੈ।

# ਦਸਤਾਵੇਜ਼ਾਂ ਰਹਿਤ ਪ੍ਰਵਾਸੀਆਂ ਨੂੰ ਜਨ ਗਣਨਾ ਵਿਚੋਂ ਬਾਹਰ ਰਖਣ ਬਾਰੇ ਟਰੰਪ ਦੇ ਆਦਸ਼ੇ ਨੂੰ ਅਦਾਲਤ ਨੇ ਗੈਰ ਕਾਨੂੰਨੀ ਕਰਾਰ ਦਿੱਤਾ

**ਵਾਸ਼ਿੰਗਟਨ, (ਹੁਸਨ ਲੜੋਆ ਬੰਗਾ):** ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਉਸ ਵੇਲੇ ਜਬਦਸਤ ਝਟਕਾ ਲੱਗਾ ਜਦੋਂ ਨਿਊਯਾਰਕ ਦੀ ਇਕ ਅਦਾਲਤ ਨੇ ਰਾਸ਼ਟਰਪਤੀ ਦੇ ਉਸ ਆਦੇਸ਼ ਨੂੰ ਰੱਦ ਕਰ ਦਿੱਤਾ ਜਿਸ ਤਹਿਤ ਦਸਤਾਵੇਜ਼ ਰਹਿਤ ਪ੍ਰਵਾਸੀਆਂ ਨੂੰ ਜਨਗਣਨਾ ਵਿਚੋਂ ਬਾਹਰ ਰਖਿਆ ਗਿਆ ਸੀ। ਟਰੰਪ ਵੱਲੋਂ ਜੁਲਾਈ ਵਿਚ ਜਾਰੀ ਹੁਕਮ ਵਿਚ ਕਿਹਾ ਗਿਆ ਸੀ ਕਿ ਕਿਸੇ ਰਾਜ ਤੋਂ ਕਿੰਨੇ ਕਾਂਗਰਸ ਦੇ ਮੈਂਬਰ ਹੋਣੇ ਚਾਹੀਦੇ ਹਨ, ਇਸ ਮੰਤਵ ਲਈ ਕਰਵਾਈ ਜਾਣ ਵਾਲੀ ਜਨ ਗਣਨਾ ਵਿਚ ਉਨਾਂ ਪ੍ਰਵਾਸੀਆਂ ਨੂੰ ਨਾ ਸ਼ਾਮਿਲ ਕੀਤਾ ਜਾਵੇ ਜਿਨਾਂ ਕੋਲ ਲੋੜੀਂਦੇ ਦਸਤਾਵੇਜ਼ ਨਹੀਂ ਹਨ।



ਸੰਘੀ ਜੱਜਾਂ ਦੇ 3 ਮੈਂਬਰੀ ਬੈਂਚ ਨੇ ਇਸ ਸਬੰਧੀ ਦਾਇਰ ਪਟੀਸ਼ਨ ਉਪਰ ਸੁਣਵਾਈ ਕਰਦਿਆਂ ਰਾਸ਼ਟਰਪਤੀ ਦੇ ਆਦੇਸ਼ ਨੂੰ ਗੈਰ ਕਾਨੂੰਨੀ ਕਰਾਰ ਦੇ ਦਿੱਤਾ। ਜੱਜਾਂ ਨੇ ਆਪਣੇ ਆਦੇਸ਼ ਵਿਚ ਕਿਹਾ ਕਿ ਰਾਸ਼ਟਰਪਤੀ ਦੇ ਹੁਕਮ ਸੰਘੀ ਕਾਨੂੰਨਾਂ ਦੀ ਉਲੰਘਣਾ ਹੈ ਜੋ ਕਾਨੂੰਨ ਕਿਸੇ ਰਾਜ ਤੋਂ ਕਾਂਗਰਸ ਦੀਆਂ ਸੀਟਾਂ ਨਿਸ਼ਚਤ ਕਰਨ ਲਈ ਬਣਾਏ ਗਏ ਹਨ। ਜੱਜਾਂ ਨੇ ਕਿਹਾ ਕਿ ਕਿਸੇ ਵੀ ਰਾਜ ਤੋਂ ਪ੍ਰਤੀਨਿੱਧ ਸਦਨ ਵਿਚ ਪ੍ਰਤੀਨਿੱਧਤਾ ਉਥੋਂ ਦੀ ਆਬਾਦੀ ਅਨੁਸਾਰ ਨਿਸ਼ਚਤ ਕੀਤੀ ਜਾਂਦੀ ਹੈ। ਜੱਜਾਂ ਨੇ ਸਰਬਸੰਮਤੀ ਨਾਲ ਆਪਣੇ ਫੈਸਲੇ ਵਿਚ ਕਿਹਾ ਕਿ ਅਸੀਂ ਰਾਸ਼ਟਰਪਤੀ ਦੇ ਹੁਕਮ ਨੂੰ ਗੈਰ ਕਾਨੂੰਨੀ ਕਾਰਵਾਈ ਕਰਾਰ ਦਿੰਦੇ ਹਾਂ। ਰਾਸ਼ਟਰਪਤੀ ਵਜੋਂ ਜੋ ਉਨਾਂ ਨੂੰ ਅਧਿਕਾਰ ਮਿਲੇ ਹੋਏ ਹਨ, ਉਨਾਂ ਦੀ ਉਲੰਘਣਾ ਹੋਈ ਹੈ। ਅਦਾਲਤ ਨੇ ਕਿਹਾ ਕਿ ਦੇਸ਼ ਵਿਚ ਰਹਿ ਰਹੇ ਗੈਰ ਕਾਨੂੰਨੀ ਲੋਕਾਂ ਦੀ ਗਿਣਤੀ ਸਬੰਧਤ ਰਾਜ ਵਿਚ ਰਹਿੰਦੀ ਵਸੋਂ ਵਿਚ ਕੀਤੀ ਜਾਵੇ। ਉਹ ਇਸ ਦੇ ਹੱਕਦਾਰ ਹਨ।

# ਬਾਇਡਨ ਅਤੇ ਯੂਕਰੇਨ ਦੇ ਤਤਕਾਲੀ ਰਾਸ਼ਟਰਪਤੀ ਵਿਚਕਾਰ ਆਡੀਓ ਕਾਲ ਸ਼ੋਸ਼ਲ ਮੀਡੀਏ ਤੇ ਵਾਇਰਲ..!

**ਅਮਰੀਕਾ (ਕੈਲੀਫੋਰਨੀਆ) ਨੀਟਾ ਮਾਛੀਕੇ/ ਕੁਲਵੰਤ ਧਾਲੀਆ:** ਅਮਰੀਕੀ ਰਾਸ਼ਟਰਪਤੀ ਦੀ ਚੋਣ ਵਿੱਚ ਡੈਮੋਕ੍ਰੇਟਿਕ ਪਾਰਟੀ ਵੱਲੋਂ ਇਸ ਅਹੁਦੇ ਦੇ ਉਮੀਦਵਾਰ ਜੋ ਬਾਇਡਨ ਅਤੇ ਯੂਕਰੇਨ ਦੇ ਤਤਕਾਲੀ ਰਾਸ਼ਟਰਪਤੀ ਵਿਚਕਾਰ ਸਾਲ 2016 ਵਿੱਚ ਫੋਨ 'ਤੇ ਹੋਈ ਗੱਲਬਾਤ ਦਾ ਇੱਕ ਕਥਿਤ ਆਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਇਸ ਆਡੀਓ ਦਾ ਖੁਲਾਸਾ ਯੂਕਰੇਨ ਦੇ ਇੱਕ ਸੰਸਦ ਮੈਂਬਰ ਨੇ ਕੀਤਾ ਸੀ। ਉਸ ਨੂੰ ਅਮਰੀਕੀ ਅਧਿਕਾਰੀਆਂ ਨੇ ਵੀਰਵਾਰ ਨੂੰ ਇੱਕ 'ਐਕਟਿਵ ਰੂਸੀ ਏਜੰਟ' ਦੱਸਿਆ ਸੀ, ਜਿਸਨੇ ਬਾਇਡਨ ਬਾਰੇ ਆਨਲਾਈਨ ਗਲਤ ਪ੍ਰਚਾਰ ਫੈਲਾਉਣ ਦੀ ਕੋਸ਼ਿਸ਼ ਕੀਤੀ ਸੀ। ਇਸ ਦੌਰਾਨ, ਬਾਇਡਨ ਦੀ ਚੋਣ ਪ੍ਰਚਾਰ ਮੁਹਿੰਮ ਦੇ ਮੈਂਬਰਾਂ ਨੇ ਇਸ ਆਡੀਓ ਨਾਲ ਕਾਫੀ ਛੇੜਛਾੜ ਹੋਈ ਦੱਸੀ। ਇਸ ਰਿਕਾਰਡਿੰਗ ਬਾਰੇ ਸੋਸ਼ਲ ਮੀਡੀਆ ਪੋਸਟ ਤੇ ਵੀਡੀਓ ਨੂੰ ਲੱਖਾਂ ਲੋਕਾਂ



ਨੇ ਵੇਖਿਆ ਹੈ। ਖ਼ਬਰ ਏਜੰਸੀ ਏਪੀ ਨੇ ਆਪਣੇ ਵਿਸ਼ਲੇਸ਼ਣ ਮੁਤਾਬਕ ਕਿਹਾ ਕਿ ਜਿੱਥੋਂ ਤੱਕ ਕਿ ਮੌਜੂਦਾ ਰਾਸ਼ਟਰਪਤੀ ਡੋਨਲਡ ਟਰੰਪ ਤੇ ਪ੍ਰਸ਼ਾਸਨ ਨੇ ਵੀ ਕਿਹਾ ਹੈ ਕਿ ਉਹ (ਚੋਣ 'ਚ) ਝੂਠੀ ਤੇ ਬੇਬੁਨਿਆਦ ਚਰਚਾ 'ਤੇ ਨਿਰਭਰ ਹਨ। ਇਸ ਆਡੀਓ ਦੇ ਸੋਸ਼ਲ ਮੀਡੀਆ 'ਤੇ ਫੈਲਣ ਤੋਂ ਇਹ ਪਤਾ ਲੱਗਦਾ ਹੈ ਕਿ ਕਿਵੇਂ ਵਿਦੇਸ਼ੀ ਮੁਹਿੰਮ ਦਾ ਮਕਸਦ ਅਮਰੀਕੀ ਨਾਗਰਿਕਾਂ ਤੱਕ ਪਹੁੰਚ ਕੇ ਚੋਣਾਂ 'ਚ ਦਖ਼ਲ ਦੇਣਾ ਹੈ।

ਹਾਲਾਂਕਿ, ਫੇਸਬੁੱਕ, ਯੂ-ਟਿਊਬ ਤੇ ਟਵਿਟਰ ਨੇ ਅਜਿਹੇ ਦਖਲ 'ਤੇ ਕੰਟਰੋਲ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ। ਹਾਲਾਂਕਿ ਇਸ ਬਾਰੇ ਵੀ ਸੰਕੇਤ ਨਹੀਂ ਹਨ ਕਿ ਇਹ ਰਿਕਾਰਡਿੰਗ ਚੋਰੀ ਕੀਤੀ ਗਈ ਸੀ ਜਾਂ ਬਿਲਕੁਲ ਫਰਜ਼ੀ ਸੀ। ਯੂਕਰੇਨ ਦੇ ਤਤਕਾਲੀ ਰਾਸ਼ਟਰਪਤੀ ਪੈਟਰੋ ਪੋਰੋਸ਼ੇਂਕੋ ਦੇ ਨਾਲ ਬਾਇਡਨ ਦੇ ਸਾਲ 2016 ਦੀ ਕਾਲ ਦੀ ਰਿਕਾਰਡਿੰਗ ਯੂਕਰੇਨ ਦੇ ਸੰਸਦ ਮੈਂਬਰ ਐਂਡਰਿੱਲ ਦੇਰਕਾਚ ਨੇ ਮਈ ਵਿੱਚ ਪ੍ਰੈਸ ਕਾਨਫਰੰਸ ਦੌਰਾਨ ਜਾਰੀ ਕੀਤੀ ਸੀ। ਨੌਰਥਵੈਸਟਰਨ ਯੂਨੀਵਰਸਿਟੀ ਵਿੱਚ ਲੈਕਚਰਾਰ ਤੇ ਆਵਾਜ਼ ਮਾਹਿਰ ਸਟੀਫਨ ਮੂਰ ਨੇ ਇਸ ਰਿਕਾਰਡਿੰਗ ਦੀ ਡੂੰਘਾਈ ਨਾਲ ਜਾਂਚ 'ਤੇ ਦੱਸਿਆ ਕਿ ਇਸ ਵਿੱਚ ਛੇੜਛਾੜ ਕੀਤੀ ਗਈ ਸੀ।

# ਜੇਕਰ ਬਾਈਡੇਨ ਰਾਸ਼ਟਰਪਤੀ ਬਣਿਆ ਤਾਂ ਉਹ ਨੌਕਰੀਆਂ ਵਿਦੇਸ਼ਾਂ ਵਿਚ ਭੇਜ ਦੇਵੇਗਾ: ਟਰੰਪ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ):** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕੀਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਜੋ ਬਾਈਡੇਨ ਰਾਸ਼ਟਰਪਤੀ ਬਣਿਆ ਤਾਂ ਉਹ ਨੌਕਰੀਆਂ ਨੂੰ ਵਿਦੇਸ਼ਾਂ ਵਿਚ ਭੇਜ ਦੇਵੇਗਾ। ਉਹ ਨੌਕਰੀਆਂ ਵੇਚ ਦੇਵੇਗਾ। ਟਰੰਪ ਮਿਸ਼ੀਗਨ ਵਿਚ ਚੋਣ ਮੁਹਿੰਮ ਦੌਰਾਨ ਇਕ ਰੈਲੀ ਨੂੰ ਸੰਬੋਧਨ ਕਰ ਰਹੇ ਸਨ।

ਫਰੀਲੈਂਡ ਵਿਚ ਇਕ ਹਵਾਈ ਅੱਡੇ ਉਪਰ ਆਪਣੇ ਸੈਂਕੜੇ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਰਾਸ਼ਟਰਪਤੀ ਨੇ ਜੋ ਬਾਈਡੇਨ ਨੂੰ 'ਵਿਸ਼ਵਵਾਦੀ ਵਿਕ੍ਰੇਤਾ' ਕਰਾਰ ਦਿੰਦਿਆਂ ਕਿਹਾ ਕਿ ਉਹ ਨੌਕਰੀਆਂ ਚੀਨ ਭੇਜ ਦੇਵੇਗਾ ਤੇ ਮੈ ਨੌਕਰੀਆਂ ਨੂੰ ਮਿਸ਼ੀਗਨ ਵਿਚ ਰਖਣ ਲਈ ਦੁਬਾਰਾ ਚੋਣ ਲੜ ਰਿਹਾ ਹਾਂ। ਇਥੇ ਵਰਣਨਯੋਗ ਹੈ ਕਿ ਹੁਣ ਤੱਕ ਆਏ ਸਰਵੇਖਣਾਂ ਵਿਚ ਕਿਹਾ ਗਿਆ ਹੈ ਕਿ ਪ੍ਰਮੁੱਖ ਰਾਜ ਮਿਸ਼ੀਗਨ ਵਿਚ ਲੜਾਈ ਕਾਂਟੇ ਦੀ ਹੈ। 2016 ਵਿਚ ਟਰੰਪ ਇਥੋਂ 11000 ਤੋਂ ਵੀ ਘਟ ਵੋਟਾਂ ਦੇ ਫਰਕ ਨਾਲ ਜਿੱਤਿਆ ਸੀ।

# ਕਾਲੇ ਲੋਕਾਂ ਲਈ ਸੁਰੱਖਿਅਤ ਸ਼ਹਿਰ ਵਸਾਉਣ ਵਾਸਤੇ 97 ਏਕੜ ਜ਼ਮੀਨ ਖਰੀਦੀ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਅਮਰੀਕਾ ਵਿਚ ਨਸਲ ਅਧਾਰਤ ਸਮਾਜਿਕ ਪਾੜਾ ਕਿਸ ਹੱਦ ਤੱਕ ਵਧ ਗਿਆ ਹੈ, ਉਸ ਦਾ ਅੰਦਾਜ਼ਾ ਇਸ ਗੱਲ ਤੋਂ ਸਹਿਜੇ ਹੀ ਲੱਗ ਜਾਂਦਾ ਹੈ ਕਿ 19 ਪਰਿਵਾਰਾਂ ਨੇ ਜਾਰਜੀਆ ਵਿਚ ਕਾਲੇ ਲੋਕਾਂ ਲਈ ਸੁਰੱਖਿਅਤ ਸ਼ਹਿਰ ਵਸਾਉਣ ਵਾਸਤੇ 97 ਏਕੜ ਜ਼ਮੀਨ ਖਰੀਦੀ ਹੈ। ਰੀਅਲ ਇਸਟੇਟ ਏਜੰਟ ਐਸ਼ਲੇ ਸਕਾਟ ਨੇ ਕਿਹਾ ਕਿ ਮੈਨੂੰ ਆਸ ਹੈ ਕਿ ਵਿਸ਼ੇਸ਼ ਤੌਰ 'ਤੇ ਕਾਲੇ ਲੋਕਾਂ ਲਈ ਇਹ ਸੁਰੱਖਿਅਤ ਜਗਾ ਹੋਵੇਗੀ। ਇਹ ਜ਼ਮੀਨ ਦਿਹਾਤੀ ਵਿਲਕਿਨਸਨ ਕਾਊਂਟੀ, ਜਾਰਜੀਆ ਵਿਚ ਮੈਕੋਨ ਦੇ ਪੂਰਬ ਵਿਚ ਸਥਿੱਤ ਹੈ। ਸਕਾਟ ਤੇ ਉਸ ਦੇ ਦੋਸਤਾਂ ਦੀ ਆਰੰਭ ਵਿਚ ਜ਼ਮੀਨ ਦਾ ਏਡਾ ਵੱਡਾ ਪਲਾਟ ਖਰੀਦਣ ਦੀ ਯੋਜਨਾ ਨਹੀਂ ਸੀ ਪਰ ਬਾਅਦ ਵਿਚ ਉਨਾਂ ਨੂੰ ਅਹਿਸਾਸ ਹੋਇਆ ਕਿ ਕਾਲੇ ਪਰਿਵਾਰਾਂ ਲਈ ਸੁਰੱਖਿਅਤ ਸ਼ਹਿਰ ਵਸਾਉਣ ਦੀ ਲੋੜ ਹੈ। ਸਕਾਟ ਨੇ ਕਿਹਾ ਕਿ ਇਸ ਜਗਾ ਉਪਰ ਕਾਲੇ ਲੋਕ ਬਿਨਾਂ ਕਿਸੇ ਭੇਦ ਭਾਵ ਤੋਂ ਆਪਣੀ ਆਜ਼ਾਦ ਜਿੰਦਗੀ ਜੀ ਸਕਣਗੇ।

# ਬੁੱਚੜ ਸੁਮੇਧ ਸੈਣੀ ਨੂੰ ਜਮਾਨਤ ਦੇ ਕੇ ਭਾਰਤੀ ਸੁਪਰੀਮ ਕੋਰਟ ਨੇ ਆਪਣੇ ਅਪਰਾਧੀ ਹੋਣ ਨੂੰ ਕਬੂਲਿਆ

**ਸੈਨ ਫਰਾਂਸਿਸਕੋ (ਬਲਵਿੰਦਰਪਾਲ ਸਿੰਘ ਖਾਲਸਾ):** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋ-ਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਤੇ ਸਿੱਖ ਕੋਆਰਡੀਨੇਸ਼ਨ ਕਮੇਟੀ ਨਿਊਯਾਰਕ ਦੇ ਹਿੰਮਤ ਸਿੰਘ ਹੁਰਾ ਨੇ ਪੰਜਾਬ ਪੁਲਿਸ ਦੇ ਪੁਰਾਣੇ ਅਪਰਾਧੀ ਮੁਖੀ ਸੁਮੇਧ ਸੈਣੀ ਜੋ ਕਿ ਆਪਣੇ ਜੁਲਮਾਂ ਤੇ ਨਿਰਦੋਸ਼ ਸਿੱਖਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਕਤਲ ਕਰਨ ਵਿਚ ਬਹੁਤ ਬਦਨਾਮ ਰਿਹਾ ਹੈ, ਨੂੰ ਭਾਰਤ ਦੀ ਸਰਬਉਚ ਅਦਾਲਤ, ਭਾਵ ਸੁਪਰੀਮ ਕੋਰਟ ਨੇ ਜਮਾਨਤ ਦੇ ਕੇ ਆਪਣੇ ਅਪਰਾਧੀ ਹੋਣ ਉਤੇ ਮੋਹਰ ਲਾ ਦਿੱਤੀ ਹੈ। ਭਾਰਤ ਦੀਆਂ ਘੱਟਗਿਣਤੀਆਂ ਵਿਚ ਇਹ ਗੱਲ ਆਮ ਤੌਰ ਤੇ ਮਹਿਸੂਸ ਕੀਤੀ ਜਾਂਦੀ ਹੈ ਕਿ ਭਾਰਤੀ ਕਾਨੂੰਨ ਬ੍ਰਾਹਮਣਵਾਦੀ ਲੋਕਾਂ ਤੇ ਮਨੂੰਵਾਦੀਆਂ ਨੂੰ ਅਪਰਾਧੀ ਤੇ ਅੱਤਵਾਦੀ ਹੋਣ ਦੇ ਬਾਵਜੂਦ ਵੀ ਰਿਹਾਅ ਕਰਦਾ ਆ ਰਿਹਾ ਹੈ। ਸੰਸਾਰ ਵਿਚਲੇ ਦੇਸ਼ਾਂ ਵਿਚ ਸਰਕਾਰ ਦੇ ਤਿੰਨ ਅੰਗ ਹੁੰਦੇ ਹਨ, ਕਾਨੂੰਨ ਬਣਉਣ ਵਾਲੇ ਪਾਰਲੀਮੈਂਟ ਮੈਂਬਰ ਤੇ ਵਿਧਾਨ ਸਭਾ ਮੈਂਬਰ, ਕਾਨੂੰਨ ਲਾਗੂ ਕਰਨ ਵਾਲਾ ਪੁਲਿਸ ਵਿਭਾਗ ਤੇ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਨੂੰ ਸੰਵਿਧਾਨ ਅਨੁਸਾਰ ਸਜਾ ਦੇਣ ਵਾਲੀਆਂ ਅਦਾਲਤਾਂ ਦੇ ਜੱਜ। ਸਿੱਖਾਂ, ਮੁਸਲਮਾਨਾਂ, ਇਸਾਇਆਂ, ਦਲਿਤਾਂ ਤੇ ਹੋਰ ਘੱਟ ਗਿਣਤੀਆਂ ਨੂੰ ਤਾਂ ਇਹ ਜੱਜ ਬਹੁਤ ਛੇਤੀ ਸਜਾ ਦੇ ਦੇਂਦੇ ਹਨ ਪਰ ਅਪਰਾਧੀ ਬਿਰਤੀ ਦੇ ਪ੍ਰਧਾਨ ਮੰਤਰੀਆਂ, ਮੰਤਰੀਆ, ਪੁਲੀਸ ਅਫਸਰਾਂ ਤੇ ਗੁਨਾਹਗਾਰ ਤੇ ਰਿਸ਼ਵਤ ਖੋਰ ਜੱਜਾਂ ਨੂੰ ਬਰੀ ਕਰ ਦੇਂਦੇ ਹਨ, ਜਿਸ ਨਾਲ ਹਿਟਲਰਸ਼ਾਹੀ ਤੇ ਫਾਸ਼ਿਸਟ ਰੁਚੀਆਂ ਫੈਲਦੀਆਂ ਹਨ ਤੇ ਫੈਲ ਰਹੀਆਂ ਹਨ। ਉਨਾਂ ਕਿਹਾ ਕਿ ਸੁਮੇਧ ਸੈਣੀ ਵਰਗੇ ਕਾਤਲ ਤੇ ਨਸਲਘਾਤੀ ਨੂੰ ਜਮਾਨਤ ਦੇਣ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਭਾਰਤ ਇਕ ਫੇਲ ਸਟੇਟ ਹੈ ਜੋ ਭੰਗ ਹੋ ਜਾਣੀ ਚਾਹੀਦੀ ਹੈ ਤੇ ਖਿੱਲਰ ਜਾਣੀ ਚਾਹੀਦੀ ਹੈ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh Online Interview Host: Balraj Pannu

Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਅਮਰੀਕਾ ਵਿੱਚ ਭਿਆਨਕ ਜੰਗਲੀ ਅੱਗ ਕਾਰਨ 35 ਲੋਕਾਂ ਦੀ ਮੌਤ

## ✪6.7 ਮਿਲੀਅਨ ਏਕੜ ਸੜਕੇ ਸਵਾਹ ✪ਔਰੇਗਨ ਵਿੱਚ ਅੱਗ ਲਾਉਣ ਦੇ ਦੋਸ਼ ਵਿੱਚ ਗੋਰਾ ਕਾਬੂ



**ਕੈਲੀਫੋਰਨੀਆਂ, (ਨੀਟਾ ਮਾਛੀਕੇ / ਕੁਲਵੰਤ ਧਾਲੀਆਂ):** ਸੋਕੇ, ਗਰਮੀ ਅਤੇ ਖੁਸ਼ਕ ਮੌਸਮ ਦੇ ਚੱਲਦਿਆਂ ਅਮਰੀਕਾ ਦੀਆਂ ਤਕਰੀਬਨ 11 ਪੱਛਮੀ ਸਟੇਟਾਂ ਵਿੱਚ ਭਿਆਨਕ ਜੰਗਲੀ ਅੱਗ ਨੇ ਤਬਾਹੀ ਮਚਾਈ ਹੋਈ ਹੈ। ਇਹ ਅੱਗ ਵਿੱਚ ਤਕਰੀਬਨ 6.7 ਮਿਲੀਅਨ ਏਕੜ ਜੰਗਲ ਸੜਕੇ ਸਵਾਹ ਹੋ ਗਿਆ ਅਤੇ ਤਕਰੀਬਨ 35 ਲੋਕਾਂ ਦੇ ਮਾਰੇ ਜਾਣ ਦੀਆਂ ਖ਼ਬਰਾਂ ਆ ਰਹੀਆ ਹਨ ਅਤੇ ਡੇਢ ਦਰਜਨ ਦੇ ਕਰੀਬ ਲੋਕ ਲਾਪਤਾ ਦੱਸੇ ਜਾ ਰਹੇ ਹਨ। ਇਸ ਭਿਆਨਕ ਅੱਗ ਵਿੱਚ ਸੈਂਕੜੇ ਘਰ, ਦਰਜਨਾਂ ਦੇ ਹਿਸਾਬ ਨਾਲ ਬਿਜਨਸ ਸੜ ਕੇ ਸਵਾਹ ਹੋ ਗਏ। ਇਕੱਲੇ ਕੈਲੀਫੋਰਨੀਆਂ ਵਿੱਚ ਤਕਰੀਬਨ ਸਾਢੇ ਤਿੰਨ ਮਿਲੀਅਨ ਏਕੜ ਸੜੇ ਹਨ ਅਤੇ ਦੋ ਦਰਜਨ ਦੇ ਕਰੀਬ ਲੋਕ ਮਾਰੇ ਗਏ ਹਨ। ਪ੍ਰਭਾਵਿਤ ਖੇਤਰ ਦੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਹੈ। ਦੂਸਰੀ ਸਟੇਟ ਜਿੱਥੇ ਜ਼ਿਆਦਾ ਨੁਕਸਾਨ ਹੋਇਆ ਹੈ ਉਹ ਹੈ ਔਰੇਗਨ, ਇੱਥੇ 960,000 ਏਕੜ ਸੜੇ ਦੱਸੇ ਜਾ ਰਹੇ ਹਨ ਅਤੇ ਦਰਜਨ ਦੇ ਕਰੀਬ ਲੋਕਾਂ ਦੇ ਮਾਰੇ ਜਾਣ ਦਾ ਖ਼ਦਸ਼ਾ ਹੈ। ਇਸੇ ਤਰਾਂ ਵਾਸਿੰਗਟਨ ਸਟੇਟ ਵਿੱਚ 640,000 ਏਕੜ ਸੜੇ ਹਨ ਅਤੇ ਇੱਥੇ ਵੀ ਕਈ ਮੌਤਾਂ ਹੋਣ ਦੀ ਜਾਣਕਾਰੀ ਪ੍ਰਾਪਤ ਹੋਈ ਹੈ। ਕੈਲੀਫੋਰਨੀਆ ਵਿੱਚ ਤਕਰੀਬਨ 29 ਥਾਵਾਂ ਤੇ ਇਸ ਸਮੇਂ ਭਿਆਨਕ ਅੱਗ ਨਾਲ 15000 ਫ਼ਾਇਰ ਫਾਈਟਰ ਜੂਝ ਰਹੇ ਹਨ। ਬਹੁਤ ਸਾਰੀਆਂ ਥਾਵਾਂ ਤੇ ਬਿਜਲੀ ਗੁੱਲ ਹੈ। ਔਰੇਗਨ ਸਟੇਟ ਵਿੱਚ ਕਈ ਪਿੰਡ ਪੂਰੇ ਦੇ ਪੂਰੇ ਸੜ ਗਏ ਹਨ। ਔਰੇਗਨ ਸਟੇਟ ਵਿੱਚ ਇੱਕ ਗੋਰੇ ਸਖਸ਼ ਮਾਈਕਲ ਜਿਰਾਰਡ ਬਕੇਲਾ (41) ਨੂੰ ਪੁਲਿਸ ਨੇ ਜੰਗਲ ਵਿਚ ਅੱਗ ਲਾਉਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਇਹ ਕਥਿਤ ਦੋਸ਼ੀ ਡਰੱਗ ਵੇਚਣ ਦੇ ਮਾਮਲੇ ਵਿੱਚ ਜ਼ਮਾਨਤ ਤੇ ਬਾਹਰ ਸੀ। ਇਸੇ ਤਰੀਕੇ ਨਾਲ ਪੁਲਿਸ ਅੱਗ ਲੱਗਣ ਦੀਆਂ ਘਟਨਾਵਾਂ ਵਿੱਚ ਹੋਰ ਕਈ ਪਹਿਲੂਆਂ ਤੇ ਬਰੀਕੀ ਨਾਲ ਜਾਂਚ ਕਰ ਰਹੀ ਹੈ। ਬਹੁਤ ਸਾਰੀਆਂ ਸਟੇਟਾਂ ਵਿੱਚ ਸਟੇਟ ਆਫ ਐਮਰਜੈਂਸੀ ਐਲਾਨੀ ਜਾ ਚੁੱਕੀ ਹੈ। ਜੰਗਲ ਵਿਚ ਲੱਗੀ ਅੱਗ ਦੇ ਧੂੰਏ ਦਾ ਗ਼ੁਬਾਰ ਕੈਲੀਫੋਰਨੀਆਂ, ਔਰੇਗਨ, ਵਾਸਿੰਗਟਨ ਤੋਂ ਬਾਅਦ ਕੈਨੇਡਾ ਬੀਸੀ ਇਲਾਕੇ ਤੱਕ ਪਹੁੰਚ ਗਿਆ ਹੈ ਅਤੇ ਇਸ ਧੂੰਏਂ ਕਾਰਨ ਬਹੁਤ ਵੱਡੀ ਗਿਣਤੀ ਵਿੱਚ ਲੋਕ ਸਾਹ ਲੈਣ ਦੀ ਤਕਲੀਫ਼ ਤੋਂ ਪੀੜਤ ਹਨ ਅਤੇ ਲੋਕ ਆਪੋ ਆਪਣੇ ਤਰੀਕੇ ਨਾਲ ਪੀੜਤ ਲੋਕਾਂ ਲਈ ਫੰਡ ਇਕੱਤਰ ਕਰਕੇ ਮੱਦਦ ਲਈ ਅੱਗੇ ਆ ਰਹੇ ਹਨ। ਫਰਿਜ਼ਨੋ ਦੇ ਗੁਰਦਵਾਰਾ ਸਿੰਘ ਸਭਾ ਵਿੱਚ ਵੀ ਸਿੱਖ ਸੰਗਤ ਫ਼ਾਇਰ ਫਾਈਟਰਜ਼ ਲਈ ਫੰਡ ਅਤੇ ਲੋੜੀਂਦਾ ਸਮਾਨ ਇਕੱਤਰ ਕਰ ਰਹੀ ਹੈ। ਇਸ ਸਮੇਂ ਅਮਰੀਕਾ ਵਿਚ ਹਰ ਕੋਈ ਫ਼ਾਇਰ ਕਰਮੀਆਂ ਦੇ ਕੰਮ ਦੀ ਸ਼ਲਾਘਾ ਕਰ ਰਿਹਾ ਹੈ। ਆਸ ਕਰਦੇ ਹਾਂ ਕਿ ਫ਼ਾਇਰ ਫਾਇਟਰਜ਼ ਦੀ ਮਿਹਨਤ ਰੰਗ ਲਿਆਵੇਗੀ ਅਤੇ ਜਲਦ ਅੱਗ 'ਤੇ ਕਾਬੂ ਪਾਇਆ ਜਾ ਸਕੇਗਾ।

# ਕੈਲੀਫੋਰਨੀਆ ਵਿਚ ਕੈਦੀਆਂ ਦੇ 'ਫਾਇਰ ਫਾਈਟਰ' ਬਣਨ ਲਈ ਰਾਹ ਪੱਧਰਾ

## ਗਵਰਨਰ ਨੇ ਲਾਈ ਬਿੱਲ ਉਪਰ ਮੋਹਰ



**ਕੈਲੀਫੋਰਨੀਆ (ਹੁਸਨ** ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸੋਮ ਨੇ ਇਕ ਬਿੱਲ ਉਪਰ ਦਸਤਖ਼ਤ ਕੀਤੇ ਹਨ ਜਿਸ ਨਾਲ ਕੈਦੀਆਂ ਦੇ 'ਫਾਈਰ ਫਾਇਟਰ' ਬਣਨ ਲਈ ਰਾਹ ਪੱਧਰਾ ਹੋ ਗਿਆ ਹੈ। ਕੈਲੀਫੋਰਨੀਆ ਬਿੱਲ ਏ ਬੀ 2147 ਤਹਿਤ ਕੁਝ ਵਿਸ਼ੇਸ਼ ਵਰਗ ਵਾਲੇ ਕੈਦੀ ਜੋ ਵੱਖ ਵੱਖ ਜੁਰਮਾਂ ਤਹਿਤ ਸਜ਼ਾ ਭੁਗਤ ਰਹੇ ਹਨ, ਲਈ ਇਹ ਮੌਕਾ ਹੋਵੇਗਾ ਕਿ ਉਹ ਆਪਣੇ ਅਪਰਾਧਕ ਪਿਛੋਕੜ ਵਿਚ ਸੁਧਾਰ ਕਰਨ। ਬਿੱਲ ਦਾ ਮਕਸਦ ਕੈਦੀਆਂ ਦੀ ਰਿਹਾਈ ਤੋਂ ਬਾਅਦ ਅੱਗ ਬੁਝਾਊ ਅਮਲੇ ਵਿਚ ਉਨਾਂ ਦੀ ਭਰਤੀ ਨੂੰ ਸੰਭਵ ਬਣਾਉਣਾ ਹੈ। ਆਮ ਤੌਰ 'ਤੇ ਅਪਰਾਧਕ ਪਿਛੋਕੜ ਵਾਲੇ ਵਿਅਕਤੀ ਨੂੰ ਨੌਕਰੀ ਨਹੀਂ ਮਿਲਦੀ। ਨਿਊਸੋਮ ਨੇ ਕਿਹਾ ਕਿ ਮੈ ਚਾਹੁੰਦਾ ਹਾਂ ਕਿ ਕੈਦੀਆਂ ਨੂੰ ਇਕ ਮੌਕਾ ਦਿੱਤਾ ਜਾਵੇ। ਉਹ ਅੱਗ ਬੁਝਾਊ ਅਧਿਕਾਰੀਆਂ ਦੇ ਸਹਿਯੋਗੀ ਵਜੋਂ ਕੰਮ ਕਰਨਗੇ। ਨਿਊਸੋਮ ਨੇ ਟਵਿਟਰ ਉਪਰ ਕਿਹਾ ਹੈ ਕਿ ਕੈਲੀਫੋਰਨੀਆ ਦਾ ਕੈਦੀਆਂ ਸਬੰਧੀ 'ਫਾਇਰ ਫਾਇਟਰ' ਪ੍ਰੋਗਰਾਮ ਬਹੁਤ ਪੁਰਾਣਾ ਹੈ, ਇਸ ਵਿਚ ਸੁਧਾਰ ਕਰਨ ਦੀ ਲੋੜ ਹੈ। ਉਨਾਂ ਕਿਹਾ ਕਿ ਕੈਦੀ ਜੋ ਮੋਹਰਲੀ ਕਤਾਰ ਵਿਚ ਹੋ ਕੇ ਭਿਆਨਕ ਅੱਗ ਉਪਰ ਕਾਬੂ ਪਾਉਣ 'ਚ ਮੱਦਦ ਕਰਨਗੇ, ਨੂੰ ਬਾਅਦ ਵਿਚ ਪੇਸ਼ਾਵਾਰਨਾ ਫਾਇਰ ਫਾਈਟਰ ਬਣਨ ਦੇ ਅਧਿਕਾਰ ਤੋਂ ਵੰਚਿਤ ਨਹੀਂ ਰਖਿਆ ਜਾ ਸਕਦਾ। ਗੰਭੀਰ ਦੋਸ਼ਾਂ ਵਾਲੇ ਕੈਦੀਆਂ ਨੂੰ ਇਸ ਬਿੱਲ ਤੋਂ ਬਾਹਰ ਰਖਿਆ ਗਿਆ ਹੈ। ਇਨਾਂ ਵਿਚ ਕਤਲ, ਅਗਵਾ, ਬਲਾਤਕਾਰ, ਅੱਗਜ਼ਨੀ ਤੇ ਹੋਰ ਗੰਭੀਰ ਦੋਸ਼ਾਂ ਤਹਿਤ ਸਜ਼ਾ ਕੱਟ ਰਹੇ ਕੈਦੀ ਸ਼ਾਮਿਲ ਹਨ। ਇਥੇ ਵਰਣਨਯੋਗ ਹੈ ਕਿ ਕੈਲੀਫੋਰਨੀਆ ਵਿਚ ਲੱਗੀ ਭਿਆਨਕ ਅੱਗ ਤੇ ਕਾਬੂ ਪਾਉਣ ਵਿਚ ਮੁਸ਼ਕਿਲ ਆ ਰਹੀ ਹੈ। ਕੈਦੀਆਂ ਦੀ ਅੱਗ ਉਪਰ ਕਾਬੂ ਪਾਉਣ ਲਈ ਸਹਾਇਤਾ ਲੈਣ ਨਾਲ ਜਿਥੇ ਅੱਗ ਬੁਝਾਊ ਵਿਭਾਗ ਨੂੰ ਹੋਰ ਵਰਕਰ ਮਿਲ ਜਾਣਗੇ ਉਥੇ ਕੈਦੀਆਂ ਲਈ ਆਪਣੇ ਆਪ ਨੂੰ ਸੁਧਾਰਨ ਦਾ ਇਹ ਸੁਨਹਿਰੀ ਮੌਕਾ ਹੋਵੇਗਾ। ਅੱਗ ਵਿਚ ਹੁਣ ਤੱਕ 28 ਮੌਤਾਂ ਹੋ ਚੁੱਕੀਆਂ ਹਨ ਤੇ ਦਰਜ਼ਨ ਤੋਂ ਵਧ ਲੋਕ ਲਾਪਤਾ ਹਨ।


DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਰਾ.ਫ਼ੇਲ ਜਹਾਜ਼ਾਂ ਬਾਰੇ ਗੋਦੀ ਮੀਡੀਆ ਦੀਆਂ ਲੁੱਡੀਆਂ

**ਨਵੀਂ ਦਿੱਲੀ/ਏ.ਟੀ.ਨਿਊਜ਼:** ਰਾਫ਼ੇਲ ਜਹਾਜ਼ਾਂ ਨੂੰ ਰਸਮੀ ਤੌਰ 'ਤੇ ਹਵਾਈ ਫ਼ੌਜ ਵਿੱਚ ਸ਼ਾਮਲ ਕਰ ਲਿਆ ਗਿਆ ਹੈ। ਇਸ ਮੌਕੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਆਪਣੀ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਰਾਫੇਲ ਜਹਾਜ਼ਾਂ ਦਾ ਭਾਰਤੀ ਹਵਾਈ ਫੌਜ ਵਿੱਚ ਦਾਖਲਾ ਸੰਸਾਰ ਲਈ ਤਕੜਾ ਸੁਨੇਹਾ ਹੈ, ਖਾਸ ਕਰ ਕੇ ਉਨਾਂ ਲਈ, ਜਿਹੜੇ ਭਾਰਤ ਦੀ ਪ੍ਰਭੂਸੱਤਾ ਨੂੰ ਚੁਣੌਤੀ ਦੇ ਰਹੇ ਹਨ। ਨਾਂਅ ਲਏ ਬਿਨਾਂ ਉਨਾਂ ਦਾ ਇਸ਼ਾਰਾ ਪਾਕਿਸਤਾਨ ਤੇ ਚੀਨ ਵੱਲ ਸੀ। ਗੋਦੀ ਮੀਡੀਆ ਤਾਂ ਉਸੇ ਦਿਨ ਤੋਂ ਖੁਸ਼ੀ ਵਿੱਚ ਖੀਵਾ ਹੋਇਆ ਲੁੱਡੀਆਂ ਪਾ ਰਿਹਾ ਹੈ, ਜਿਸ ਦਿਨ ਰਾਫੇਲ ਜਹਾਜ਼ਾਂ ਦੀ ਪਹਿਲੀ ਖੇਪ ਫਰਾਂਸ ਤੋਂ ਭਾਰਤ ਪੁੱਜੀ ਸੀ। "ਬਸ ਚੀਨ ਨੂੰ ਤਾਂ ਕੰਬਣੀ ਛਿੜੀ ਹੋਈ ਹੈ, "ਪਾਕਿਸਤਾਨੀ ਤਾਂ ਡਰਦੇ ਅੰਦਰੋਂ ਨਹੀਂ ਨਿਕਲ ਰਹੇ", ਇਹ ਵਾਕ-ਯੁੱਧ ਸੁਣ-ਸੁਣ ਕੇ ਲੋਕਾਂ ਦੇ ਕੰਨ ਪੱਕ ਚੁੱਕੇ ਹਨ। ਸੱਤਾਧਾਰੀ ਖੁਸ਼ ਹਨ, ਕਿਉਂਕਿ ਉਹ ਯੁੱਧ-ਪ੍ਰੇਮੀ ਹਿਟਲਰ ਦੇ ਪਰਮ ਭਗਤ ਹਨ, ਪਰ ਉਹ ਭੁੱਲ ਜਾਂਦੇ ਹਨ ਕਿ ਅੱਜ ਦਾ ਸੰਸਾਰ ਹਿਟਲਰ ਦੇ ਜ਼ਮਾਨੇ ਨਾਲੋਂ ਬਿਲਕੁਲ ਹੀ ਵੱਖਰਾ ਹੈ। ਅੱਜ ਕੋਈ ਦੇਸ਼ ਹਥਿਆਰਾਂ ਦੇ ਭੰਡਾਰ ਜਮਾਂ ਕਰਕੇ ਤਾਕਤਵਾਰ ਨਹੀਂ ਬਣਦਾ, ਸਗੋਂ ਆਪਣੀ ਆਰਥਿਕਤਾ ਦੀ ਮਜ਼ਬੂਤੀ ਤੇ ਆਪਣੇ ਲੋਕਾਂ ਦੀ ਖੁਸ਼ਹਾਲੀ ਦੇ ਸਿਰ ਉੱਤੇ ਸ਼ਕਤੀਸ਼ਾਲੀ ਅਖਵਾ ਸਕਦਾ ਹੈ।

ਅੱਜ ਹਾਲਤ ਇਹ ਹੈ ਕਿ ਭਾਰਤ ਜੀ-20 ਦੇਸ਼ਾਂ ਵਿੱਚੋਂ ਅਰਥ-ਵਿਵਸਥਾ ਦੇ ਹਿਸਾਬ ਨਾਲ ਸਭ ਤੋਂ ਹੇਠਲੇ ਪੌਡੇ ਉੱਤੇ ਪਹੁੰਚ ਚੁੱਕਾ ਹੈ। ਬੀਤੀ ਤਿਮਾਹੀ ਦੌਰਾਨ ਜੀ ਡੀ ਪੀ ਦੇ ਮਨਫ਼ੀ 23.9 ਫ਼ੀਸਦੀ ਤੱਕ ਲੁੜਕ ਜਾਣ ਤੋਂ ਬਾਅਦ ਫਿੱਚ ਰੇਟਿੰਗ ਨੇ ਅਨੁਮਾਨ ਲਾਇਆ ਹੈ ਕਿ ਇਸ ਸਾਲ ਭਾਰਤ ਦੀ ਵਿਕਾਸ ਦਰ ਵਿੱਚ 10.5 ਫ਼ੀਸਦੀ ਗਿਰਾਵਟ ਆ ਸਕਦੀ ਹੈ। ਘਰੇਲੂ ਰੇਟਿੰਗ ਏਜੰਸੀ ਇੰਡੀਆ ਰੇਟਿੰਗਜ਼ ਐਂਡ ਰਿਸਰਚ ਦੇ ਅਨੁਸਾਰ ਹਾਲਤ ਇਸ ਤੋਂ ਵੀ ਬੁਰੀ ਹੋਣ ਵਾਲੀ ਹੈ। ਉਸ ਦਾ ਅਨੁਮਾਨ ਹੈ ਕਿ ਇਸ ਸਾਲ ਜੀ ਡੀ ਪੀ ਵਿੱਚ 11.8 ਫ਼ੀਸਦੀ ਦੀ ਗਿਰਾਵਟ ਹੋ ਸਕਦੀ ਹੈ। ਅਰਥ ਵਿਵਸਥਾ ਦੀ ਇਸ ਤਬਾਹੀ ਨੂੰ ਢਕਣ ਲਈ ਸੱਤਧਾਰੀਆਂ ਵੱਲੋਂ ਅਕਸਰ ਕੋਰੋਨਾ ਮਹਾਂਮਾਰੀ ਦਾ ਬਹਾਨਾ ਬਣਾਇਆ ਜਾਂਦਾ ਹੈ। ਸੱਚਾਈ ਇਹ ਹੈ ਕਿ ਦੇਸ਼ ਦੀ ਇਹ ਤਰਾਸਦੀ ਕਿਸੇ ਕੁਦਰਤੀ ਕਾਰਨ ਕਰਕੇ ਨਹੀਂ ਸਗੋਂ ਸੱਤਾਧਾਰੀਆਂ ਵੱਲੋਂ ਅਪਣਾਈਆਂ ਨੀਤੀਆਂ ਕਾਰਨ ਪੈਦਾ ਹੋਈ ਹੈ। ਕੋਰੋਨਾ ਮਹਾਂਮਾਰੀ ਦਾ ਅਸਰ ਤਾਂ ਸਮੁੱਚੇ ਸੰਸਾਰ ਵਿੱਚ ਪਿਆ ਹੈ ਤੇ ਪੈ ਰਿਹਾ ਹੈ, ਪਰ ਸਭ ਤੋਂ ਬੁਰੀ ਹਾਲਤ ਭਾਰਤ ਦੀ ਹੀ ਹੋਈ ਹੈ। ਸ੍ਰੀਲੰਕਾ ਸਾਡਾ ਛੋਟਾ ਜਿਹਾ ਗੁਆਂਢੀ ਹੈ। 21 ਅਪ੍ਰੈਲ 2019 ਨੂੰ ਈਸਟਰ ਦੇ ਮੌਕੇ 'ਤੇ ਉੱਥੇ ਹੋਏ ਬੰਬ ਧਮਾਕਿਆਂ ਨੇ 250 ਤੋਂ ਵੱਧ ਲੋਕਾਂ ਦੀ ਜਾਨ ਲੈ ਲਈ ਸੀ। ਇਨਾਂ ਧਮਾਕਿਆਂ ਕਾਰਨ ਉੱਥੇ ਅਰਥ ਵਿਵਸਥਾ ਦੇ ਕਈ ਖੇਤਰ ਹਾਲੇ ਤੱਕ ਵੀ ਸੰਭਲ ਨਹੀਂ ਸਕੇ। ਇਸ ਦੇ ਬਾਵਜੂਦ 2019-20 ਦੀ ਆਖਰੀ ਤਿਮਾਹੀ ਵਿੱਚ ਉਥੋਂ ਦੀ ਅਰਥ ਵਿਵਸਥਾ ਸਿਰਫ਼ 1.6 ਫੀਸਦੀ ਸੁਕੜੀ ਸੀ। ਉਥੋਂ ਦੀ ਸਰਕਾਰ ਨੇ ਕੋਰੋਨਾ ਮਹਾਂਮਾਰੀ ਨੂੰ ਕੰਟਰੋਲ ਕਰਨ ਵਿੱਚ ਸ਼ਾਨਦਾਰ ਸਫ਼ਲਤਾ ਹਾਸਲ ਕੀਤੀ ਹੈ, ਜਿਸ ਦੀ ਸੰਸਾਰ ਭਰ ਵਿੱਚ ਪ੍ਰਸ਼ੰਸਾ ਹੋ ਰਹੀ ਹੈ। ਸਾਡਾ ਇੱਕ ਹੋਰ ਛੋਟਾ ਹਮਸਾਇਆ ਨੇਪਾਲ ਹੈ, ਜਿਸ ਦੀ ਵਿਕਾਸ ਦਰ ਹਾਲੇ ਵੀ ਸਾਕਾਰਾਤਮਕ 2.3% ਉੱਤੇ ਬਣੀ ਹੋਈ ਹੈ।

2019 ਦੀ ਪਹਿਲੀ ਤਿਮਾਹੀ ਵਿੱਚ ਬੰਗਲਾਦੇਸ਼ 7.3 ਫ਼ੀਸਦੀ ਦੀ ਵਿਕਾਸ ਦਰ ਨਾਲ ਦੁਨੀਆ ਦੀਆਂ ਤੇਜ਼ੀ ਨਾਲ ਵਧ ਰਹੀਆਂ ਅਰਥ ਵਿਵਸਥਾਵਾਂ ਵਾਲੇ ਦੇਸ਼ਾਂ ਵਿੱਚ 7ਵੇਂ ਸਥਾਨ ਉੱਤੇ ਪੁੱਜ ਗਿਆ ਸੀ। 2019-20 ਦੀ ਪਹਿਲੀ ਤਿਮਾਹੀ ਵਿੱਚ ਵਿਸ਼ਵ ਬੈਂਕ ਵੱਲੋਂ ਬੰਗਲਾਦੇਸ਼ ਦੀ ਵਿਕਾਸ ਦਰ 1.6 ਫ਼ੀਸਦੀ ਰਹਿਣ ਦਾ ਅਨੁਮਾਨ ਲਾਇਆ ਗਿਆ ਸੀ, ਪਰ ਬੰਗਲਾਦੇਸ਼ ਨੇ ਸਭ ਅਨੁਮਾਨਾਂ ਨੂੰ ਝੁਠਲਾਉਂਦਿਆਂ ਆਪਣੀ ਵਿਕਾਸ ਦਰ ਦਾ ਅੰਕੜਾ 5.2 ਫ਼ੀਸਦੀ ਤੱਕ ਪੁਚਾ ਦਿੱਤਾ।

ਹੁਣ ਲਓ ਰਾਫੇਲ ਤੋਂ ਥਰਥਰ ਕੰਬਣ ਵਾਲੇ ਗੁਆਂਢੀ ਚੀਨ ਦੀ ਗੱਲ। ਚੀਨ ਦੀ ਅਰਥ ਵਿਵਸਥਾ ਜਨਵਰੀ ਤੋਂ ਮਾਰਚ 2020 ਵਿਚਕਾਰ ਮਨਫ਼ੀ 6.8 ਫੀਸਦੀ ਤੱਕ ਸੁੰਗੜ ਗਈ ਸੀ, ਪਰ ਅਪ੍ਰੈਲ-ਜੂਨ 2020 ਦੀ ਪਹਿਲੀ ਤਿਮਾਹੀ ਦੌਰਾਨ ਉਹ ਫਿਰ ਪੈਰਾਂ ਉੱਤੇ ਖੜਾ ਹੋ ਗਿਆ ਤੇ ਉਸ ਦੀ ਵਿਕਾਸ ਦਰ 3.2 ਫ਼ੀਸਦੀ ਉੱਤੇ ਪੁੱਜ ਗਈ। ਚੀਨ ਨੇ ਅੰਸ਼ਕ ਲਾਕਡਾਊਨ ਲਗਾ ਕੇ ਤੇ ਸਿਹਤ ਪ੍ਰਬੰਧਾਂ ਨੂੰ ਫੈਲਾ ਕੇ ਜਿੱਥੇ ਕੋਰੋਨਾ ਮਹਾਂਮਾਰੀ ਉਤੇ ਕਾਬੂ ਪਾਇਆ, ਉੱਥੇ ਆਪਣੀ ਅਰਥ ਵਿਵਸਥਾ ਨੂੰ ਵੀ ਬਚਾਈ ਰੱਖਿਆ। ਜਿੱਥੋਂ ਤੱਕ ਸਾਡੇ ਗੁਆਂਢੀ ਪਾਕਿਸਤਾਨ ਦਾ ਸੰਬੰਧ ਹੈ, ਕੋਰੋਨਾ ਮਹਾਂਮਾਰੀ ਦੌਰਾਨ ਉਸ ਦੀ ਵਿਕਾਸ ਦਰ ਕਾਫ਼ੀ ਡਿਗੀ ਹੈ, ਪਰ ਮਨਫ਼ੀ ਵਿੱਚ ਨਹੀਂ ਗਈ। ਪਾਕਿਸਤਾਨ ਦੀ ਵਿਕਾਸ ਦਰ ਪਹਿਲੀ ਤਿਮਾਹੀ 'ਚ 0.98 ਫ਼ੀਸਦੀ ਰਹੀ। ਪਾਕਿਸਤਾਨ ਨੇ ਲਾਕਡਾਊਨ ਸਿਰਫ਼ ਬਹੁਤੇ ਪ੍ਰਭਾਵਤ ਇਲਾਕਿਆਂ ਵਿੱਚ ਹੀ ਲਾਇਆ ਸੀ, ਜਿਸ ਕਾਰਨ ਉਥੋਂ ਦੀ ਅਰਥ ਵਿਵਸਥਾ ਬਚੀ ਰਹੀ ਹੈ। ਪਾਕਿਸਤਾਨ ਨੇ ਜੁਲਾਈ ਤੱਕ ਹੀ ਕੋਰੋਨਾ ਮਹਾਂਮਾਰੀ ਉੱਤੇ ਕਾਫ਼ੀ ਹੱਦ ਤੱਕ ਕਾਬੂ ਪਾ ਲਿਆ ਸੀ। ਜੁਲਾਈ 2019 ਵਿੱਚ ਪਾਕਿਸਤਾਨ ਦੇ ਚਾਲੂ ਖਾਤੇ ਦਾ ਘਾਟਾ 613 ਮਿਲੀਅਨ ਡਾਲਰ ਸੀ, ਪਰ ਜੁਲਾਈ 2020 ਤੱਕ ਘਾਟੇ ਦੀ ਥਾਂ 424 ਮਿਲੀਅਨ ਡਾਲਰ ਸਰਪਲੱਸ ਜਮਾਂ ਹੋ ਚੁੱਕਾ ਸੀ।

ਭਾਰਤ ਨੂੰ ਪਹਿਲਾਂ ਨੋਟਬੰਦੀ ਤੇ ਜੀ ਐੱਸ ਟੀ ਨੇ ਤਬਾਹ ਕਰ ਦਿੱਤਾ ਸੀ, ਰਹਿੰਦੀ ਕਸਰ ਨੀਰੋ ਨੇ ਲਾਕਡਾਊਨ ਵਾਲੀ ਬੰਸਰੀ ਵਜਾ ਕੇ ਪੂਰੀ ਕਰ ਦਿੱਤੀ। ਚਾਰ ਘੰਟੇ ਦਾ ਸਮਾਂ ਦੇ ਕੇ ਲਾਗੂ ਕੀਤੇ ਲਾਕਡਾਊਨ ਤੋਂ ਬਾਅਦ ਪੈਦਾ ਹੋਏ ਅਰਾਜਕਤਾ ਵਾਲੇ ਮਾਹੌਲ, ਬੇਹਿਸਾਬੇ ਮਜ਼ਦੂਰ ਪ੍ਰਵਾਸ ਦੀ ਮਨੁੱਖੀ ਤਰਾਸਦੀ ਤੇ ਅੰਤ ਨੂੰ ਖਸਤਾ ਹਾਲ ਹੋ ਚੁੱਕੀ ਅਰਥ ਵਿਵਸਥਾ ਨੇ ਸਾਬਤ ਕਰ ਦਿੱਤਾ ਹੈ ਕਿ ਲਾਕਡਾਊਨ ਦਾ ਐਲਾਨ ਵੀ ਇੱਕ ਤੁਗਲਕੀ ਫਰਮਾਨ ਸੀ।

# ਐਨਆਈਏ ਅਦਾਲਤ 'ਚ ਤਬਦੀਲ ਖ਼ਾਲਿਸਤਾਨੀ ਝੰਡਾ ਝੁਲਾਉਣ ਦਾ ਕੇਸ




**ਚੰਡੀਗੜ/ਏ.ਟੀ.ਨਿਊਜ਼:** ਆਜ਼ਾਦੀ ਦਿਹਾੜੇ ਮੌਕੇ ਮੋਗਾ ਵਿੱਚ ਖ਼ਾਲਿਸਤਾਨੀ ਝੰਡਾ ਝੁਲਾਉਣ ਤੇ ਤਿਰੰਗਾ ਲਾਹ ਕੇ ਫਾੜਨ ਦਾ ਕੇਸ ਐਨਆਈਏ ਦੀ ਵਿਸ਼ੇਸ਼ ਅਦਾਲਤ 'ਚ ਤਬਦੀਲ ਕਰ ਦਿੱਤਾ ਗਿਆ ਹੈ। ਹੁਣ ਇਸ ਕੇਸ ਦੀ ਸੁਣਵਾਈ ਮੁਹਾਲੀ ਸਥਿਤ ਐਨਆਈਏ ਦੀ ਵਿਸ਼ੇਸ਼ ਅਦਾਲਤ 'ਚ ਹੋਵੇਗੀ। ਐਨਆਈਏ ਦੀ ਅਰਜ਼ੀ ਸਵੀਕਾਰ ਕਰਦਿਆਂ ਮੋਗਾ ਦੀ ਚੀਫ਼ ਜੁਡੀਸ਼ਲ ਮੈਜਿਸਟਰੇਟ ਅਮਨਦੀਪ ਕੌਰ ਚਾਹਲ ਦੀ ਅਦਾਲਤ ਨੇ ਕੇਸ ਤਬਦੀਲ ਕੀਤਾ ਹੈ। ਅਦਾਲਤ ਨੇ ਗ੍ਰਿਫ਼ਤਾਰ ਸਾਰੇ ਨੌਜਵਾਨਾਂ ਨੂੰ 14 ਸਤੰਬਰ ਨੂੰ ਮੁਹਾਲੀ ਵਿੱਚ ਐਨਆਈਏ ਦੀ ਵਿਸ਼ੇਸ਼ ਅਦਾਲਤ ਅੱਗੇ ਪੇਸ਼ ਕਰਨ ਤੇ ਨਿਯਮਾਂ ਅਨੁਸਾਰ ਜੁਡੀਸ਼ਲ ਫ਼ਾਈਲ ਐਨਆਈਏ ਦੀ ਵਿਸ਼ੇਸ਼ ਅਦਾਲਤ 'ਚ ਭੇਜਣ ਦਾ ਹੁਕਮ ਦਿੱਤਾ ਹੈ। ਪੁਲਿਸ ਸੂਤਰਾਂ ਅਨੁਸਾਰ ਐਨਆਈਏ ਦੇ ਡੀਆਈਜੀ ਗ੍ਰਿਫਤਾਰ ਨੌਜਵਾਨਾਂ ਤੋਂ ਪੁੱਛ-ਪੜਤਾਲ ਕਰਨ ਲਈ ਪੁੱਜ ਰਹੇ ਹਨ। ਗ੍ਰਿਫਤਾਰ ਨੌਜਵਾਨਾਂ ਦੇ ਕਰੋਨਾ ਟੈਸਟ ਲਈ 14 ਸਤੰਬਰ ਤਕ ਪੁਲਿਸ ਰਿਮਾਂਡ ਲਿਆ ਗਿਆ ਸੀ। ਮੁੱਖ ਮੁਲਜ਼ਮ ਇੰਦਰਜੀਤ ਸਿੰਘ ਗਿੱਲ ਤੇ ਜਸਪਾਲ ਸਿੰਘ ਉਰਫ਼ ਰਿੰਪਾ ਤੇ ਖਾਲਿਸਤਾਨੀ ਝੰਡਾ ਝੁਲਾਉਣ ਲਈ ਉਕਸਾਉਣ ਦੇ ਦੋਸ਼ ਹੇਠ ਗ੍ਰਿਫ਼ਤਾਰ ਜਗਵਿੰਦਰ ਸਿੰਘ ਉਰਫ਼ ਜੱਗਾ ਵਾਸੀ ਪੱਖੋਵਾਲ ਦੀ ਰਿਪੋਰਟ ਪੌਜ਼ੇਟਿਵ ਆਈ ਹੈ। ਐਨਆਈਏ ਇੰਸਪੈਕਟਰ ਅਮਰੀਸ਼ ਕੁਮਾਰ ਦੀ ਅਗਵਾਈ ਹੇਠ ਤਿੰਨ ਮੈਂਬਰੀ ਜਾਂਚ ਟੀਮ ਨੇ 8 ਸਤੰਬਰ ਤੋਂ ਮੋਗਾ ਵਿੱਚ ਪੱਕਾ ਡੇਰਾ ਲਾਇਆ ਹੋਇਆ ਹੈ। ਪੁਲਿਸ ਸੂਤਰਾਂ ਅਨੁਸਾਰ ਐਨਆਈਏ ਟੀਮ ਨੇ ਬਾਘਾਪੁਰਾਣਾ ਤੇ ਹੋਰ ਥਾਵਾਂ ਉੱਤੇ ਝੁਲਾਏ ਖਾਲਿਸਤਾਨੀ ਝੰਡੇ ਦੀਆਂ ਤਸਵੀਰਾਂ ਆਦਿ ਦੀ ਪੜਤਾਲ ਵੀ ਸ਼ੁਰੂ ਕਰ ਦਿੱਤੀ ਹੈ।

# ਹਾਈ ਕੋਰਟ ਵੱਲੋਂ ਰਾਧਾ ਸੁਆਮੀ ਮੁਖੀ ਬਾਬਾ ਗੁਰਿੰਦਰ ਸਿੰਘ ਨੂੰ ਛੋਟ ਤੋਂ ਇਨਕਾਰ



**ਨਵੀਂ ਦਿੱਲੀ/ਏ.ਟੀ.ਨਿਊਜ਼:** ਆਮਦਨ ਕਰ ਰਿਟਰਨ ਤੇ ਬੈਂਕ ਸਟੇਟਮੈਂਟ ਦਾਖ਼ਲ ਕਰਨ 'ਚ ਛੋਟ ਦੇਣ ਦੀ ਮੰਗ ਵਾਲੀ ਰਾਧਾ ਸੁਆਮੀ ਸਤਿਸੰਗ ਬਿਆਸ ਦੇ ਮੌਜੂਦਾ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਦੀ ਪਟੀਸ਼ਨ ਦਿੱਲੀ ਹਾਈ ਕੋਰਟ ਨੇ ਖ਼ਾਰਜ ਕਰ ਦਿੱਤੀ ਹੈ।

ਬਾਬਾ ਢਿੱਲੋਂ ਨੇ ਕਿਹਾ ਸੀ ਕਿ ਉਨਾਂ ਤੇ ਉਨਾਂ ਦੇ ਪਰਿਵਾਰ ਨੂੰ ਆਮਦਨ ਕਰ ਰਿਟਰਨ ਤੇ ਬੈਂਕ ਸਟੇਟਮੈਂਟ ਦਾਖ਼ਲ ਕਰਨ ਤੋਂ ਛੋਟ ਦੇਣੀ ਚਾਹੀਦੀ ਹੈ। ਜਸਟਿਸ ਰੇਖਾ ਪੱਲੀ ਨੇ ਸਪੱਸ਼ਟ ਕੀਤਾ ਕਿ ਰਿਟਰਨ, ਬੈਂਕ ਸਟੇਟਮੈਂਟ ਤੇ ਬੈਲੇਂਸ ਸ਼ੀਟ ਸਮੇਤ ਹੋਰ ਦਸਤਾਵੇਜ਼ ਜ਼ਰੂਰੀ ਹਨ ਤਾਂ ਜੋ ਆਰਐੱਚਸੀ ਹੋਲਡਿੰਗਜ਼ ਦੇ ਮਾਲਕ ਮਾਲਵਿੰਦਰ ਸਿੰਘ ਤੇ ਉਨਾਂ ਦੇ ਭਰਾ ਸ਼ਿਵਇੰਦਰ ਸਿੰਘ ਪ੍ਰਤੀ ਉਨਾਂ ਦੀ ਦੇਣਦਾਰੀ ਸਪੱਸ਼ਟ ਕੀਤੀ ਜਾ ਸਕੇ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਉਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ




28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

# ਲਾਕਡਾਊਨ ’ਚ ਬਣਾਈ ਲੱਕੜ ਦੀ ਸਾਈਕਲ

## ਹੁਣ ਵਿਦੇਸ਼ਾਂ ਤੋਂ ਆ ਰਹੇ ਆਰਡਰ, ਹੁਣ ਤੱਕ ਉਹ ਵੇਚ ਚੁਕਾ ਏ 8 ਸਾਈਕਲ

**ਨਵੀਂ ਦਿੱਲੀ /ਏ.ਟੀ.ਨਿਊਜ਼:** ਲਾਕਡਾਊਨ ’ਚ ਘਰ ਰਹਿ ਕੇ ਧਨੀਰਾਮ ਸੱਗੂ ਇੰਨੇ ਬੋਰ ਹੋ ਗਏ ਕਿ ਉਨਾਂ ਨੇ ਲੱਕੜ ਦੀ ਸਾਈਕਲ ਤਿਆਰ ਕਰ ਦਿੱਤੀ। ਲੋਕ ਹੁਣ ਇਸ ਸਾਈਕਲ ਨੂੰ ਕਾਫ਼ੀ ਪਸੰਦ ਕਰ ਰਹੇ ਹਨ ਤੇ ਇਸ ਦੀਆਂ ਤਸਵੀਰਾਂ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਗਈਆਂ ਹਨ। ਦਰਅਸਲ, ਪੇਸ਼ੇ ਤੋਂ ਤਰਖਾਣ ਧਨੀਰਾਮ ਸੱਗੂ ਪੰਜਾਬ ਸੂਬੇ ਦੇ ਜ਼ੀਰਕਪੁਰ ਦੇ ਨਿਵਾਸੀ ਹਨ। 40 ਸਾਲਾ ਧਨੀਰਾਮ ਨੇ ਆਪਣੀ ਮਿਹਨਤ ਤੇ ਸਿਰਜਣਾਤਮਕਤਾ ਨਾਲ ਜੋ ਸਾਈਕਲ ਬਣਾਈ ਹੈ ਉਹ ਆਪਣੇ ਆਪ ’ਚ ਅਨੋਖੀ ਹੈ। ਧਨੀਰਾਮ ਨੇ ਦੱਸਿਆ, ਲਾਕਡਾਊਨ ਦੇ ਸਮੇਂ ਮੇਰੇ ਕੋਲ ਕੰਮ ਨਹੀਂ ਸੀ ਅਤੇ ਲੱਕੜ ਦੀ ਸਾਈਕਲ ਬਣਾਉਣ ਦਾ ਆਈਡੀਆ ਵੀ ਇਸ ਵਜਾ ਨਾਲ ਆਇਆ ਕਿਉਂਕਿ ਮੇਰੇ ਕੋਲ ਸਿਰਫ ਲੱਕੜ ਅਤੇ ਪਲਾਈਵੁੱਡ ਵਰਗੀ ਚੀਜ ਹੀ ਸੀ। ਇਸ ਤੋਂ ਇਲਾਵਾ ਮੇਰੇ ਕੋਲ ਪੁਰਾਣੀ ਸਾਈਕਲ ਦਾ ਸਾਮਾਨ ਵੀ ਪਿਆ ਹੋਇਆ ਸੀ। ਧਨੀਰਾਮ



ਮੁਤਾਬਕ ਉਨਾਂ ਨੇ ਪਹਿਲਾਂ ਸਾਈਕਲ ਦੇ ਪੁਰਜਿਆਂ ਨੂੰ ਸਮਝਿਆ ਅਤੇ ਉਸਦੀ ਇੰਜੀਨੀਅਰਿੰਗ ’ਤੇ ਬਰੀਕੀ ਨਾਲ ਧਿਆਨ ਦਿੱਤਾ। ਇਸ ਤੋਂ ਬਾਅਦ ਉਨਾਂ ਨੇ ਪੇਪਰ ’ਤੇ ਇੱਕ ਬਲੂ ਪ੍ਰਿੰਟ ਤਿਆਰ ਕਰ ਸਾਈਕਲ ’ਤੇ ਕੰਮ ਸ਼ੁਰੂ ਕਰ ਦਿੱਤਾ।

ਉਨਾਂ ਵੱਲੋਂ ਬਣਾਈ ਗਈ ਸਾਈਕਲ ਨੂੰ ਲੋਕ ਕਾਫ਼ੀ ਪਸੰਦ ਕਰ ਰਹੇ ਹਨ ਅਤੇ ਹੁਣ ਤੱਕ ਉਹ 8 ਸਾਈਕਲਾਂ ਨੂੰ ਵੇਚ ਵੀ ਚੁੱਕੇ ਹਨ। ਇੰਨਾ ਹੀ ਨਹੀਂ ਧਨੀਰਾਮ ਕੋਲ ਕਈ ਸਾਈਕਲਾਂ ਦੇ ਐਡਵਾਂਸ ਆਰਡਰ ਵੀ ਹਨ, ਜਿਨਾਂ ਨੂੰ ਪੂਰਾ ਕਰਨ ਦੀ ਤਿਆਰੀ ’ਚ ਉਹ ਲੱਗੇ ਹੋਏ ਹਨ। ਸਾਈਕਲ ਦੇ ਭਾਰ ਦੀ ਗੱਲ ਕਰੀਏ ਤਾਂ ਇਹ 20 ਤੋਂ 22 ਕਿੱਲੋਗ੍ਰਾਮ ਦੀ ਹੈ। ਇਸ ਸਾਈਕਲ ’ਤੇ ਕੋਈ ਵੀ ਆਸਾਨੀ ਨਾਲ 25-30 ਕਿਲੋਮੀਟਰ ਦਾ ਸਫਰ ਤੈਅ ਕਰ ਸਕਦਾ ਹੈ। ਫਿਲਹਾਲ ਧਨੀਰਾਮ ਵੱਲੋਂ ਬਣਾਈ ਇਸ ਸਾਈਕਲ ਨੂੰ ਇੱਕ ਨਿੱਜੀ ਕੰਪਨੀ 15 ਹਜ਼ਾਰ ਰੁਪਏ ’ਚ ਵੇਚ ਰਹੀ ਹੈ। ਧਨੀਰਾਮ ਦੀ ਇਹ ਸਾਈਕਲ ਹੁਣ ਸਿਰਫ ਭਾਰਤ ’ਚ ਹੀ ਨਹੀਂ ਸਗੋਂ ਵਿਦੇਸ਼ਾਂ ’ਚ ਵੀ ਧੁੰਮ ਮਚਾ ਰਹੀ ਹੈ। ਲੱਕੜ ਨਾਲ ਬਣੀ ਇਸ ਸਾਈਕਲ ਦੇ ਖਰੀਦਦਾਰ ਦਿੱਲੀ, ਜਲੰਧਰ ਤੋਂ ਇਲਾਵਾ ਦੱਖਣੀ ਅਫਰੀਕਾ ਅਤੇ ਕੈਨੇਡਾ ’ਚ ਵੀ ਹਨ।

# ਪਫਾਈਜ਼ਰ ਕੰਪਨੀ ਦਾ ਕੋਰੋਨਾ ਵੈਕਸੀਨ ਸੁਰੱਖਿਅਤ, 44000 ਲੋਕਾਂ ’ਤੇ ਹੋਵੇਗੀ ਵੈਕਸੀਨ ਦੀ ਪਰਖ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ):** ਕੋਰੋਨਾ ਵੈਕਸੀਨ ਬਣਾਉਣ ਵਿਚ ਲੱਗੀਆਂ ਕੰਪਨੀਆਂ ਵਿਚੋਂ ਇਕ ਅਹਿਮ ਕੰਪਨੀ ਪਫਾਈਜ਼ਰ ਨੇ ਕਿਹਾ ਹੈ ਕਿ ਉਸ ਦੀ ਪ੍ਰਕ੍ਰਿਆ ਤਹਿਤ ਵੈਕਸੀਨ ਸੁਰੱਖਿਅਤ ਨਜਰ ਆ ਰਹੀ ਹੈ ਤੇ ਉਹ ਇਸ ਸਬੰਧੀ ਅਗਲੇ ਮਹੀਨੇ ਹੋਰ ਜਾਣਕਾਰੀ ਦੇਵੇਗੀ ਕਿ ਇਹ ਵੈਕਸੀਨ ਕਿਸ ਤਰਾਂ ਲੋਕਾਂ ਦੀ ਰਖਿਆ ਕਰੇਗੀ। ਕੰਪਨੀ ਦੇ ਸੀ ਈ ਓ ਅਲਬਰਟ ਬੌਅਰਲਾ ਨੇ ਕਿਹਾ ਹੈ ਕਿ ਉਹ ਚਾਹੁੰਦੇ ਹਨ ਕਿ ਕੋਵਿਡ-19 ਵੈਕਸੀਨ ਬਾਰੇ ਵਧੇਰੇ ਜਾਣਕਾਰੀ ਦੇਣ ਕਿਉਂਕਿ ਸਾਰੀ ਪ੍ਰਕ੍ਰਿਆ ਖੁੱਲੀ ਤੇ ਪਾਰਦਰਸ਼ੀ ਹੋਣੀ ਚਾਹੀਦੀ ਹੈ। ਉਨਾਂ ਕਿਹਾ ਕਿ ਪਾਰਦਰਸ਼ਤਾ ਜਰੂਰੀ ਹੈ ਤਾਂ ਜੋ ਅਸਲ ਸਥਿੱਤੀ ਦਾ ਪਤਾ ਲੱਗ ਸਕੇ। ਕੰਪਨੀ ਨੇ ਕਿਹਾ ਹੈ ਕਿ ਉਹ ਵੈਕਸੀਨ ਦੀ ਪਰਖ ਮੌਜੂਦਾ 30,000 ਤੋਂ ਵਧਾ ਕੇ 44000 ਲੋਕਾਂ ਉਪਰ ਕਰ ਰਹੀ ਹੈ। ਇਨਾਂ ਲੋਕਾਂ ਵਿਚ 16 ਤੋਂ 18 ਸਾਲਾਂ ਦੇ ਨਾਬਾਲਗਾਂ ਸਮੇਤ ਐਚ ਆਈ ਵੀ ਤੇ ਹੈਪਾਟਾਈਟਸ ਏ, ਬੀ ਜਾਂ ਸੀ ਵਰਗੀਆਂ ਬਿਮਾਰੀਆਂ ਨਾਲ ਪੀੜਤ ਲੋਕ ਵੀ ਸ਼ਾਮਲ ਹਨ। ਬੌਅਰਲਾ ਨੇ ਕਿਹਾ ਹੈ ਕਿ ਵੈਕਸੀਨ ਪੂਰੀ ਤਰਾਂ ਸੁਰੱਖਿਅਤ ਨਜਰ ਆਉਣ ਉਪਰੰਤ ਹੀ ਲੋਕਾਂ ਦੀ ਗਿਣਤੀ ਵਧਾਈ ਗਈ ਹੈ। ਇਨਾਂ ਉਪਰ ਬਿਨਾਂ ਸਮਾਂ ਗਵਾਇਆਂ ਵੈਕਸੀਨ ਦੀ ਪਰਖ ਕੀਤੀ ਜਾਵੇਗੀ। ਕੰਪਨੀ ਵੱਲੋਂ ਜਾਰੀ ਵੇਰਵੇ ਅਨੁਸਾਰ ਨਾਬਾਲਗਾਂ ਤੇ ਵੱਡੀ ਉਮਰ ਦੇ ਵਿਅਕਤੀਆਂ ਉਪਰ ਵੈਕਸੀਨ ਦੀ ਕੀਤੀ ਪਰਖ ਦੌਰਾਨ ਸਿਰ ਦੁਖਣ ਜਾਂ ਬਾਂਹ ਉਪਰ ਦਾਣੇ ਨਿਕਲਣ ਵਰਗੇ ਮਾਮੂਲੀ ਬੁਰੇ ਅਸਰ ਵੇਖਣ ਨੂੰ ਮਿਲੇ ਹਨ। ਕੰਪਨੀ ਅਨੁਸਾਰ 6000 ਲੋਕਾਂ ਉਪਰ ਪਰਖ ਕੀਤੀ ਗਈ ਸੀ ਜਿਨਾਂ ਵਿਚੋਂ ਕੁਝ ਨੂੰ ਸਰਗਰਮ ਵੈਕਸੀਨ ਦਿੱਤੀ ਗਈ ਸੀ।

# ਦਰਬਾਰ ਸਾਹਿਬ ਸਮੂਹ ਵਿਚ ਸ਼੍ਰੋਮਣੀ ਕਮੇਟੀ ਦੀ ਗੁੰਡਾਗਰਦੀ; ਧਰਨੇ ’ਤੇ ਬੈਠੇ ਸਿੱਖਾਂ ਅਤੇ ਪੱਤਰਕਾਰਾਂ ’ਤੇ ਟਾਸਕ ਫੋਰਸ ਦਾ ਹਮਲਾ



**ਅੰਮ੍ਰਿਤਸਰ ਟਾਈਮਜ਼ ਬਿਊਰੋ:** ਸ਼੍ਰੋਮਣੀ ਕਮੇਟੀ ਦੀ ਟਾਸਕ ਫੋਸਰ ਨੇ ਅੱਜ ਦਰਬਾਰ ਸਾਹਿਬ ਸਮੂਹ ਵਿਚ ਗੁੰਡਾਗਰਦੀ ਕਰਦਿਆਂ ਲਾਪਤਾ ਪਾਵਨ ਸਰੂਪਾਂ ਦੇ ਮਾਮਲੇ ’ਚ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਸਮੇਤ ਵੱਖ-ਵੱਖ ਸਿੱਖ ਜਥੇਬੰਦੀਆਂ ਵਲੋਂ ਲਾਏ ਗਏ ਧਰਨੇ ’ਤੇ ਹਮਲਾ ਕਰ ਦਿੱਤਾ। ਇਸ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਇਕੱਠੇ ਕੀਤੇ ਗਰੋਹ ਨੇ ਪੱਤਰਕਾਰਾਂ ਨਾਲ ਵੀ ਕੁੱਟਮਾਰ ਕੀਤੀ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਵਲੋਂ ਗੁਰਦੁਆਰਾ ਬਾਬਾ ਅਟੱਲ ਰਾਏ ਵਾਲੇ ਰਸਤੇ, ਗੁਰੂ ਰਾਮਦਾਸ ਸਰਾਂ ਦੇ ਨਜ਼ਦੀਕ ਅਤੇ ਮੰਜੀ ਸਾਹਿਬ ਦੀਵਾਨ ਹਾਲ ਨੂੰ ਜਾਂਦੇ ਰਸਤਿਆਂ ’ਤੇ ਟੀਨਾਂ ਨਾਲ ਬੈਰੀਕੇਡਿੰਗ ਕਰ ਦਿੱਤੀ ਗਈ ਸੀ ਤਾਂ ਕਿ ਆਮ ਸ਼ਰਧਾਲੂ ਰੋਸ ਧਰਨੇ ਵਾਲੇ ਪਾਸੇ ਨਾ ਜਾ ਸਕਣ। ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਦੀ ਅਗਵਾਈ ਪ੍ਰਤਾਪ ਸਿੰਘ ਮੀਤ ਸਕੱਤਰ ਕਰ ਰਹੇ ਸਨ ਅਤੇ ਉਨ੍ਹਾਂ ਵਲੋਂ ਮਾਰ-ਕੁੱਟ ਕਰਨ ਦੇ ਨਾਲ-ਨਾਲ ਧਰਨੇ ’ਤੇ ਬੈਠੇ ਸਿੱਖਾਂ ਨੂੰ ਗਾਲ੍ਹਾਂ ਵੀ ਕੱਢੀਆਂ ਗਈਆਂ। ਕੁੱਟਮਾਰ ਦੌਰਾਨ ਟਾਸਕ ਫੋਰਸ ਵਲੋਂ ਜਥੇਬੰਦੀਆਂ ਦੇ ਨੁਮਾਇੰਦਿਆਂ ਦੇ ਦੁਮਾਲੇ ਤੱਕ ਲਾਹ ਦਿੱਤੇ ਗਏ ਅਤੇ ਕਈਆਂ ਦੇ ਸੱਟਾਂ ਲੱਗਣ ਦੀਆਂ ਖ਼ਬਰਾਂ ਵੀ ਹਨ।

# ਮਿਸ ਵਰਲਡ ਅਮਰੀਕਾ ਮੁਕਾਬਲੇ ਵਿਚ ਭਾਰਤੀ ਮੂਲ ਦੀਆਂ 6 ਅਮਰੀਕੀ ਕੁੜੀਆਂ ਲੈਣਗੀਆਂ ਹਿੱਸਾ



**ਕੈਲੀਫੋਰਨੀਆ ( ਹੁਸਨ ਲੜੋਆ ਬੰਗਾ):** ਮਿਸ ਵਰਲਡ ਅਮਰੀਕਾ 2020 ਮੁਕਾਬਲੇ ਦੇ ਪ੍ਰਬੰਧਕਾਂ ਨੇ ਐਲਾਨ ਕੀਤਾ ਹੈ ਕਿ ਕੁਲ 2020 ਕੁੜੀਆਂ ਵਿਚੋਂ 28 ਕੁੜੀਆਂ ਨੂੰ ਚੁਣਿਆ ਗਿਆ ਹੈ ਜੋ ਮੁਕਾਬਲੇ ਵਿਚ ਹਿੱਸਾ ਲੈਣਗੀਆਂ। ਇਨਾਂ ਵਿਚ ਭਾਰਤੀ ਮੂਲ ਦੀਆਂ 6 ਅਮਰੀਕੀ ਤੇ ਬੰਗਲਾਦੇਸ਼ੀ ਮੂਲ ਦੀ ਇਕ ਅਮਰੀਕਨ ਕੁੜੀ ਸ਼ਾਮਲ ਹੈ। ਭਾਰਤੀ ਮੂਲ ਦੀਆਂ ਅਮਰੀਕਨ ਕੁੜੀਆਂ ਵਿਚ ਸੇਰੇਨ ਸਿੰਘ ਕੋਲੋਰਾਡੋ, ਰਾਧਿਕਾ ਸ਼ਾਹ ਨੇਵਾਡਾ, ਮੰਜੂ ਬੰਗਲੌਰ ਓਰੇਗੋਨ, ਮਾਨਿਆ ਸਰਸਵਤੀ ਪੈਨਲਿਵਾਨੀਆ, ਸ਼੍ਰੀ ਸੈਨੀ ਵਾਸ਼ਿੰਗਟਨ ਤੇ ਸ੍ਰੀ ਮੰਗਲਾ ਚਾਵਾ ਵੈਸਟ ਵਰਜੀਨੀਆ ਸ਼ਾਮਿਲ ਹਨ। ਬੰਗਲਾ ਦੇਸ਼ੀ ਮੂਲ ਦੀ ਅਮਰੀਕਨ ਕੁੜੀ ਅਫਰੋਜ਼ਾ ਨਿਸ਼ੀ ਮੁਕਾਬਲੇ ਵਿਚ ਹਿੱਸਾ ਲਵੇਗੀ। ਪ੍ਰਬੰਧਕਾਂ ਵੱਲੋਂ ਜਾਰੀ ਬਿਆਨ ਅਨੁਸਾਰ ਨਵੀਂ ਮਿਸ ਵਰਲਡ ਅਮਰੀਕਾ ਤੇ ਮਿਸ ਟੀਨ ਵਰਲਡ ਅਮਰੀਕੀ ਕੁਈਨ ਨੂੰ ਰਸਮੀ ਤਾਜ਼ ਪਹਿਨਾਉਣ ਲਈ ਲਾਸ-ਏਂਜਲਸ ਵਿਚ ਸਮਾਗਮ ਹੋਵੇਗਾ।















Sir Speedy Tustin
Printers to the Community
SUBWAY eat fresh.
OPEN 24 HOURS
7 ELEVEN
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
LOVE
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
7 ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Product
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਗੁੰਮਸ਼ੁਦਗੀ ਕਾਰਨ ਸਰੋਮਣੀ ਕਮੇਟੀ ਕਟਿਹਰੇ ਵਿੱਚ

- ਸਰੋਮਣੀ ਕਮੇਟੀ ਦੇ ਨਰੈਣੂਸ਼ਾਹੀ ਫੈਸਲੇ ਅਤੇ ਪੰਥਕ ਧਿਰਾਂ ਦੀ ਕਮਜ਼ੋਰ ਕਾਰਜਸ਼ੈਲੀ ਪੰਥਕ ਸੰਕਟ ਦਾ ਕਾਰਣ
- ਸਿੱਖ ਜਥੇਬੰਦੀਆਂ ਵੱਲੋਂ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਅੱਗੇ ਧਰਨਾ
- ਸਤਿਕਾਰ ਕਮੇਟੀਆਂ ਤੇ ਅਕਾਲੀ ਦਲ ਅੰਮ੍ਰਿਤਸਰ ਤੇ ਦਲ ਖਾਲਸਾ ਪੰਥਕ ਸੰਘਰਸ਼ ਨੂੰ ਲੈ ਕੇ ਆਪਸ ਵਿਚ ਪਾਟੋਧਾੜ
- ਅਕਾਲੀ ਲੀਡਰਸ਼ਿਪ ਨੇ ਇਤਿਹਾਸ ਵਿਚ ਪਹਿਲੀ ਵਾਰ ਪੰਥਕ ਸੰਕਟ ਤੋਂ ਪੂਰੀ ਤਰਾਂ ਟਾਲਾ ਵੱਟਿਆ



**- ਬਘੇਲ ਸਿੰਘ ਧਾਲੀਵਾਲ**
99142-58142

ਨਿਊਜ ਵਿਸ਼ਲੇਸ਼ਣ



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਗੁੰਮਸ਼ੁਦਗੀ ਨੇ ਇੱਕ ਵਾਰ ਫਿਰ ਅਜਿਹੇ ਸੁਆਲ ਖੜੇ ਕੀਤੇ ਹਨ, ਜਿੰਨਾਂ ਨੇ ਸਰੋਮਣੀ ਕਮੇਟੀ ਨੂੰ ਕਟਿਹਰੇ ਵਿੱਚ ਖੜਾ ਕਰ ਦਿੱਤਾ ਹੈ। ਤਕਰੀਬਨ ਸੌ ਸਾਲ ਪਹਿਲਾਂ ਗੁਰਦੁਆਰਾ ਪਰਬੰਧ ਨੂੰ ਮਹੰਤਾਂ ਦੇ ਕਬਜੇ ਵਿਚੋਂ ਕੱਢ ਕੇ ਸੁਚਾਰੂ ਢੰਗ ਨਾਲ ਚਲਾਉਣ ਹਿੱਤ ਅਤੇ ਸਿੱਖੀ ਸਿਧਾਂਤਾਂ ਦੀ ਰਾਖੀ ਨੂੰ ਯਕੀਨੀ ਬਨਾਉਣ ਦੀ ਸ਼ੁੱਧ ਮਣਸ਼ਾ ਨਾਲ ਸਰੋਮਣੀ ਕਮੇਟੀ ਹੋਂਦ ਵਿੱਚ ਆਈ। ਇਹ ਉਹ ਸਮਾਂ ਸੀ ਜਦੋਂ ਅੰਗਰੇਜ਼ ਹਕੂਮਤ ਦੀ ਸ਼ਹਿ 'ਤੇ ਮਹੰਤਾਂ ਨੇ ਸ੍ਰੀ ਦਰਬਾਰ ਸਾਹਿਬ ਸਮੇਤ ਪਰਮੁੱਖ ਇਤਿਹਾਸਕ ਗੁਰਦੁਆਰਾ ਸਾਹਿਬਾਨਾਂ 'ਚ ਸਿੱਖੀ ਸਿਧਾਂਤਾਂ ਨੂੰ ਤਹਿਸ ਨਹਿਸ ਕਰਨ ਦੇ ਇਰਾਦੇ ਨਾਲ ਮਨਮੱਤੀਆਂ ਤੇ ਅਯਾਸ਼ੀਆਂ ਕਰਨਾ ਅਪਣਾ ਸ਼ੌਂਕ ਬਣਾ ਲਿਆ ਸੀ। ਇਸ ਨਾ-ਸਹਿਣਯੋਗ ਵਰਤਾਰੇ ਦੇ ਵਿਰੋਧ ਵਿੱਚ ਸਿੱਖਾਂ ਨੇ ਖ਼ੂਨ ਡੋਲਵਾਂ ਲੰਮਾ ਫੈਸਲਾਕੁਨ ਸੰਘਰਸ਼ ਲੜਿਆ। ਉਸ ਵਰਤਾਰੇ ਨੇ ਹੀ ਸਿੱਖਾਂ ਨੂੰ ਸ਼੍ਰੋਮਣੀ ਕਮੇਟੀ ਦੀ ਲੋੜ ਦਾ ਅਹਿਸਾਸ ਕਰਵਾਇਆ। ਕਹਿਣ ਤੋਂ ਭਾਵ ਹੈ ਕਿ ਜਿਸ ਸੰਸਥਾ ਦੀ ਉਸਾਰੀ ਲਈ ਸਿੱਖਾਂ ਨੇ ਆਪਣੇ ਲਹੂ ਮਿੱਝ ਦੀ ਵਰਤੋਂ ਕੀਤੀ ਹੋਵੇ ਤਾਂ ਜੋ ਸਿੱਖ ਰਹਿਤ ਮਰਯਾਦਾ ਅਤੇ ਸਿੱਖੀ ਸਿਧਾਂਤਾਂ ਨੂੰ ਕੋਈ ਆਂਚ ਨਾ ਆਵੇ, ਅੱਜ ਉਸ ਸੰਸਥਾ 'ਤੇ ਹੀ ਸਿੱਖੀ ਸਿਧਾਂਤਾਂ ਨੂੰ ਤਹਿਸ ਨਹਿਸ ਕਰਨ ਦੇ ਗੰਭੀਰ ਦੋਸ਼ ਲੱਗ ਰਹੇ ਹੋਣ, ਸਿੱਖ ਕੌਮ ਲਈ ਇਸ ਤੋਂ ਵੱਡੀ ਨਮੋਸ਼ੀ ਵਾਲੀ ਹੋਰ ਕਿਹੜੀ ਗੱਲ ਹੋ ਸਕਦੀ ਹੈ। ਬੇਸ਼ੱਕ ਬਰਗਾੜੀ ਕਾਂਡ ਹੋਵੇ ਜਾਂ ਮੌਜੂਦਾ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਗੁੰਮਸ਼ੁਦਗੀ ਦਾ ਮਾਮਲਾ ਹੋਵੇ, ਸ਼ਰੋਮਣੀ ਕਮੇਟੀ ਹਮੇਸ਼ਾ ਨਾਕਾਮ ਹੀ ਸਿੱਧ ਨਹੀ ਹੋਈ ਬਲਕਿ ਸਿੱਧੇ ਤੌਰ 'ਤੇ ਦੋਸ਼ੀਆਂ ਦੀ ਕਤਾਰ ਵਿੱਚ ਖੜੀ ਪਰਤੀਤ ਹੁੰਦੀ ਹੈ। ਜੂਨ 1984 ਦੇ ਘੱਲੂਘਾਰੇ ਦੀ ਯਾਦ ਹੋਵੇ ਜਾਂ ਸਿੱਖ ਲਹਿਰ ਦੇ ਕਿਸੇ ਸਿੰਘ ਦੀ ਯਾਦ ਵਿੱਚ ਅਰਦਾਸ ਦਾ ਦਿਹਾੜਾ ਹੋਵੇ, ਸ਼ਰੋਮਣੀ ਕਮੇਟੀ ਕਦੇ ਵੀ ਇਹ ਨਹੀਂ ਚਾਹੁੰਦੀ ਕਿ ਸਿੱਖ ਸੰਗਤ ਆਪਣੇ ਸ਼ਹੀਦਾਂ ਦੀ ਯਾਦ 'ਚ ਇਕੱਤਰ ਹੋ ਕੇ ਅਰਦਾਸ ਵਿੱਚ ਸ਼ਾਮਲ ਹੋਣ। ਇੱਥੇ ਇਹ ਕਹਿਣਾ ਕੋਈ ਗਲਤ ਨਹੀ ਹੋਵੇਗਾ ਕਿ ਮੌਜੂਦਾ ਦੌਰ ਵਿੱਚ ਸ਼ਰੋਮਣੀ ਕਮੇਟੀ ਉਹ ਹੀ ਭੂਮਿਕਾ ਅਦਾ ਕਰ ਰਹੀ ਹੈ, ਜਿਹੜੀ ਕਦੇ ਨਰੈਣੂ ਮਹੰਤ ਦੀ ਜੁੰਡਲੀ ਕਰਦੀ ਰਹੀ ਹੈ। ਅੱਜ ਸ਼ਰੋਮਣੀ ਕਮੇਟੀ ਗੁਰੂ ਗ੍ਰੰਥ ਸਾਹਿਬ ਦੇ ਸੈਕੜਿਆਂ ਦੀ ਗਿਣਤੀ 'ਚ ਗੁੰਮ ਹੋਏ ਪਾਵਨ ਸਰੂਪਾਂ ਦੀ ਵਜਾਹ ਕਰਕੇ ਫਿਰ ਜੋਰਦਾਰ ਚਰਚਾ ਵਿੱਚ ਹੈ। ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਹਰਪ੍ਰੀਤ ਸਿੰਘ ਵੱਲੋਂ ਇਸ ਮਾਮਲੇ ਦੀ ਜਾਂਚ ਲਈ ਬਣਾਈ ਕਮੇਟੀ ਦੀ ਰੀਪੋਰਟ ਆਉਣ ਤੋਂ ਬਾਅਦ ਇਹ ਮਾਮਲਾ ਉਸ ਸਮੇਂ ਬੁਰੀ ਤਰਾਂ ਗਰਮਾ ਗਿਆ, ਜਦੋਂ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਇਸ ਮਾਮਲੇ ਤੇ ਆਪਣਾ ਫੈਸਲਾ ਸੁਣਾਉਂਦਿਆਂ, ਜਿਸ ਤਰਾਂ ਗੋਂਗਲੂਆਂ ਤੋ ਮਿੱਟੀ ਝਾੜਨ ਵਾਲੀ ਗੱਲ ਕੀਤੀ, ਉਸ ਨੇ ਸ਼ਰੋਮਣੀ ਕਮੇਟੀ ਦੀ ਭੂਮਿਕਾ ਨੂੰ ਹੋਰ ਵੀ ਸ਼ੱਕੀ ਬਣਾ ਦਿੱਤਾ ਹੈ।

ਸ਼ਰੋਮਣੀ ਕਮੇਟੀ ਦੇ ਪ੍ਰਧਾਨ ਨੇ ਇਸ ਸੰਵੇਦਨਸ਼ੀਲ ਮਾਮਲੇ ਦੀ ਤਹਿ ਤੱਕ ਜਾਣ ਦੀ ਬਜਾਏ ਇਹ ਕਹਿੰਦਿਆਂ ਮਾਮਲੇ ਨੂੰ ਮੁੱਢੋ ਹੀ ਰੱਦ ਕਰ ਦਿੱਤਾ ਕਿ ਸਰੂਪ ਨਾ ਹੀ ਗੁੰਮ ਹੋਏ ਹਨ ਅਤੇ ਨਾ ਹੀ ਸਰੂਪ ਘੱਟਦੇ ਹਨ, ਉਹਨਾਂ ਇਸ ਘਟਨਾ ਤੋਂ ਧਿਆਨ ਹਟਾਉਣ ਅਤੇ ਅਸਲ ਦੋਸ਼ੀਆਂ ਨੂੰ ਬਚਾਉਣ ਲਈ ਪ੍ਰਕਾਸ਼ਨਾ ਵਿਭਾਗ ਦੇ ਮੁਲਾਜ਼ਮਾਂ ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਗਾ ਕੇ ਮਾਮਲਾ ਰਫਾ ਦਫਾ ਕਰ ਦਿੱਤਾ।

### ਸਿੱਖ ਜਥੇਬੰਦੀਆਂ ਵੱਲੋਂ ਧਰਨਾ

ਦੂਸਰੇ ਪਾਸੇ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਦੀ ਇਸ ਸ਼ੱਕੀ ਕਾਰਵਾਈ ਤੋਂ ਔਖੀਆਂ ਪੰਥਕ ਧਿਰਾਂ ਸਤਿਕਾਰ ਕਮੇਟੀਆਂ ਤੇ ਹੋਰ ਸਿੱਖ ਜਥੇਬੰਦੀਆਂ ਨੇ ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਦੇ ਬਾਹਰ ਧਰਨਾ ਲਗਾ ਦਿੱਤਾ ਹੈ ਤੇ ਦੋਸ਼ੀਆਂ ਖਿਲਾਫ਼ ਕਾਰਵਾਈ ਦੀ ਮੰਗ ਕੀਤੀ। ਸ਼੍ਰੋਮਣੀ ਕਮੇਟੀ ਨੇ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਕਥਾ ਮਗਰੋਂ ਇਸ ਦੇ ਦਰਵਾਜ਼ੇ ਬੰਦ ਕਰ ਦਿੱਤੇ ਅਤੇ ਇਸ ਦੇ ਬਾਹਰ ਆਪਣੇ ਕਰਮਚਾਰੀ ਤਾਇਨਾਤ ਕਰ ਦਿਤੇ। ਇਸ ਦੌਰਾਨ ਸਿੱਖ ਜਥੇਬੰਦੀਆਂ ਦੇ ਕੁਝ ਕਾਰਕੁਨਾਂ ਨੇ ਦੀਵਾਨ ਹਾਲ ਮੰਜੀ ਸਾਹਿਬ ਦੇ ਬਾਹਰ ਧਰਨਾ ਦੇ ਦਿੱਤਾ। ਕੁਝ ਸਿੱਖ ਕਾਰਕੁਨਾਂ ਨੂੰ ਗੁਰਦੁਆਰਾ ਬਾਬਾ ਅਟੱਲ ਰਾਏ ਨੇੜੇ ਗੇਟ ਦੇ ਬਾਹਰ ਰੋਕ ਲਿਆ ਗਿਆ ਅਤੇ ਉਨਾਂ ਨੇ ਸੜਕ ਵਿੱਚ ਹੀ ਧਰਨਾ ਦੇ ਦਿੱਤਾ। ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨਾਲ ਹੋਈ ਗੱਲਬਾਤ ਤੋਂ ਬਾਅਦ ਸਿੱਖ ਕਾਰਕੁਨਾਂ ਦਾ ਜਥਾ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਦੇ ਬਾਹਰ ਧਰਨਾ ਦੇ ਕੇ ਬੈਠ ਗਿਆ। ਇਸ ਦਰਮਿਆਨ ਹੀ ਇੱਕ ਹੋਰ ਖਬਰ ਵੀ ਸੁਨਣ ਨੂੰ ਮਿਲੀ ਹੈ ਕਿ ਸ਼ਰੋਮਣੀ ਅਕਾਲੀ ਦਲ (ਅ), ਦਲ ਖਾਲਸਾ ਅਤੇ ਉਹਨਾਂ ਨਾਲ ਸਬੰਧਤ ਜਥੇਬੰਦੀਆਂ ਨੇ 14 ਸਤੰਬਰ ਵਾਲੀ ਮੀਟਿੰਗ ਦਾ ਦਿਨ ਸਮਾ ਤੇ ਸਥਾਨ ਬਦਲ ਕੇ 17 ਸਤੰਬਰ ਕਰ ਦਿੱਤਾ ਹੈ। ਇੱਕ ਪਾਸੇ ਜਦੋ ਸਰੋਮਣੀ ਕਮੇਟੀ ਪੰਥਕ ਰਹੁ ਰੀਤਾਂ, ਸਿੱਖੀ ਸਿਧਾਂਤ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਖੀ ਕਰਨ ਵਿੱਚ ਵੀ ਅਸਫਲ ਸਿੱਧ ਹੋਈ ਹੈ ਤੇ ਆਪਣੇ ਗੁਨਾਹਾਂ ਨੂੰ ਦਬਾਉਣ ਅਤੇ ਛੁਪਾਉਣ ਲਈ ਸਖਤੀ ਵਰਤਣ ਤੇ ਉੱਤਰੀ ਹੋਈ ਹੈ, ਉਸ ਮੌਕੇ ਪੰਥਕ ਧਿਰਾਂ ਨੂੰ ਏਕੇ ਦੀ ਬੇਹੱਦ ਜ਼ਿਆਦਾ ਜਰੂਰਤ ਸੀ ਪਰ ਏਥੇ ਇੱਕ ਵਾਰ ਫਿਰ ਪੰਥਕ ਜਥੇਬੰਦੀਆਂ ਤੇ ਸਤਿਕਾਰ ਕਮੇਟੀਆਂ ਦੇ ਆਗੂਆਂ ਨੇ ਆਪਣੀ ਆਪਣੀ ਹਉਮੈਂ ਦਾ ਪ੍ਰਗਟਾਵਾ ਕਰਦਿਆਂ ਸ਼ਰੋਮਣੀ ਕਮੇਟੀ ਖਿਲਾਫ ਵਿੱਢੀ ਲੜਾਈ ਵਿੱਚ ਸ਼ੁਰੂਆਤ ਤੋਂ ਪਹਿਲਾਂ ਹੀ ਕਮਜ਼ੋਰੀ ਦਿਖਾ ਕੇ ਕੌਮ ਨੂੰ ਨਿਰਾਸ਼ ਕੀਤਾ ਹੈ। ਸ਼ਰੋਮਣੀ ਅਕਾਲੀ ਦਲ(ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਦਲ ਖਾਲਸਾ ਦੇ ਪ੍ਰਧਾਨ ਭਾਈ ਹਰਪਾਲ ਸਿੰਘ ਚੀਮਾ ਅਤੇ ਯੁਨਾਈਟਡ ਅਕਾਲੀ ਦਲ ਦੇ ਪ੍ਰਧਾਨ ਗੁਰਦੀਪ ਸਿੰਘ ਬਠਿੰਡਾ ਦੇ ਨਾਮ ਹੇਠ ਦਿੱਤੇ ਗਏ ਇਸ਼ਤਿਹਾਰ ਵਿੱਚ 14 ਸਤੰਬਰ ਦੀ ਮੀਟਿੰਗ ਨੂੰ ਅੱਗੇ ਪਾਉਣ ਦਾ ਕਾਰਨ ਦੱਸਦੇ ਹੋਏ ਲਿਖਿਆ ਗਿਆ ਹੈ ਕਿ ਕੁੱਝ ਜਥੇਬੰਦੀਆਂ ਵੱਲੋਂ ਪੰਥਕ ਏਕਤਾ ਨੂੰ ਤਾਰਪੀਡੋ ਕਰਨ ਲਈ ਵੱਖਰੇ ਤੌਰ 'ਤੇ ਮੀਟਿੰਗ ਕਰਨ ਦਾ ਐਲਾਨ ਕਰਕੇ ਭਰਾਮਾਰੂ ਜੰਗ ਨੂੰ ਸੱਦਾ ਦੇਣ ਦੀ ਗੁਸਤਾਖੀ ਕੀਤੀ ਗਈ ਹੈ , ਜਿਸ ਨੂੰ ਅਕਾਲੀ ਦਲ (ਅ) ਅਤੇ ਸਮੁੱਚੀਆਂ ਜਥੇਬੰਦੀਆਂ ਨਹੀਂ ਚਾਹੁੰਦੀਆਂ। ਦੂਸਰਾ ਇਹਨਾਂ ਜਥੇਬੰਦੀਆਂ ਵੱਲੋਂ ਵੱਖਰਾ ਪਰੋਗਰਾਮ ਕਰਨ ਦੇ ਐਲਾਨ ਕਰਕੇ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਨੇ ਗੁਰਦੁਆਰਾ ਮੰਜੀ ਸਾਹਿਬ ਵਿੱਚ ਮਰਯਾਦਾ ਦਾ ਹਵਾਲਾ ਦੇ ਕੇ ਅਜਿਹੇ ਹੋਣ ਵਾਲੇ ਇਕੱਠ 'ਤੇ ਰੋਕ ਲਗਾ ਦਿੱਤੀ ਹੈ, ਇਸ ਲਈ ਸਿੱਖ ਪੰਥ ਭਰਾ ਮਾਰੂ ਜੰਗ ਵੱਲ ਨਾ ਵਧੇ ਅਤੇ ਪੰਥ ਇੱਕ ਮਕਸਦ ਲਈ ਇੱਕ ਰੂਪ ਹੋ ਕੇ ਅੱਗੇ ਵਧੇ, ਉਸ ਮਕਸਦ ਨੂੰ ਮੁੱਖ ਰੱਖਦੇ ਹੋਏ 14 ਸਤੰਬਰ ਨੂੰ ਹੋਣ ਵਾਲੀ ਪੰਥਕ ਇਕੱਤਰਤਾ ਮੁਲਤਵੀ ਕਰਕੇ ਹੁਣ 17 ਸਤੰਬਰ ਦਿਨ ਵੀਰਵਾਰ ਨੂੰ ਅਕਾਲ ਤਖਤ ਸਾਹਿਬ ਵਿਖੇ ਸਮੂਹਿਕ ਪੰਥਕ ਸੰਜੀਦਾ ਇਕੱਠਾ ਹੋਵੇਗਾ, ਜਿਸ ਵਿੱਚ ਸਰਬਸੰਮਤੀ ਦੇ ਫੈਸਲੇ ਕਰਕੇ ਅਗਲਾ ਪਰੋਗਰਾਮ ਸਾਂਝੇ ਤੌਰ 'ਤੇ ਉਲੀਕਿਆ ਜਾਵੇਗਾ, ਤਾਂ ਕਿ ਅਸੀ ਸਾਰੇ ਪੰਥ ਦਰਦੀ ਇੱਕ ਤਾਕਤ ਹੋ ਕੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਲੋਪ ਕਰਨ ਵਾਲਿਆਂ ਤੇ ਅਪਮਾਨ ਕਰਨ ਵਾਲੇ ਦੋਸ਼ੀ ਸ਼ਰੋਮਣੀ ਕਮੇਟੀ ਦੇ ਪ੍ਰਧਾਨ, ਅਗਜੈਕਟਿਵ ਮੈਂਬਰਾਂ ਅਤੇ ਸੀ ਏ, ਐਸ ਐਸ ਕੋਹਲੀ ਆਦਿ ਵਿਰੁੱਧ ਸਮੂਹਿਕ ਰੂਪ ਵਿੱਚ ਐਫ ਆਈ ਆਰ ਦਰਜ ਕਰਵਾਉਣ ਤੇ ਸਮੁੱਚੀ ਸਰੋਮਣੀ ਕਮੇਟੀ, ਅਹੁਦੇਦਾਰ ਅਤੇ ਮੈਂਬਰਾਂ ਤੋ ਅਸਤੀਫਾ ਲੈਣ ਦੀ ਮਹਿੰਮ ਨੂੰ ਅਮਲੀ ਰੂਪ ਦਿੰਦੇ ਹੋਏ, ਇਸ ਵਿਸ਼ੇ 'ਤੇ ਫੈਸਲਾਕੁਨ ਸੰਘਰਸ਼ ਵਿੱਢਣ ਲਈ ਵਿਚਾਰ ਕਰਦੇ ਹੋਏ ਅਗਲਾ ਕੌਮੀ ਐਕਸ਼ਨ ਪਰੋਗਰਾਮ ਉਲੀਕ ਸਕੀਏ।

ਜੇਕਰ ਸਤਿਕਾਰ ਕਮੇਟੀਆਂ ਵੱਲੋਂ ਰੱਖੀਆਂ ਗਈਆਂ ਮੰਗਾਂ ਵੱਲ ਨਜ਼ਰ ਮਾਰੀ ਜਾਵੇ ਤਾਂ ਉਹਨਾਂ ਨੇ ਵੀ ਸਿਰਫ ਤੇ ਸਿਰਫ ਪਾਵਨ ਸਰੂਪਾਂ ਦੇ ਮਾਮਲੇ ਸਬੰਧੀ ਹੀ ਤਿੰਨ ਮੰਗਾਂ ਰੱਖੀਆਂ ਹਨ, ਜਿਹਨਾਂ ਵਿੱਚ ਪਹਿਲੀ ਤਾਂ ਇਹ ਕਿ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਕਿੱਥੇ ਗਏ, ਇਸ ਸਬੰਧੀ ਸਹੀ ਜਾਣਕਾਰੀ ਦਿੱਤੀ ਜਾਵੇ, ਦੂਜੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਦਾ ਕੰਮ ਆਰਜੀ ਤੌਰ 'ਤੇ ਬੰਦ ਕੀਤਾ ਜਾਵੇ ਅਤੇ ਤੀਜਾ ਦੋਸ਼ੀਆਂ 'ਤੇ ਪਰਚਾ ਦਰਜ ਕਰਕੇ ਸਜਾਵਾਂ ਦਿੱਤੀਆਂ ਜਾਣ।

### ਅਕਾਲੀਆਂ ਨੂੰ ਮਹਿੰਗਾ ਪੈ ਸਕਦਾ ਸ਼੍ਰੋਮਣੀ ਕਮੇਟੀ

### ਸੰਕਟ ਤੋਂ ਟਾਲਾ ਵੱਟਣਾ

ਗੁਰੂ ਗ੍ਰੰਥ ਸਾਹਿਬ ਦੇ 300 ਤੋਂ ਵਧੇਰੇ ਸਰੂਪਾਂ ਦੇ ਗੁੰਮ ਹੋਣ ਬਾਰੇ ਅਕਾਲੀ ਲੀਡਰਸ਼ਿਪ ਇਤਿਹਾਸ ਵਿਚ ਪਹਿਲੀ ਵਾਰ ਇਸ ਸੰਕਟ ਨੂੰ ਆਪਣਾ ਸਮਝ ਕੇ ਹੱਲ ਕਰਨ ਤੋਂ ਪੂਰੀ ਤਰਾਂ ਟਾਲਾ ਵੱਟ ਰਹੀ ਹੈ। ਅਕਾਲੀ ਦਲ ਸ਼੍ਰੋਮਣੀ ਕਮੇਟੀ ਚੋਣਾਂ ਲੜਦਾ ਹੈ ਤੇ ਪਾਰਟੀ ਦਾ ਪ੍ਰਧਾਨ ਹੀ ਪਿਛਲੇ 20 ਸਾਲ ਤੋਂ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਥਾਪਦਾ ਆਇਆ ਹੈ। ਵਿਧਾਨ ਸਭਾ ਚੋਣ ਹੋਵੇ ਜਾਂ ਕੋਈ ਹੋਰ ਪਾਰਟੀ ਨੇ ਰੈਲੀਆਂ ਕਰਨੀਆਂ ਹੋਣ ਜਾਂ ਸਮਾਗਮ, ਹਮੇਸ਼ਾ ਪਾਰਟੀ ਪ੍ਰਧਾਨ, ਖੇਤਰਾਂ ਦੇ ਦਲ ਨਾਲ ਸਬੰਧਿਤ ਸ਼੍ਰੋਮਣੀ ਕਮੇਟੀ ਦੀਆਂ ਮੀਟਿੰਗਾਂ ਸੱਦ ਕੇ ਉਨਾਂ ਨੂੰ ਜ਼ਿੰਮੇਵਾਰੀਆਂ ਸੌਂਪਦੇ ਰਹੇ ਹਨ। ਸ਼੍ਰੋਮਣੀ ਕਮੇਟੀ 'ਚ ਅਹਿਮ ਅਹੁਦੇਦਾਰ ਤੇ ਅਧਿਕਾਰੀ ਅਕਾਲੀ ਲੀਡਰਸ਼ਿਪ ਦੀ ਮਰਜ਼ੀ ਨਾਲ ਹੀ ਲਗਦੇ ਰਹੇ ਹਨ। ਸ਼੍ਰੋਮਣੀ ਕਮੇਟੀ ਦਾ 20 16 'ਚ ਲਗਾਇਆ ਮੁੱਖ ਸਕੱਤਰ ਹਰਚਰਨ ਸਿੰਘ ਤੇ ਉਸ ਤੋਂ ਪਹਿਲਾਂ ਨਿਯੁਕਤ ਕੀਤੇ ਮੁੱਖ ਲੇਖਾਕਾਰ ਐੱਸ.ਐੱਸ.ਕੋਹਲੀ ਬਾਰੇ ਹਮੇਸ਼ਾਂ ਚਰਚਾ ਰਹੀ ਹੈ ਕਿ ਉਹ ਅਕਾਲੀ ਦਲ ਦੇ ਪ੍ਰਧਾਨ ਦੀ ਹੀ ਚੋਣ ਸਨ। ਉਂਝ ਵੀ ਸ਼੍ਰੋਮਣੀ ਕਮੇਟੀ ਉੱਪਰ ਕਬਜ਼ੇ ਦੀ ਸਿਆਸੀ ਜੰਗ ਵਿਚ ਅਕਾਲੀ ਲੀਡਰਸ਼ਿਪ ਨਿਸੰਗ ਜੋ ਕੇ ਸ਼੍ਰੋਮਣੀ ਕਮੇਟੀ 'ਚ ਆਪਣੇ ਭਾਰੂਪਨ ਨੂੰ ਸਿੱਖ ਜਗਤ ਉੱਤੇ ਆਪਣੀ ਮਜ਼ਬੂਤ ਪਕੜ ਦਾ ਪ੍ਰਮਾਣ ਦੱਸਦੀ ਆ ਰਹੀ ਹੈ। ਅਜਿਹੇ ਦਾਅਵਾ ਤੇ ਪਹਿਰੇਦਾਰੀ ਉਹ ਸੰਸਥਾ ਜਾਂ ਦਲ ਹੀ ਕਰਦਾ ਹੈ, ਜਿਸ ਨੂੰ ਉਸ ਸੰਸਥਾ ਦੇ ਅਕੀਦਿਆਂ, ਉਦੇਸ਼, ਪੱਤਣ ਤੇ ਸੇਵਾ ਭਾਵਨਾ ਨਾਲ ਡੂੰਘਾ ਲਗਾਅ ਹੋਵੇ ਪਰ ਹੁਣ ਜਦ ਸ਼੍ਰੋਮਣੀ ਕਮੇਟੀ ਏਨੇ ਵੱਡੇ ਅੰਦਰੂਨੀ ਸੰਕਟ 'ਚ ਘਿਰੀ ਹੋਈ ਹੈ ਕਿ ਉਸ ਦੀ ਭਰੋਸੇਯੋਗਤਾ ਉੱਪਰ ਹੀ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ ਤਾਂ ਅਜਿਹੇ ਸੰਕਟ ਮੌਕੇ ਲੀਡਰਸ਼ਿਪ ਵਲੋਂ ਇਸ ਮਸਲੇ ਨੂੰ ਹੀ ਅਣਗੌਲਿਆਂ ਕਰਨ ਤੇ ਸਮੇਂ ਨਾਲ ਆਪੇ ਮੁੱਦੇ ਉੱਪਰ ਮਿੱਟੀ ਪੈ ਜਾਵੇਗੀ ਵਾਲਾ ਵਤੀਰਾ ਅਪਣਾਉਣਾ ਆਮ ਸਿੱਖ ਸੰਗਤ ਵਿਚ ਵੀ ਤੇ ਸਿਆਸੀ ਤੇ ਧਾਰਮਿਕ ਹਲਕਿਆਂ ਵਿਚ ਵੀ ਵੱਡੀ ਚਰਚਾ ਹੇਠ ਆਇਆ ਹੋਇਆ ਹੈ। ਸਵਾਲ ਇਹ ਉੱਠ ਰਹੇ ਹਨ ਕਿ ਕਮੇਟੀ ਦੇ ਮੁਕੰਮਲ ਸਿਆਸੀਕਰਨ ਨੇ ਹੀ ਕਮੇਟੀ ਦਾ ਪ੍ਰਬੰਧਕੀ ਕੰਮਕਾਜ਼ ਨੂੰ ਬੁਰੀ ਤਰਾਂ ਨੁਕਸਾਨਿਆ ਹੈ, ਇਹ ਕੁਝ ਕਰਨ ਵਾਲੀ ਅਕਾਲੀ ਲੀਡਰਸ਼ਿਪ ਹੁਣ ਪੱਲਾ ਝਾੜ ਕੇ ਬਚਾਅ ਕਿਵੇਂ ਕਰ ਸਕੇਗੀ? ਹੁਣ ਕਮੇਟੀ ਦੇ ਸੰਕਟ ਸਮੇਂ ਪਾਰਟੀ ਪ੍ਰਧਾਨ ਨਹੀਂ ਆਪਣੀ ਪਾਰਟੀ ਦੇ ਸ਼੍ਰੋਮਣੀ ਕਮੇਟੀ ਮੈਂਬਰਾਂ ਦੀਆਂ ਮੀਟਿੰਗਾਂ ਬੁਲਾ ਕੇ ਕੋਈ ਹੱਲ ਕੱਢਦੇ। ਵੱਡਾ ਸਵਾਲ ਇਹ ਕਿ ਕੀ ਨਵੀਂ ਅਕਾਲੀ ਲੀਡਰਸ਼ਿਪ ਪੰਜਾਬ ਦੇ ਵਿਲੱਖਣ ਇਤਿਹਾਸਕ, ਧਾਰਮਿਕ ਤੇ ਸਿਆਸੀ ਲੱਛਣਾਂ ਨੂੰ ਪਛਾੜਨ 'ਚ ਪਹਿਲਾਂ ਵਾਂਗ ਹੀ ਅਣਭਿੱਜ ਰਹੇਗੀ ਤੇ ਪਿਛਲੇ ਬੇਅਦਬੀ ਮਾਮਲੇ 'ਚੋਂ ਨਿਕਲਣ ਤੋਂ ਪਹਿਲਾਂ ਹੀ ਨਵੇਂ ਧਾਰਮਿਕ ਸੰਕਟ ਦਾ ਸ਼ਿਕਾਰ ਹੋਣ ਵੱਲ ਵਧ ਰਹੀ ਹੈ।

### ਪਾਰਟੀ ਆਗੂ ਵੀ ਵਤੀਰੇ ਤੋਂ ਹੈਰਾਨ

ਅਕਾਲੀ ਦਲ ਦੇ ਅੰਦਰ ਵੀ ਲੀਡਰਸ਼ਿਪ ਵਲੋਂ ਅਪਣਾਏ ਵਤੀਰੇ ਉੱਪਰ ਵੱਡੀ ਪੱਧਰ 'ਤੇ ਹੈਰਾਨਗੀ ਪ੍ਰਗਟਾਈ ਜਾ ਰਹੀ ਹੈ ਤੇ ਇਸ ਤੋਂ ਨਾਖੁਸ਼ ਨਜ਼ਰ ਆ ਰਹੇ ਹਨ। ਆਮ ਗੱਲਬਾਤ ਵਿਚ ਬਹੁਤ ਸਾਰੇ ਆਗੂ ਹੀ ਨਹੀਂ ਸਗੋਂ ਸੀਨੀਅਰ ਆਗੂ ਵੀ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਅਕਾਲੀ ਦਲ ਆਮ ਪਾਰਟੀਆਂ ਵਰਗੀ ਸਿਆਸੀ ਜਮਾਤ ਨਹੀਂ, ਸਗੋਂ ਸਿੱਖਾਂ ਦੀ ਧਾਰਮਿਕ ਨੁਮਾਇੰਦਗੀ ਵੀ ਕਰਦੀ ਹੈ ਤੇ ਇਸੇ ਕਾਰਨ ਮੁੱਢ ਤੋਂ ਹੀ ਅਕਾਲੀ ਦਲ ਵਲੋਂ ਉਮੀਦਵਾਰ ਬਣਾਏ ਆਗੂ ਜ਼ਿਆਦਾਤਰ ਜਿੱਤਦੇ ਤੇ ਸ਼੍ਰੋਮਣੀ ਕਮੇਟੀ ਉੱਪਰ ਕਾਬਜ਼ ਰਹੇ ਹਨ। ਹੁਣ ਆਪ ਸਹੇੜੇ ਸੰਕਟ ਮੌਕੇ ਇਸ ਤਰਾਂ ਦਾ ਵਤੀਰਾ ਜਾਇਜ਼ ਨਹੀਂ।

### ਪਾਰਟੀ ਨੇ ਸ਼੍ਰੋਮਣੀ ਕਮੇਟੀ ਨੂੰ ਖੁੱਲੀ ਛੁੱਟੀ ਦਿੱਤੀ-ਡਾ: ਚੀਮਾ



ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਪਾਰਟੀ ਨੇ ਲਗਾਏ ਗਏ ਦੋਸ਼ਾਂ ਬਾਰੇ ਜਾਂਚ ਕਰਵਾਉਣ 'ਤੇ ਸਖ਼ਤ ਕਾਰਵਾਈ ਲਈ ਸ਼੍ਰੋਮਣੀ ਕਮੇਟੀ ਨੂੰ ਪਾਰਦਰਸ਼ਤਾ ਨਾਲ ਕੰਮ ਕਰਨ ਲਈ ਕਿਹਾ ਹੈ। ਉਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਕਾਨੂੰਨ ਹੇਠ ਬਣੀ ਇਕ ਖੁਦਮੁਖਤਿਆਰ ਸੰਸਥਾ ਹੈ। ਉਹ ਆਪਣੇ ਕਾਨੂੰਨ ਤੇ ਵਿਧੀ ਵਿਧਾਨ ਮੁਤਾਬਿਕ ਕੰਮ ਕਰ ਰਹੀ ਹੈ। ਅਸੀਂ ਨਹੀਂ ਚਾਹੁੰਦੇ ਕਿ ਉਸ ਦੇ ਅੰਦਰੂਨੀ ਕੰਮਕਾਜ 'ਚ ਦਖ਼ਲ ਦਿੱਤਾ ਜਾਵੇ ? ਅਸੀਂ ਤਾਂ ਚਾਹੁੰਦੇ ਹਾਂ ਕਿ ਦੋਸ਼ੀ ਪਾਇਆ ਜਾਣ ਵਾਲਾ ਕੋਈ ਵੀ ਨਾ ਬਖ਼ਸ਼ਿਆ ਜਾਵੇ।

## ਜਾਂਚ ਦੇ ਨਾਂਅ 'ਤੇ ਲਿੱਪਾ-ਪੋਚੀ-ਢੀਂਡਸਾ



ਅਕਾਲੀ ਦਲ (ਡੀ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਅਕਾਲੀ ਦਲ ਦੇ ਮੌਜੂਦਾ ਪ੍ਰਧਾਨ ਦਾ ਸ਼੍ਰੋਮਣੀ ਕਮੇਟੀ 'ਚ ਦਖਲ ਏਨਾ ਜ਼ਿਆਦਾ ਹੈ ਕਿ ਉਸ ਦੀ ਖੁਦਮੁਖਤਾਰ ਹਸਤੀ ਹੀ ਮਿਟਾ ਦਿੱਤੀ ਗਈ ਹੈ। ਅੱਜ ਸ਼੍ਰੋਮਣੀ ਕਮੇਟੀ 'ਚ ਜੋ ਨਿਘਾਰ ਸਾਹਮਣੇ ਆ ਰਿਹਾ ਹੈ, ਉਹ ਇਸ ਦਖ਼ਲ ਦਾ ਹੀ ਸਿੱਟਾ ਹੈ। ਵਿੱਦਿਅਕ ਅਦਾਰਿਆਂ 'ਚ ਬਦਲੀਆਂ, ਤਰੱਕੀਆਂ ਦਾ ਕੰਮ ਕਮੇਟੀ ਪ੍ਰਧਾਨ ਦੀ ਥਾਂ ਅਕਾਲੀ ਦਲ ਦਾ ਪ੍ਰਧਾਨ ਕਰਦਾ ਹੈ। ਉਨਾਂ ਕਿਹਾ ਕਿ ਹਰ ਰੋਜ਼ ਨਵੇਂ ਤੋਂ ਨਵੇਂ ਘਪਲੇ ਸਾਹਮਣੇ ਆ ਰਹੇ ਹਨ। ਇਸ ਵੇਲੇ ਅਕਾਲੀ ਲੀਡਰਸ਼ਿਪ ਤੇ ਸ਼੍ਰੋਮਣੀ ਕਮੇਟੀ ਅਹੁਦੇਦਾਰ ਸੰਗਤ ਦੀ ਭਰੋਸੇਯੋਗਤਾ ਗੁਆ ਚੁੱਕੇ ਹਨ। ਉਨਾਂ ਕਿਹਾ ਕਿ ਅਸਲ 'ਚ ਹੁਣ ਤੱਕ ਕੀ ਵਾਪਰਦਾ ਰਿਹਾ ਹੈ, ਉਸ ਬਾਰੇ ਸਾਰਾ ਮਾਮਲਾ ਤਾਂ ਖੁੱਲ ਕੇ ਉਸ ਵੇਲੇ ਸਾਹਮਣੇ ਆਵੇਗਾ ਜਦ ਚੋਣਾਂ ਰਾਹੀਂ ਨਵਾਂ ਪ੍ਰਬੰਧ ਕਾਇਮ ਹੋਵੇਗਾ ਹਾਲ ਦੀ ਘੜੀ ਤਾਂ ਜਾਂਚ ਦੇ ਨਾਂਅ ਉੱਪਰ ਲਿੱਪਾ-ਪੋਚੀ ਹੀ ਕੀਤੀ ਜਾ ਰਹੀ ਹੈ।

# ਰਾਵਤ ਦੀ ਪੰਜਾਬ ਕਾਂਗਰਸ 'ਚ ਇੰਚਾਰਜ ਵਜੋਂ ਨਿਯੁਕਤੀ

## ×ਸੂਬੇ 'ਚ ਵੱਡੇ ਬਦਲਾਅ ਦੀ ਸੰਭਾਵਨਾ, ×ਰਾਵਤ ਦੀ ਅਹਿਮ ਜ਼ਿੰਮੇਵਾਰੀ ਸਿੱਧੂ, ਬਾਜਵਾ ਤੇ ਦੂਲੋਂ ਨੂੰ ਇਕ ਮੰਚ 'ਤੇ ਲਿਆਉਣ ਦੀ, × ਗੁਲਾਮ ਨਬੀ ਆਜ਼ਾਦ ਨੂੰ ਜਨਰਲ ਸਕੱਤਰ ਦੇ ਅਹੁਦੇ ਤੋਂ ਹਟਾਇਆ

ਨਵੀਂ ਦਿੱਲੀ,-ਪੰਜਾਬ ਕਾਂਗਰਸ 'ਚ ਚੱਲ ਰਹੀਆਂ ਨਾਰਾਜ਼ਗੀਆਂ ਦੇ ਦੌਰ ਦਰਮਿਆਨ ਪਾਰਟੀ ਨੇ ਉੱਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਹਰੀਸ਼ ਰਾਵਤ ਨੂੰ ਪੰਜਾਬ ਦਾ ਜਨਰਲ ਸਕੱਤਰ ਇੰਚਾਰਜ ਬਣਾ ਦਿੱਤਾ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਹੀ ਕੱਦ-ਬੁੱਤ ਦੀ ਸ਼ਖ਼ਸੀਅਤ ਦੇ ਹੱਥ ਸੂਬੇ ਦੀ ਕਮਾਨ ਦੇ ਕੇ ਪਾਰਟੀ ਨੇ ਇਕੋ ਨਿਯੁਕਤੀ ਨਾਲ ਹੀ ਕਈ ਸੰਕੇਤ ਦੇਣ ਦੇ ਯਤਨ ਕੀਤੇ ਹਨ। ਪਹਿਲਾ ਕਾਂਗਰਸ ਸ਼ਾਸਿਤ ਸੂਬਿਆਂ 'ਚੋਂ ਅਹਿਮ ਸੂਬੇ ਪੰਜਾਬ ਨੂੰ ਪਾਰਟੀ ਦੇ ਅੰਦਰੂਨੀ ਝਗੜਿਆਂ ਦੇ ਚਲਦੇ ਅਣਗੌਲਿਆ ਨਹੀਂ ਜਾ ਸਕਦਾ, ਜਿਸ ਸੂਬੇ 'ਚ ਵਿਧਾਨ ਸਭਾ ਚੋਣਾਂ 'ਚ ਸਿਰਫ਼ 18 ਮਹੀਨੇ ਹੀ ਦੂਰ ਹੋਣ, ਦੂਜਾ ਕੈਪਟਨ ਅਮਰਿੰਦਰ ਸਿੰਘ ਦੇ ਵੱਕਾਰ ਦੇ ਸੀਨੀਅਰ ਆਗੂ ਨੂੰ ਜੋ ਪੰਜ ਵਾਰ ਦੇ ਸੰਸਦ ਮੈਂਬਰ, ਸਾਬਕਾ ਕੇਂਦਰੀ ਮੰਤਰੀ ਅਤੇ ਉੱਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਵੀ ਰਹਿ ਚੁੱਕੇ ਹਨ, ਨੂੰ ਪ੍ਰਦੇਸ਼ ਦੀ ਕਮਾਨ ਸੌਂਪ ਕੇ ਕੈਪਟਨ ਨੂੰ ਇਹ ਸੰਕੇਤ ਵੀ ਦਿੱਤੇ ਗਏ ਹਨ ਕਿ ਆਪਣਾ ਪੱਖ ਸੁਣੇ ਜਾਣ ਦੇ ਨਾਲ-ਨਾਲ ਉਨਾਂ ਨੂੰ ਆਹਮੋ-ਸਾਹਮਣੇ ਬੈਠ ਕੇ ਸੂਬੇ 'ਚ ਪਾਰਟੀ ਪੱਧਰ ਦੇ ਸਰੋਕਾਰ ਵੀ ਸੁਣਨੇ ਪੈਣਗੇ। ਤੀਜਾ ਕਾਂਗਰਸ ਵਰਕਰ ਜੋ ਕਿ ਲੰਮੇਂ ਸਮੇਂ ਤੋਂ ਸਾਬਕਾ ਇੰਚਾਰਜ ਆਸ਼ਾ ਕੁਮਾਰੀ ਤੋਂ ਨਾਰਾਜ਼ ਚੱਲ ਰਹੇ ਸੀ ਅਤੇ ਉਨਾਂ 'ਤੇ ਕੈਪਟਨ ਦੇ ਨਜ਼ਰੀਏ ਨਾਲ ਫ਼ੈਸਲੇ ਲੈਣ ਦੇ ਦੋਸ਼ ਵੀ ਲਾ ਰਹੇ ਸੀ, ਉਨਾਂ ਵਰਕਰਾਂ 'ਚ ਵੀ ਇਹ ਸੰਦੇਸ਼ ਭੇਜਿਆ ਗਿਆ ਹੈ ਕਿ ਉਨਾਂ ਨੂੰ ਸੁਣਿਆ ਗਿਆ ਹੈ। ਰਾਵਤ ਨੂੰ ਜ਼ਿੰਮੇਵਾਰੀ ਮਿਲਣ ਤੋਂ ਬਾਅਦ ਆਉਣ ਵਾਲੇ ਦਿਨਾਂ 'ਚ ਸੰਗਠਨ ਪੱਧਰ 'ਤੇ ਹੋਰ ਬਦਲਾਅ ਦੇ ਵੀ ਸੰਕੇਤ ਦਿੱਤੇ ਗਏ ਹਨ। ਕੁਝ ਪਾਰਟੀ ਆਗੂਆਂ ਦਾ ਮੰਨਣਾ ਹੈ ਕਿ ਹੁਣ ਛੇਤੀ ਹੀ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ 'ਚ ਵੀ ਸੰਭਾਵਿਤ ਬਦਲਾਅ ਨਜ਼ਰ ਆ ਸਕਦੇ ਹਨ। ਇਹ ਬਦਲਾਅ ਸਿਰਫ਼ ਪ੍ਰਦੇਸ਼ ਕਾਂਗਰਸ ਤੱਕ ਹੀ ਸੀਮਤ ਨਹੀਂ ਹੋਣਗੇ ਸਗੋਂ ਮੰਤਰੀ ਮੰਡਲ ਪੱਧਰ ਤੱਕ ਵੀ ਨਜ਼ਰ ਆਉਣਗੇ। ਰਾਵਤ ਦੀ ਅਹਿਮ ਜ਼ਿੰਮੇਵਾਰੀ ਪਾਰਟੀ ਦੀਆਂ ਬਾਗ਼ੀ ਸੁਰਾਂ ਨਵਜੋਤ ਸਿੰਘ ਸਿੱਧੂ, ਪ੍ਰਤਾਪ ਸਿੰਘ ਬਾਜਵਾ ਅਤੇ ਸ਼ਮਸ਼ੇਰ ਸਿੰਘ ਦੂਲੋਂ ਨੂੰ ਇਕ ਮੰਚ 'ਤੇ ਲਿਆਉਣ ਦੀ ਵੀ ਹੈ। ਮੱਧ ਪ੍ਰਦੇਸ਼ ਅਤੇ ਰਾਜਸਥਾਨ ਦੇ ਹਾਲੀਆ ਸਿਆਸੀ ਹਾਲਾਤ ਤੋਂ ਬਾਅਦ ਪਾਰਟੀ ਹਾਈਕਮਾਨ ਕੋਈ ਜੋਖ਼ਮ ਲੈਣਾ ਜਰ ਨਹੀਂ ਸਕਦੀ। ਇਸ ਲਈ ਰਾਵਤ ਦੀ ਜ਼ਿੰਮੇਵਾਰੀ ਬਾਗ਼ੀ ਸੁਰਾਂ ਨੂੰ ਇਕੋ ਮੰਚ 'ਤੇ ਲਿਆਉਣ ਦੀ ਹੋਵੇਗੀ। ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਅਤੇ ਕੈਪਟਨ ਦੀ ਆਪਸੀ ਰੰਜਿਸ਼ ਵੀ ਕੋਈ ਲੁਕੀ ਗੱਲ ਨਹੀਂ ਹੈ। ਨਵਜੋਤ ਸਿੰਘ ਸਿੱਧੂ ਜੋ ਰਾਹੁਲ ਗਾਂਧੀ ਕੈਂਪ ਦੇ ਹਨ, ਨੂੰ ਆਸ਼ਾ ਕੁਮਾਰੀ ਵਲੋਂ ਖਾਸ ਤਵੱਜੋ ਨਹੀਂ ਦਿੱਤੀ ਗਈ, ਸਗੋਂ ਕੈਪਟਨ ਵਲੋਂ ਸਿੱਧੂ ਦਾ ਵਿਰੋਧ ਕਰਨ ਸਮੇਂ ਉਹ ਕੈਪਟਨ ਵੱਲ ਹੀ ਖੜੀ ਨਜ਼ਰ ਆਈ। ਆਸ਼ਾ ਕੁਮਾਰੀ ਵਲੋਂ ਕੈਪਟਨ ਅਤੇ ਸਿੱਧੂ ਦਰਮਿਆਨ ਪਾੜ ਨੂੰ ਭਰਨ ਦਾ ਕੋਈ ਵੀ ਯਤਨ ਨਹੀਂ ਕੀਤਾ ਗਿਆ, ਜਦਕਿ ਸੂਬਾ ਇੰਚਾਰਜ ਵਜੋਂ ਨਾਰਾਜ਼ਗੀਆਂ ਦਾ ਸਮਾਂ ਰਹਿੰਦੇ ਨਿਪਟਾਰਾ ਕਰਨ ਦੀ ਵੱਡੀ ਭੂਮਿਕਾ ਹੁੰਦੀ ਹੈ। ਸ਼ੁੱਕਰਵਾਰ ਦੇਰ ਰਾਤ ਨੂੰ ਹੋਈਆਂ ਨਿਯੁਕਤੀਆਂ 'ਚ ਸੀਨੀਅਰ ਨੇਤਾਵਾਂ ਬਨਾਮ ਨੌਜਵਾਨ ਆਗੂਆਂ 'ਚ ਜਿਸ ਤਰਾਂ ਟੀਮ ਰਾਹੁਲ ਉੱਭਰ ਕੇ ਸਾਹਮਣੇ ਆਈ ਹੈ, ਉਸ ਮੁਤਾਬਿਕ ਸਿੱਧੂ ਨੂੰ ਅਣਗੌਲਿਆ ਜਾਣਾ ਮੁਮਕਿਨ ਨਹੀਂ ਹੋਵੇਗਾ। ਸਿੱਧੂ ਜਿਸ ਨੂੰ ਆਪਣੀ ਪਾਰਟੀ 'ਚ ਸ਼ਾਮਿਲ ਕਰਨ ਲਈ ਆਮ ਆਦਮੀ ਪਾਰਟੀ ਅਤੇ ਭਾਜਪਾ ਸਮੇਤ ਤੀਜੇ ਸੰਭਾਵਿਤ ਮੋਰਚੇ ਦੇ ਆਗੂ ਤਿਆਰ ਨਜ਼ਰ ਆਉਂਦੇ ਹਨ, ਉਸ ਨੂੰ ਕਾਂਗਰਸ 'ਚ ਬਣਾਈ ਰੱਖਣਾ ਰਾਵਤ ਲਈ ਵੱਡੀ ਚੁਣੌਤੀ ਹੋਵੇਗੀ। ਕਾਂਗਰਸ ਹਲਕਿਆਂ ਦਾ ਇਹ ਵੀ ਕਹਿਣਾ ਹੈ ਕਿ ਆਸ਼ਾ ਕੁਮਾਰੀ ਨੂੰ ਪੰਜਾਬ ਤੋਂ ਹਟਾਉਣ ਤੋਂ ਬਾਅਦ ਪਾਰਟੀ ਦੇ ਹੋਰ ਬਦਲਾਵਾਂ ਦੀ ਸੂਚੀ 'ਚ ਕਿਤੇ ਵੀ ਸ਼ਾਮਿਲ ਨਾ ਕਰਨਾ, ਹਾਈਕਮਾਨ ਦੀ ਉਸ ਪ੍ਰਤੀ ਅਸੰਤੁਸ਼ਟੀ ਪ੍ਰਗਟਾਉਣਾ ਹੈ। ਹਾਲਾਂਕਿ ਆਸ਼ਾ ਕੁਮਾਰੀ ਦੇ ਸਮਰਥਕਾਂ ਵਲੋਂ ਇਹ ਦਲੀਲ ਦਿੱਤੀ ਜਾ ਰਹੀ ਹੈ ਕਿ ਹਿਮਾਚਲ ਪ੍ਰਦੇਸ਼ ਦੀ ਮੌਜੂਦਾ ਵਿਧਾਇਕਾ ਆਸ਼ਾ ਕੁਮਾਰੀ ਹੁਣ ਆਪਣੇ ਸੂਬੇ ਵੱਲ ਧਿਆਨ ਦੇਣਾ ਚਾਹੁੰਦੀ ਹੈ। ਸਮਰਥਕਾਂ ਮੁਤਾਬਿਕ ਵੀਰਭੱਦਰ ਤੋਂ ਬਾਅਦ ਹਿਮਾਚਲ ਪ੍ਰਦੇਸ਼ 'ਚ ਕਾਂਗਰਸੀ ਅਗਵਾਈ ਨੂੰ ਲੈ ਕੇ ਖਲਾਅ ਭਰਨ ਲਈ ਆਸ਼ਾ ਕੁਮਾਰੀ ਆਪਣੇ-ਆਪ ਨੂੰ ਮੁੱਖ ਮੰਤਰੀ ਦੇ ਅਹੁਦੇ ਦੇ ਦਾਅਵੇਦਾਰ ਵਜੋਂ ਸਥਾਪਤ ਕਰਨਾ ਚਾਹੁੰਦੀ ਹੈ। ਜ਼ਿਕਰਯੋਗ ਹੈ ਕਿ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਚੋਣਾਂ ਵੀ 2022 'ਚ ਹੋਣੀਆਂ ਹਨ। ਫਿਲਹਾਲ ਰਾਵਤ ਦੇ ਆਉਣ ਨਾਲ ਬਾਗ਼ੀ ਸੁਰ ਥੋੜੇ ਉਮੀਦ 'ਚ ਨਜ਼ਰ ਆ ਰਹੇ ਹਨ। ਪ੍ਰਤਾਪ ਸਿੰਘ ਬਾਜਵਾ ਵਲੋਂ ਰਾਵਤ ਦੀ ਨਿਯੁਕਤੀ 'ਤੇ ਪ੍ਰਤੀਕਰਮ ਦਿੰਦਿਆਂ ਕਿਹਾ ਗਿਆ ਕਿ ਉਨਾਂ (ਰਾਵਤ) ਦਾ ਆਉਣਾ ਪੁਰੇ ਦੀ ਸ਼ੁਰੂਆਤ ਹੈ। ਪੁਰਾ ਆ ਗਿਆ ਤਾਂ ਸਮਝੋ ਮੀਂਹ (ਚੰਗਾ ਵਕਤ) ਵੀ ਆ ਹੀ ਜਾਵੇਗਾ।

'ਚਿੱਠੀ ਬੰਬ' ਸੁੱਟਣ ਵਾਲੇ ਗੁਲਾਮ ਨਬੀ ਆਜ਼ਾਦ ਦੀ ਛੁੱਟੀ ਕਾਂਗਰਸ 'ਚ ਦਿੱਲੀ ਚਿੱਠੀ ਬੰਬ ਦੇ ਤਕਰੀਬਨ ਇਕ ਮਹੀਨੇ ਬਾਅਦ ਕਾਂਗਰਸ ਵਲੋਂ ਸੰਸਥਾ ਦੇ ਪੱਧਰ 'ਤੇ ਕੀਤੇ ਵੱਡੇ ਫੇਰਬਦਲ ਰਾਹੀਂ ਹਾਈਕਮਾਂਡ ਦੇ 'ਸਰਗਰਮ' ਹੋਣ ਅਤੇ ਸਰੋਕਾਰਾਂ ਨੂੰ 'ਧਿਆਨ' 'ਚ ਰੱਖੇ ਜਾਣ ਦਾ ਅਹਿਸਾਸ ਕਰਵਾਇਆ ਹੈ। ਉੱਥੇ ਨਿਯੁਕਤੀਆਂ 'ਚ ਰਾਹੁਲ ਗਾਂਧੀ ਦੇ ਸਮਰਥਕਾਂ ਨੂੰ ਮਿਲੀਆਂ ਜ਼ਿੰਮੇਵਾਰੀਆਂ ਤੋਂ ਭਵਿੱਖ ਦੀ ਸੂਰਤ-ਏ-ਹਾਲ ਵੀ ਕਾਫ਼ੀ ਹੱਦ ਤੱਕ ਸਪੱਸ਼ਟ ਕਰ ਦਿੱਤੀ ਹੈ। ਚਿੱਠੀ ਬੰਬ ਦੇ 23 ਆਗੂਆਂ 'ਚ ਸਭ ਤੋਂ ਸੀਨੀਅਰ ਆਗੂ ਅਤੇ ਰਾਜ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਗੁਲਾਮ ਨਬੀ ਆਜ਼ਾਦ ਨੂੰ ਜਨਰਲ ਸਕੱਤਰ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ। ਗੁਲਾਮ ਨਬੀ ਆਜ਼ਾਦ ਤੋਂ ਹਰਿਆਣਾ ਦੀ ਜ਼ਿੰਮੇਵਾਰੀ ਲੈ ਕੇ ਵਿਵੇਕ ਬਾਂਸਲ ਨੂੰ ਦੇ ਦਿੱਤੀ ਗਈ ਹੈ। ਹਾਲਾਂਕਿ ਪਾਰਟੀ ਦੇ ਅਹਿਮ ਫੈਸਲੇ ਲੈਣ ਵਾਲੇ ਪੈਨਲ ਕਾਂਗਰਸ ਵਰਕਿੰਗ ਕਮੇਟੀ ਦੇ ਉਹ (ਅਜ਼ਾਦ) ਅਜੇ ਵੀ ਮੈਂਬਰ ਹਨ। ਪਾਰਟੀ ਦੀ ਅੰਤਰਿਮ ਪ੍ਰਧਾਨ ਸੋਨੀਆ ਗਾਂਧੀ ਵਲੋਂ ਦਸਤਖ਼ਤ ਕੀਤੀ ਇਕ ਚਿੱਠੀ 'ਚ ਕਿਹਾ ਗਿਆ ਕਿ ਪਾਰਟੀ ਭਰੇ ਦਿਲ ਨਾਲ ਅਹੁਦੇ ਤੋਂ ਹੱਟ ਰਹੇ ਜਨਰਲ ਸਕੱਤਰਾਂ ਗੁਲਾਮ ਨਬੀ ਆਜ਼ਾਦ, ਮੋਤੀ ਲਾਲ ਵੋਹਰਾ, ਅੰਬਿਕਾ ਸੋਨੀ, ਮਲਿਕ ਅਰਜੁਨ ਖੜਗੇ ਅਤੇ ਲੁਈਜਿਨੋ ਫਲੇਰੀਓ ਦੇ ਯੋਗਦਾਨ ਦਾ ਸ਼ੁਕਰੀਆ ਅਦਾ ਕਰਦੀ ਹੈ।

ਚਿੱਠੀ 'ਤੇ ਦਸਤਖ਼ਤ ਕਰਨ ਵਾਲੇ ਕੁਝ ਨਾਰਾਜ਼ ਆਗੂਆਂ ਨੂੰ ਕੁੱਝ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ, ਜਿਨਾਂ 'ਚ ਜਤਿਨ ਪ੍ਰਸਾਦ ਅਤੇ ਮੁਕੁਲ ਵਾਸਨਿਕ ਦਾ ਨਾਂਅ ਮੁੱਖ ਤੌਰ 'ਤੇ ਸ਼ਾਮਿਲ ਹੈ। ਜਤਿਨ ਪ੍ਰਸਾਦ ਨੂੰ ਜਨਰਲ ਸੱਕਤਰ ਬਣਾਇਆ ਗਿਆ ਹੈ, ਪਰ ਉਸ ਤੋਂ ਉੱਤਰ ਪ੍ਰਦੇਸ਼ ਦੀ ਜ਼ਿੰਮੇਵਾਰੀ ਵਾਪਸ ਲੈਂਦਿਆਂ ਉਸ ਨੂੰ ਪੱਛਮੀ ਬੰਗਾਲ ਦਾ ਇੰਚਾਰਜ ਬਣਾਇਆ ਗਿਆ ਹੈ। ਜਤਿਨ ਪ੍ਰਸਾਦ ਨੂੰ ਅੰਡੇਮਾਨ ਅਤੇ ਨਿਕੋਬਾਰ ਦਾ ਵੀ ਇੰਚਾਰਜ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਉਸ ਨੂੰ ਨਵੀਂ ਗਠਿਤ ਕੀਤੀ ਕਾਂਗਰਸ ਵਰਕਿੰਗ ਕਮੇਟੀ 'ਚ ਸਥਾਈ ਇਨਵਾਇਟੀ ਦੀ ਭੂਮਿਕਾ ਦਿੱਤੀ ਗਈ ਹੈ। ਚਿੱਠੀ 'ਤੇ ਦਸਤਖ਼ਤ ਕਰਨ ਵਾਲਿਆਂ 'ਚ ਸ਼ਾਮਿਲ ਮੁਕੁਲ ਵਾਸਨਿਕ ਨੂੰ ਵੀ ਮੱਧ ਪ੍ਰਦੇਸ਼ ਦਾ ਜਨਰਲ ਸਕੱਤਰ ਇੰਚਾਰਜ ਬਣਾਇਆ ਗਿਆ ਅਤੇ ਮੁਕੁਲ ਵਾਸਨਿਕ ਦਾ ਨਾਂਅ ਉਨਾਂ 6 ਆਗੂਆਂ 'ਚ ਸ਼ਾਮਿਲ ਹੈ, ਜੋ ਕਿ ਕਾਂਗਰਸ ਪ੍ਰਧਾਨ ਵਲੋਂ ਸੰਸਥਾ ਦੇ ਪੱਧਰ 'ਤੇ ਅਤੇ ਓਪਰੇਸ਼ਨਲ ਪੱਧਰ 'ਤੇ ਉਨਾਂ ਸਰੋਕਾਰਾਂ ਨੂੰ ਨਜਿੱਠਣ 'ਚ ਮਦਦ ਕਰਨਗੇ ਜੋ 24 ਅਗਸਤ ਨੂੰ ਕਾਂਗਰਸ ਵਰਕਿੰਗ ਕਮੇਟੀ ਮੀਟਿੰਗ 'ਚ ਪ੍ਰਗਟਾਏ ਗਏ ਸਨ। ਇਸ 6 ਮੈਂਬਰੀ ਕਮੇਟੀ 'ਚ ਮੁਕੁਲ ਵਾਸਨਿਕ ਤੋਂ ਇਲਾਵਾ ਏ.ਕੇ. ਐਂਟੋਨੀ, ਅਹਿਮਦ ਪਟੇਲ, ਅੰਬਿਕਾ ਸੋਨੀ, ਕੇ.ਸੀ. ਵੇਨੂਗੋਪਾਲ ਅਤੇ ਰਣਦੀਪ ਸਿੰਘ ਸੁਰਜੇਵਾਲ ਸ਼ਾਮਿਲ ਹਨ। ਸੀ. ਡਬਲਿਯੂ ਸੀ. ਮੀਟਿੰਗ ਤੋਂ ਬਾਅਦ ਪਾਸ ਹੋਏ ਮਤੇ 'ਚ ਕਿਹਾ ਗਿਆ ਸੀ ਕਿ ਨਾਰਾਜ਼ ਆਗੂਆਂ ਵਲੋਂ ਪ੍ਰਗਟਾਏ ਸਰੋਕਾਰਾਂ 'ਤੇ ਬਿਆਨ ਦੇਣ ਲਈ ਇਕ ਕਮੇਟੀ ਦਾ ਗਠਨ ਕੀਤਾ ਜਾਵੇਗਾ ਜੋ ਇਨਾਂ ਮੁੱਦਿਆਂ ਦੀ ਘੋਖ ਕਰੇਗੀ।

**ਸੂਚੀ 'ਚੋਂ ਕੈਪਟਨ ਦਾ ਵੀ ਨਾਂਅ ਗਾਇਬ**

ਮੁੜ ਤਰਤੀਬ ਕੀਤੀ ਸੀ.ਡਬਲਿਊ.ਸੀ. 'ਚ ਕੈਪਟਨ ਅਮਰਿੰਦਰ ਸਿੰਘ ਦਾ ਨਾਂਅ ਗਾਇਬ ਹੈ। ਮੁੜ ਤਰਤੀਬ ਕੀਤੀ ਸੀ.ਡਬਲਿਊ.ਸੀ. ਦੇ 23 ਮੈਂਬਰਾਂ 'ਚ ਸੋਨੀਆਂ ਗਾਂਧੀ, ਮਨਮੋਹਨ ਸਿੰਘ, ਰਾਹੁਲ ਗਾਂਧੀ ਤੋਂ ਇਲਾਵਾ ਏ.ਕੇ. ਐਂਟੋਨੀ, ਅਹਿਮਦ ਪਟੇਲ, ਅੰਬਿਕਾ ਸੋਨੀ, ਗੁਲਾਮ ਨਬੀ ਆਜ਼ਾਦ, ਅਨੰਦ ਸ਼ਰਮਾ, ਹਰੀਸ਼ ਰਾਵਤ, ਪੀ. ਚਿਦੰਬਰਮ, ਮਲਿਕ ਅਰਜੁਨ ਖੜਗੇ, ਤਰੁਣ ਗੋਗੋਈ ਜਿਹੇ ਸੀਨੀਅਰ ਆਗੂ ਹਨ, ਉਥੇ ਕੇ.ਸੀ. ਵੇਨੂਗੋਪਾਲ ਮੁਕਲ ਵਾਸਨਿਕ, ਅਜੈ ਮਾਕਨ, ਪ੍ਰਿਅੰਕਾ ਗਾਂਧੀ, ਸੂਰਜੇਵਾਲ ਵੀ 23 ਮੈਂਬਰਾਂ ਦੀ ਸੂਚੀ 'ਚ ਹਨ। ਇਸ ਤੋਂ ਇਲਾਵਾ ਕਮੇਟੀ 'ਚ 26 ਸਥਾਈ ਇਨਵਾਇਟੀ ਅਤੇ 9 ਵਿਸ਼ੇਸ਼ ਇਨਵਾਇਟੀ ਸ਼ਾਮਿਲ ਹਨ। ਵਿਸ਼ੇਸ਼ ਇਨਵਾਇਟੀ 'ਚ ਚਿੱਠੀ 'ਚ ਦਸਤਖ਼ਤ ਕਰਨ ਵਾਲੇ ਭੁਪਿੰਦਰ ਸਿੰਘ ਹੁੱਡਾ ਦੇ ਬੇਟੇ ਦਪਿੰਦਰ ਹੁੱਡਾ ਅਤੇ ਕੁਲਦੀਪ ਬਿਸ਼ਨੋਈ ਦਾ ਨਾਂਅ ਵੀ ਸ਼ਾਮਿਲ ਹੈ। ਨਾਰਾਜ਼ ਆਗੂਆਂ 'ਚ ਸ਼ਾਮਿਲ ਅਰਵਿੰਦਰ ਸਿੰਘ ਲਵਲੀ ਨੂੰ 5 ਮੈਂਬਰੀ ਕੇਂਦਰੀ ਚੋਣ ਅਥਾਰਿਟੀ 'ਚ ਸ਼ਾਮਿਲ ਕੀਤਾ ਗਿਆ ਹੈ। ਇਸ ਕਮੇਟੀ ਦੀ ਪ੍ਰਧਾਨਗੀ ਮਧੂ ਸੂਦਨ ਮਿਸਤਰੀ ਕਰਨਗੇ ਜਦਕਿ ਰਾਜੇਸ਼ ਮਿਸ਼ਰਾ, ਕ੍ਰਿਸ਼ਨਾ ਗੇਵਡਾ, ਐਮ ਜੋਤੀ ਹੋਰ ਮੈਂਬਰ ਹਨ।

ਰਾਹੁਲ ਗਾਂਧੀ ਦੇ ਕਰੀਬੀ ਅਤੇ ਸੋਨੀਆ ਗਾਂਧੀ ਦੇ ਵਿਸ਼ਵਾਸਪਾਤਰ ਰਣਦੀਪ ਸਿੰਘ ਸੂਰਜੇਵਾਲਾ ਨੂੰ ਵੀ ਇਸ ਫੇਰਬਦਲ 'ਚ ਸਭ ਤੋਂ ਅਹਿਮ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ ਹਨ। ਜਿਸ 'ਚ ਉਨਾਂ ਨੂੰ ਨਾ ਸਿਰਫ ਕਰਨਾਟਕ ਦਾ ਜਨਰਲ ਸਕੱਤਰ ਇੰਚਾਰਜ ਬਣਾਇਆ ਗਿਆ ਸਗੋਂ ਉਹ ਉਸ ਕਮੇਟੀ 'ਚ ਵੀ ਸ਼ਾਮਿਲ ਹਨ ਜੋ ਨਾਰਾਜ਼ ਆਗੂਆਂ ਦੇ ਸਰੋਕਾਰਾਂ 'ਤੇ ਵਿਚਾਰ ਕਰੇਗੀ। ਇਸ ਤੋਂ ਇਲਾਵਾ ਉਹ ਸੀ. ਡਬਲਿਊ.ਸੀ. ਦੇ ਮੈਂਬਰ ਹੋਣ ਦੇ ਨਾਲ-ਨਾਲ ਪਾਰਟੀ ਦੇ ਮੁੱਖ ਬੁਲਾਰੇ ਵੀ ਹਨ।



# ਸਨਅਤਕਾਰਾਂ ਦਾ ਰੁਝਾਨ ਆਂਧਰਾ ਪ੍ਰਦੇਸ਼, ਉੱਤਰ ਪ੍ਰਦੇਸ਼, ਹਿਮਾਚਲ, ਤੇਲੰਗਾਨਾ, ਰਾਜਸਥਾਨ ਵੱਲ ਵਧਿਆ

**ਚੰਡੀਗੜ/ਏ.ਟੀ.ਨਿਊਜ਼:** ਭਾਰਤ ਸਰਕਾਰ ਦੇ ਵਿੱਤ ਤੇ ਕਾਰਪੋਰੇਟ ਮਾਮਲਿਆਂ ਬਾਰੇ ਵਿਭਾਗ ਵਲੋਂ ਐਲਾਨੀ ਕਾਰੋਬਾਰ ਲਈ ਸੌਖ (ਈਜ਼ ਆਫ਼ ਡੂਇੰਗ ਬਿਜ਼ਨੈੱਸ) ਰਾਜ ਦੀ ਕਾਰੋਬਾਰੀ ਸੁਧਾਰ ਕਾਰਜ ਯੋਜਨਾ ਦੀ ਦਰਜਾਬੰਦੀ ਅਨੁਸਾਰ ਪੰਜਾਬ ਨੂੰ 36 ਰਾਜਾਂ 'ਚੋਂ 19ਵਾਂ ਨੰਬਰ ਦਿੱਤਾ ਗਿਆ ਹੈ। ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਪੰਜਾਬ ਦੇ ਮੁਕਾਬਲੇ ਨਿਵੇਸ਼ਕ ਤੇ ਸਨਅਤਕਾਰਾਂ ਦਾ ਰੁਝਾਨ ਆਂਧਰਾ ਪ੍ਰਦੇਸ਼, ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਤੇਲੰਗਾਨਾ ਅਤੇ ਰਾਜਸਥਾਨ ਵਰਗੇ ਰਾਜਾਂ ਵੱਲ ਵਧਿਆ ਹੈ। ਸਾਲ 2016 'ਚ ਪੰਜਾਬ ਦੀ 'ਈਜ਼ ਆਫ਼ ਡੂਇੰਗ ਬਿਜ਼ਨੈਸ' ਵਿਚ ਦਰਜਾਬੰਦੀ 12ਵੀਂ ਸੀ, ਜੋ ਕਿ 2019 ਵਿਚ ਘੱਟ ਕੇ 19 ਵੇਂ ਸਥਾਨ 'ਤੇ ਆ ਗਈ, ਜਿਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਨਿਵੇਸ਼ਕ ਪੰਜਾਬ ਸਰਕਾਰ ਦੀਆਂ ਨੀਤੀਆਂ ਤੇ ਉਦਯੋਗ ਲਾਉਣ ਲਈ ਪੈਦਾ ਕੀਤੇ ਗਏ ਮਾਹੌਲ ਤੋਂ ਖ਼ੁਸ਼ ਨਹੀਂ ਹਨ। ਪੰਜਾਬ ਸਰਕਾਰ ਵਲੋਂ ਪਿਛਲੇ 4 ਸਾਲਾਂ ਦੇ ਕਾਰਜਕਾਲ ਵਿਚ ਸਿਰਫ਼ ਦਾਅਵੇ ਹੀ ਕੀਤੇ ਗਏ ਹਨ, ਜਦਕਿ ਸਨਅਤੀ ਸਮੱਸਿਆਵਾਂ ਜਿਉਂ ਦੀਆਂ ਤਿਉਂ ਕਾਰਖ਼ਾਨੇਦਾਰਾਂ ਨੂੰ ਸਮੱਸਿਆਵਾਂ 'ਚ ਘੇਰੀ ਬੈਠੀਆਂ ਹਨ । ਸਨਅਤਕਾਰ ਕਾਰੋਬਾਰੀ ਪੰਜਾਬ ਦੇ ਵੱਖ-ਵੱਖ ਫੋਕਲ ਪੁਆਇੰਟਾਂ 'ਚ ਵਾਧੂ ਖ਼ਰਚੇ ਵਸੂਲਣ ਸਬੰਧੀ ਮਾਮਲਿਆਂ 'ਚ ਓ. ਟੀ. ਐਸ. ਯੋਜਨਾ ਨੂੰ ਉਡੀਕ ਰਹੇ ਹਨ ਪਰ ਪੀ.ਐਸ.ਆਈ.ਸੀ. ਵਲੋਂ ਇਸ ਦਿਸ਼ਾ ਵੱਲ ਕੋਈ ਵਿਸ਼ੇਸ਼ ਯਤਨ ਨਹੀਂ ਕੀਤੇ ਜਾ ਰਹੇ। ਸਨਅਤਕਾਰਾਂ ਦੇ ਪੀ.ਐਸ.ਆਈ.ਈ.ਸੀ. ਤੇ ਹੋਰ ਵੱਖ-ਵੱਖ ਵਿਭਾਗਾਂ ਨਾਲ ਜੋ ਪਿਛਲੇ ਲੰਬੇ ਸਮੇਂ ਤੋਂ ਝਗੜੇ ਚੱਲ ਰਹੇ ਹਨ ਉਨਾਂ ਦਾ ਨਿਪਟਾਰਾ ਕਰਨ ਲਈ ਵੀ ਵਿਭਾਗਾਂ ਦੀ ਇਕ ਮੁਸ਼ਤ ਸਕੀਮ (ਓ. ਟੀ. ਐਸ.) ਨਹੀਂ ਲਿਆਂਦੀ ਗਈ । ਪੰਜਾਬ 'ਚ ਸਨਅਤਕਾਰਾਂ ਨੂੰ ਗੁਆਂਢੀ ਸੂਬਿਆਂ ਨਾਲੋਂ ਮਹਿੰਗੀ ਤੇ ਕੱਟ ਲਗਾ ਕੇ ਬਿਜਲੀ ਸਪਲਾਈ ਮਿਲ ਰਹੀ ਹੈ ਅਤੇ ਬਿਜਲੀ ਨਿਗਮ ਨੇ ਵੀ ਸਨਅਤਕਾਰਾਂ ਦੇ ਪੱਖ ਵਿਚ ਖੜੇ ਹੋ ਕੇ ਉਨਾਂ ਦੀ ਭਲਾਈ ਲਈ ਕੋਈ ਵਿਸ਼ੇਸ਼ ਯਤਨ ਕਰਨੇ ਜ਼ਰੂਰੀ ਨਹੀਂ ਸਮਝੇ। ਸਨਅਤਕਾਰਾਂ ਨੂੰ 5 ਰੁਪਏ ਪ੍ਰਤੀ ਯੂਨਿਟ ਬਿਜਲੀ ਦੇਣ ਦੀ ਮੰਗ 4 ਸਾਲ ਬੀਤ ਜਾਣ 'ਤੇ ਵੀ ਪੂਰੀ ਨਹੀਂ ਹੋ ਸਕੀ, ਜਿਸ ਨੇ ਵੀ ਸਨਅਤਕਾਰਾਂ ਤੇ ਨਿਵੇਸ਼ਕਾਂ ਦਾ ਪੰਜਾਬ ਵਲੋਂ ਮੋਹ ਭੰਗ ਕੀਤਾ ਹੈ । ਵੈਟ ਤੇ ਜੀ.ਐਸ.ਟੀ. ਰਿਫੰਡ ਪਿਛਲੇ ਲੰਬੇ ਸਮੇਂ ਤੋਂ ਲਟਕਿਆ ਪਿਆ ਹੈ, ਜਿਸ ਨੂੰ ਜਾਰੀ ਕਰਨ ਲਈ ਵੀ ਕੋਈ ਵਿਸ਼ੇਸ਼ ਯਤਨ ਨਹੀਂ ਕੀਤੇ ਗਏ ਤੇ ਅੱਜ ਤੱਕ ਸਨਅਤਕਾਰ ਵੈਟ ਤੇ ਜੀ.ਐਸ. ਟੀ. ਰਿਫੰਡ ਨੂੰ ਤਰਸ ਰਹੇ ਹਨ? ਪੰਜਾਬ ਸਮੁੰਦਰੀ ਬੰਦਰਗਾਹ ਤੋਂ ਦੂਰ ਹੋਣ ਕਰਕੇ ਸਨਅਤਕਾਰਾਂ ਨੂੰ ਭਾੜਾ ਬਹੁਤ ਜ਼ਿਆਦਾ ਪੈਂਦਾ ਹੈ, ਜਿਸ ਕਰਕੇ ਪੰਜਾਬ ਵਿਚ ਬਣੇ ਉਤਪਾਦ ਸਮੁੰਦਰੀ ਬੰਦਰਗਾਹ ਦੇ ਨੇੜੇ ਸਥਿਤ ਸਨਅਤੀ ਇਕਾਈ ਵਿਚ ਬਣੇ ਉਤਪਾਦਾਂ ਨਾਲੋਂ ਮਹਿੰਗੇ ਮਿਲ ਰਹੇ ਹਨ । ਸਰਕਾਰ ਨੂੰ ਭਾੜਿਆਂ 'ਤੇ ਸਬਸਿਡੀ ਦੇਣੀ ਚਾਹੀਦੀ ਹੈ। ਪੰਜਾਬ ਵਿਚ ਤਕਨਾਲੋਜੀ ਤੇ ਇਨਕਿਊਬੇਸ਼ਨ ਕੇਂਦਰ ਦੀ ਵੀ ਘਾਟ ਹੈ।

# ਭਾਜਪਾ ਸਰਕਾਰ ਵਲੋਂ ਅੰਗਰੇਜ਼ਾਂ ਦਾ ਸਿਰਜਿਆ ਯੂ ਪੀ 'ਚ ਰੋਲਟ ਐਕਟ ਲਾਗੂ

**ਪੁਲੀਸ ਕੋਲ ਅਧਿਕਾਰ ਹੋਵੇਗਾ ਕਿ ਉਹ ਕਿਸੇ ਵੀ ਵਿਅਕਤੀ ਨੂੰ ਬਿਨਾਂ ਵਰੰਟ ਕਰ ਸਕੇਗੀ ਗ੍ਰਿਫ਼ਤਾਰ ਆਪਣੇ ਰਾਜ ਦੇ ਪਹਿਲੇ ਸਾਲ ਦੌਰਾਨ ਹੀ ਯੋਗੀ ਦੀ ਪੁਲਸ ਨੇ ਰਿਕਾਰਡ 6145 ਪੁਲਸ ਮੁਕਾਬਲੇ ਬਣਾਏ ਗਾਜ਼ੀਆਬਾਦ ਵਿੱਚ ਉਤਰ ਪ੍ਰਦੇਸ਼ ਦਾ ਪਹਿਲਾ ਡਿਟੈਂਸ਼ਨ ਕੈਂਪ ਬਣ ਕੇ ਤਿਆਰ ਦਿੱਲੀ ਦੰਗੇ: ਉੱਘੀਆਂ ਸ਼ਖ਼ਸੀਅਤਾਂ ਨੂੰ ਨਾਮਜ਼ਦ ਕਰਨ ਦੇ ਵਿਰੋਧ 'ਚ ਨਿੱਤਰੇ ਬੁੱਧੀਜੀਵੀ**

**- ਪ੍ਰਗਟ ਸਿੰਘ ਜੰਡਿਆਲਾ ਗੁਰੂ**

ਉੱਤਰ ਪ੍ਰਦੇਸ਼ ਸਾਡੇ ਦੇਸ਼ ਦਾ ਸਭ ਤੋਂ ਵੱਧ ਲੋਕ ਸਭਾ ਦੀਆਂ ਸੀਟਾਂ ਵਾਲਾ ਸੂਬਾ ਹੈ। ਇਸੇ ਕਾਰਨ ਭਾਰਤੀ ਜਨਤਾ ਪਾਰਟੀ ਨੇ ਇਸ ਸੂਬੇ ਵਿੱਚ ਜਿੱਤ ਪ੍ਰਾਪਤ ਕਰ ਲੈਣ ਤੋਂ ਬਾਅਦ ਆਪਣੇ ਸਭ ਸਿਆਸੀ ਵਿਰੋਧੀਆਂ ਨੂੰ ਖ਼ਤਮ ਕਰਨ ਲਈ ਦਮਨ ਸ਼ੁਰੂ ਕੀਤਾ ਹੋਇਆ ਹੈ। ਮਾਰਚ 2017 ਵਿੱਚ ਸੱਤਾ ਹਾਸਲ ਕਰਨ ਤੋਂ ਬਾਅਦ ਮੁੱਖ ਮੰਤਰੀ ਯੋਗੀ ਆਦਿੱਤਿਆ ਨਾਥ ਨੇ ਸਭ ਤੋਂ ਪਹਿਲਾਂ ਗੁੰਡਿਆਂ-ਬਦਮਾਸ਼ਾਂ ਨੂੰ ਠੱਲ ਪਾਉਣ ਦੇ ਨਾਂਅ ਉੱਤੇ ਪੁਲਸ ਮੁਕਾਬਲੇ ਬਣਾ ਕੇ ਦਲਿਤਾਂ ਤੇ ਮੁਸਲਿਮ ਨੌਜਵਾਨਾਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ। ਆਪਣੇ ਰਾਜ ਦੇ ਪਹਿਲੇ ਸਾਲ ਦੌਰਾਨ ਹੀ ਯੋਗੀ ਦੀ ਪੁਲਸ ਨੇ ਰਿਕਾਰਡ 6145 ਪੁਲਸ ਮੁਕਾਬਲੇ ਬਣਾ ਦਿੱਤੇ, ਜਿਨਾਂ ਵਿੱਚ 119 ਵਿਅਕਤੀ ਮਾਰੇ ਗਏ ਤੇ 2258 ਜ਼ਖ਼ਮੀ ਹੋਏ। ਇਹ ਦੋਸ਼ ਲੱਗਦੇ ਰਹੇ ਕਿ ਬਹੁਤ ਸਾਰੇ ਮੁਕਾਬਲੇ ਫ਼ਰਜ਼ੀ ਬਣਾਏ ਗਏ ਸਨ। ਯੂਨਾਈਟਿਡ ਨੇਸ਼ਨ ਦੇ ਹਿਊਮਨ ਰਾਈਟਸ ਕਮਿਸ਼ਨ ਦੇ ਹਾਈ ਕਮਿਸ਼ਨਰ ਵੱਲੋਂ ਇਸ ਦਾ ਨੋਟਿਸ ਲੈਂਦਿਆਂ 74 ਸੰਭਾਵਤ ਫਰਜ਼ੀ ਪੁਲਸ ਮੁਕਾਬਲਿਆਂ ਬਾਰੇ ਕੇਂਦਰ ਸਰਕਾਰ ਨੂੰ ਪੱਤਰ ਲਿਖ ਕੇ ਸਫ਼ਾਈ ਮੰਗੀ ਗਈ ਸੀ। ਯੂ ਐੱਨ ਦੇ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਜਿਹੜੇ ਕੇਸ ਚੁੱਕੇ ਗਏ ਸਨ, ਉਨਾਂ ਵਿੱਚੋਂ ਬਹੁਤੇ ਮੁਸਲਿਮ ਪੀੜਤਾਂ ਦੇ ਸਨ। ਕੇਂਦਰ ਸਰਕਾਰ ਨੇ ਯੂ ਐੱਨ ਦੇ ਮਨੁੱਖੀ ਅਧਿਕਾਰ ਕਮਿਸ਼ਨ ਦੇ ਪੱਤਰ ਵਿੱਚ ਉਠਾਏ ਸਵਾਲਾਂ ਦੇ ਜਵਾਬ ਦੇਣ ਦੀ ਥਾਂ ਚੁੱਪੀ ਵੱਟੀ ਰੱਖੀ।

ਯੋਗੀ ਸਰਕਾਰ ਨੇ ਇਸੇ ਸੇਧ ਵਿੱਚ ਅੱਗੇ ਵਧਦਿਆਂ ਬਹੁਤ ਸਾਰੇ ਵਿਰੋਧੀਆਂ ਵਿਰੁੱਧ ਯੂ ਏ ਪੀ ਏ ਦੀ ਵਰਤੋਂ ਕਰਨ ਵਿੱਚ ਵੀ ਕੋਈ ਕਸਰ ਨਹੀਂ ਛੱਡੀ। ਜੇਕਰ ਅਸੀਂ ਅੰਕੜਿਆਂ ਉਤੇ ਨਜ਼ਰ ਮਾਰੀਏ ਤਾਂ ਯੋਗੀ ਸਰਕਾਰ ਦੀ ਨੀਅਤ ਸਪੱਸ਼ਟ ਹੋ ਜਾਵੇਗੀ। ਅਖਿਲੇਸ਼ ਯਾਦਵ ਦੀ ਅਗਵਾਈ ਵਿੱਚ ਸਮਾਜਵਾਦੀ ਪਾਰਟੀ ਦੀ ਸਰਕਾਰ ਸਮੇਂ 2015 ਵਿੱਚ 23 ਵਿਅਕਤੀਆਂ ਤੇ 2016 ਵਿੱਚ 15 ਵਿਅਕਤੀਆਂ ਉੱਤੇ ਯੂ ਏ ਪੀ ਏ ਅਧੀਨ ਕਾਰਵਾਈ ਕੀਤੀ ਗਈ ਸੀ। ਮਾਰਚ 2017 ਵਿੱਚ ਯੋਗੀ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਪਹਿਲੇ ਸਾਲ ਦੌਰਾਨ ਹੀ 382 ਵਿਅਕਤੀਆਂ ਨੂੰ ਇਸ ਕਾਨੂੰਨ ਅਧੀਨ ਜੇਲਬੰਦ ਕੀਤਾ ਗਿਆ। ਸੰਨ 20 18 ਤੋਂ ਹੁਣ ਤੱਕ (ਅੰਕੜੇ ਉਪਲੱਬਧ ਨਹੀਂ) ਕਿੰਨੇ ਹੋਰ ਇਸ ਦੀ ਮਾਰ ਹੇਠ ਆਏ ਹੋਣਗੇ, ਇਹ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਕੁਝ ਦਿਨ ਪਹਿਲਾਂ ਖ਼ਬਰ ਆਈ ਸੀ ਕਿ ਗਾਜ਼ੀਆਬਾਦ ਵਿੱਚ ਉਤਰ ਪ੍ਰਦੇਸ਼ ਦਾ ਪਹਿਲਾ ਡਿਟੈਂਸ਼ਨ ਕੈਂਪ ਬਣ ਕੇ ਤਿਆਰ ਹੋ ਗਿਆ ਹੈ, ਹੁਣ ਤਾਜ਼ਾ ਖ਼ਬਰ ਇਹ ਹੈ ਕਿ ਯੋਗੀ ਸਰਕਾਰ ਨੇ ਸਪੈਸ਼ਲ ਸਕਿਓਰਿਟੀ ਫੋਰਸ ਯਾਨੀ ਯੂ ਪੀ ਐੱਸ ਐੱਸ ਐੱਫ ਦਾ ਗਠਨ ਕਰ ਲਿਆ ਹੈ। ਇਸ ਫੋਰਸ ਪਾਸ ਅਧਿਕਾਰ ਹੋਵੇਗਾ ਕਿ ਉਹ ਕਿਸੇ ਵੀ ਵਿਅਕਤੀ ਨੂੰ ਬਿਨਾਂ ਵਰੰਟ ਗ੍ਰਿਫ਼ਤਾਰ ਕਰ ਸਕੇਗੀ ਤੇ ਤਲਾਸ਼ੀ ਲੈ ਸਕੇਗੀ। ਯੂ ਪੀ ਸਰਕਾਰ ਦਾ ਇਹ ਨਵਾਂ ਕਾਨੂੰਨ ਬਿਲਕੁਲ ਉਸ ਤਰਜ਼ ਦਾ ਹੈ, ਜਿਹੜਾ ਅੱਜ ਤੋਂ 100 ਸਾਲ ਪਹਿਲਾਂ ਅੰਗਰੇਜ਼ਾਂ ਵੱਲੋਂ ਰੋਲਟ ਐਕਟ ਦੇ ਨਾਂਅ ਹੇਠ ਲਾਗੂ ਕੀਤਾ ਗਿਆ ਸੀ। ਅੰਗਰੇਜ਼ਾਂ ਵੱਲੋਂ ਇਹ ਕਾਨੂੰਨ ਅਜ਼ਾਦੀ ਲਈ ਉੱਠ ਰਹੇ ਜਨ-ਅੰਦੋਲਨਾਂ ਨੂੰ ਕੁਚਲਣ ਲਈ ਲਿਆਂਦਾ ਗਿਆ ਸੀ। ਇਸ ਪ੍ਰਕ੍ਰਿਆ ਰਾਹੀਂ ਨਿਆਂਇਕ ਪ੍ਰਕਿਰਿਆ ਨੂੰ ਲਾਂਭੇ ਰੱਖਦੇ ਹੋਏ ਸਭ ਸ਼ਕਤੀਆਂ ਪੁਲਸ ਨੂੰ ਸੌਂਪ ਦਿੱਤੀਆਂ ਗਈਆਂ ਹਨ। ਨਾਗਰਿਕ ਸੋਧ ਕਾਨੂੰਨਾਂ ਵਿਰੁੱਧ ਸ਼ੁਰੂ ਹੋਏ ਅੰਦੋਲਨ ਤੋਂ ਹੀ ਯੂ ਪੀ ਵਿੱਚ ਲਗਾਤਾਰ ਅੰਦੋਲਨ ਉੱਠ ਰਹੇ ਹਨ। ਬੇਰੁਜ਼ਗਾਰ ਨੌਜਵਾਨਾਂ ਨੇ ਪਹਿਲਾਂ 5 ਸਤੰਬਰ ਨੂੰ ਥਾਲੀਆਂ ਖੜਕਾ ਕੇ ਤੇ ਫਿਰ 9 ਸਤੰਬਰ ਨੂੰ ਮਸ਼ਾਲਾਂ ਜਗਾ ਕੇ ਰੋਜ਼ਗਾਰ ਖੋਹਣ ਵਾਲੀਆਂ ਸਰਕਾਰੀ ਨੀਤੀਆਂ ਦਾ ਡਟਵਾਂ ਵਿਰੋਧ ਕੀਤਾ ਸੀ। ਇਨਾਂ ਅੰਦੋਲਨਾਂ ਨੂੰ ਰੋਕਣ ਲਈ ਯੋਗੀ ਸਰਕਾਰ ਨੇ ਅੰਗਰੇਜ਼ ਹਾਕਮਾਂ ਦੇ ਪੈਰ ਚਿੰਨਾਂ ਉੱਤੇ ਚਲਦਿਆਂ ਯੂ ਪੀ ਵਿੱਚ ਅਜ਼ਾਦ ਭਾਰਤ ਦਾ ਰੋਲਟ ਐਕਟ ਲਾਗੂ ਕਰ ਦਿੱਤਾ ਹੈ। ਇਸ 'ਰੋਲਟ ਐਕਟ' ਸੰਬੰਧੀ ਨੋਟੀਫਿਕੇਸ਼ਨ ਜਾਰੀ ਕਰਦਿਆਂ ਯੂ ਪੀ ਸਰਕਾਰ ਦੇ ਟਵਿਟਰ ਉੱਤੇ ਇਸ ਨੂੰ ਮੁੱਖ ਮੰਤਰੀ ਯੋਗੀ ਦਾ ਡਰੀਮ ਪ੍ਰਾਜੈਕਟ ਦੱਸਿਆ ਗਿਆ ਹੈ। ਇਸ ਕਾਨੂੰਨ ਅਧੀਨ ਐੱਸ ਐੱਸ ਐੱਫ ਦੀਆਂ 5 ਬਟਾਲੀਅਨਾਂ ਦਾ ਗਠਨ ਕੀਤਾ ਜਾਵੇਗਾ, ਜਿਸ ਉੱਤੇ 1747.06 ਕਰੋੜ ਖ਼ਰਚ ਹੋਣਗੇ।

ਐੱਸ ਐੱਸ ਐੱਫ ਨੂੰ ਅਧਿਕਾਰ ਹੋਵੇਗਾ ਕਿ ਉਹ ਬਿਨਾਂ ਮੈਜਿਸਟ੍ਰੇਟ ਦੀ ਮਨਜ਼ੂਰੀ ਦੇ ਬਿਨਾਂ ਵਰੰਟ ਕਿਸੇ ਵੀ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਸਕੇਗੀ। ਬਿਨਾਂ ਵਰੰਟ ਕਿਸੇ ਵੀ ਬਿਲਡਿੰਗ ਜਾਂ ਸਥਾਨ ਦੀ ਤਲਾਸ਼ੀ ਲੈ ਸਕੇਗੀ। ਇਸ ਫੋਰਸ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਵਿਰੁੱਧ ਬਿਨਾਂ ਸਰਕਾਰ ਦੀ ਮਨਜ਼ੂਰੀ ਦੇ ਕੋਈ ਵੀ ਅਦਾਲਤ ਕਾਰਵਾਈ ਨਹੀਂ ਕਰ ਸਕੇਗੀ। ਇਹ ਸਿੱਧੇ ਤੌਰ ਉੱਤੇ ਲੋਕਤੰਤਰ ਵਿਵਸਥਾ ਵਿੱਚੋਂ ਨਿਆਂ ਪਾਲਿਕਾ ਨੂੰ ਬਾਹਰ ਕਰਨਾ ਹੈ। ਹੁਣ ਯੂ ਪੀ ਸਰਕਾਰ ਅੰਦੋਲਨ ਕਰਨ ਵਾਲਿਆਂ ਨਾਲ ਬੇਫਿਕਰ ਹੋ ਕੇ ਨਜਿੱਠ ਸਕਦੀ ਹੈ। ਉਸ ਨੂੰ ਡਾ. ਕਫੀਲ ਖਾਨ ਦੇ ਕੇਸ ਵਾਂਗ ਨਿਆਂ ਪਾਲਿਕਾ ਦਾ ਕੋਈ ਡਰ ਨਹੀਂ ਰਹੇਗਾ।

## ਗ਼ੈਰਜਮਹੂਰੀ ਕਾਰਵਾਈ

ਦਿੱਲੀ ਪੁਲੀਸ ਵੱਲੋਂ ਸੀਪੀਐੱਮ ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ, ਸਵਰਾਜ ਅਭਿਆਨ ਦੇ ਆਗੂ ਯੋਗੇਂਦਰ ਯਾਦਵ, ਅਰਥਸ਼ਾਸਤਰੀ ਜਯਤੀ ਘੋਸ਼, ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਤੇ ਕਾਰਕੁਨ ਅਪੂਰਵਾਨੰਦ ਅਤੇ ਦਸਤਾਵੇਜ਼ੀ ਫ਼ਿਲਮ ਨਿਰਮਾਤਾ ਰਾਹੁਲ ਰੌਏ ਨੂੰ ਫਰਵਰੀ ਮਹੀਨੇ ਵਿੱਚ ਹੋਏ ਦਿੱਲੀ ਦੰਗਿਆਂ ਲਈ ਸਹਿ-ਸਾਜਿਸ਼ਘਾੜਿਆਂ ਵਜੋਂ ਨਾਮਜ਼ਦ ਕੀਤਾ ਗਿਆ ਹੈ। ਪੁਲੀਸ ਦੀ ਇਸ ਕਾਰਵਾਈ ਦੇ ਵਿਰੋਧ ਵਿੱਚ ਵੱਡੀ ਗਿਣਤੀ ਵਕੀਲਾਂ, ਬੁੱਧੀਜੀਵੀਆਂ, ਵਿਦਿਆਰਥੀ ਜਥੇਬੰਦੀਆਂ ਦੇ ਕਾਰਕੁਨਾਂ ਅਤੇ ਸਮਾਜਿਕ ਕਾਰਕੁਨਾਂ ਵੱਲੋਂ ਇੱਥੋਂ ਦੇ ਸੈਕਟਰ-17 ਸਥਿਤ ਪਲਾਜ਼ਾ ਵਿੱਚ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਪ੍ਰੋ. ਮਨਜੀਤ ਸਿੰਘ, ਡਾ. ਪਿਆਰੇ ਲਾਲ ਗਰਗ, ਐਡਵੋਕੇਟ ਰਾਜੀਵ ਗੋਦਾਰਾ, ਸੀਟੂ ਦੇ ਆਗੂ ਕਾਮਰੇਡ ਰਘੂਨਾਥ ਸਿੰਘ, ਕੇਂਦਰੀ ਪੰਜਾਬੀ ਲੇਖਰ ਸਭਾ ਤੋਂ ਪ੍ਰੋ. ਸੁਖਦੇਵ ਸਿੰਘ, ਇੰਦਰਜੀਤ ਸਿੰਘ, ਸੁਖਚੈਨ ਸਿੰਘ, ਵਿਦਿਆਰਥੀ ਆਗੂ ਕਨੂੰ ਪ੍ਰਿਯਾ, ਅਮਨ ਤੇ ਪੰਜਾਬੀ ਫ਼ਿਲਮ ਅਦਾਕਾਰ ਦੀਪ ਸਿੱਧੂ ਨੇ ਆਪੋ-ਆਪਣੇ ਵਿਚਾਰ ਸਾਂਝੇ ਕੀਤੇ। ਪ੍ਰਦਰਸ਼ਨਕਾਰੀਆਂ ਨੇ ਉੱਘੀਆਂ ਸ਼ਖ਼ਸੀਅਤਾਂ ਖ਼ਿਲਾਫ਼ ਦਾਇਰ ਕੀਤੀ ਗਈ ਸਪਲੀਮੈਂਟਰੀ ਚਾਰਜਸ਼ੀਟ ਵਾਪਸ ਲੈਣ ਦੀ ਮੰਗ ਕੀਤੀ।

ਦਿੱਲੀ ਦੰਗਿਆਂ ਨਾਲ ਸਬੰਧਿਤ ਇਕ ਕੇਸ ਵਿਚ ਉਮਰ ਖਾਲਿਦ ਦੀ ਗ੍ਰਿਫ਼ਤਾਰੀ ਬਾਰੇ ਟਿੱਪਣੀ ਕਰਦਿਆਂ ਕੰਨੜ ਫ਼ਿਲਮ ਅਦਾਕਾਰ ਪ੍ਰਕਾਸ਼ ਰਾਜ ਨੇ ਕਿਹਾ ਹੈ, "ਸ਼ਰਮਨਾਕ ਜੇ ਅਸੀਂ ਇਸ 'ਵਿਚ ਹੰਟ' (ਭਾਵ ਅਤਿਅੰਤ ਬਦਲਾਲਊ ਕਾਰਵਾਈ) ਵਿਰੁੱਧ ਆਵਾਜ਼ ਨਾ ਉਠਾਈ ਤਾਂ ਸਾਨੂੰ ਖ਼ੁਦ 'ਤੇ ਸ਼ਰਮਿੰਦਾ ਹੋਣਾ ਪਵੇਗਾ।" ਪ੍ਰਕਾਸ਼ ਰਾਜ ਨੂੰ ਤਾਮਿਲ, ਹਿੰਦੀ, ਤੇਲਗੂ ਫ਼ਿਲਮਾਂ ਵਿਚ ਜ਼ਿਆਦਾ ਪਛਾਣ ਅਤੇ ਮਸ਼ਹੂਰੀ ਮਿਲੀ ਹੈ। ਉਮਰ ਖਾਲਿਦ ਨੂੰ ਦਿੱਲੀ ਪੁਲੀਸ ਵੱਲੋਂ ਕੇਸ ਨੰਬਰ 59/2020 ਵਿਚ ਨਾਮਜ਼ਦ ਕੀਤਾ ਗਿਆ, ਜੋ ਇਕ ਗੁੰਮਨਾਮ ਪੁਲੀਸ ਮੁਖ਼ਬਰ ਦੁਆਰਾ ਦਿੱਤੀ ਜਾਣਕਾਰੀ 'ਤੇ ਆਧਾਰਿਤ ਹੈ ਜਿਸ ਵਿਚ ਉਮਰ ਖਾਲਿਦ ਅਤੇ ਦਿੱਲੀ ਦੀ ਭਜਨਪੁਰਾ ਆਬਾਦੀ ਦੇ ਦਾਨਿਸ਼ ਨਾਮਕ ਵਿਅਕਤੀ 'ਤੇ ਇਹ ਦੋਸ਼ ਲਗਾਏ ਗਏ ਹਨ ਕਿ ਉਨਾਂ ਦਿੱਲੀ ਵਿਚ ਦੰਗੇ ਭੜਕਾਉਣ ਲਈ ਸਾਜ਼ਿਸ਼ ਰਚੀ। ਇਸ ਤੋਂ ਬਿਨਾਂ ਉਸ ਦਾ ਨਾਂ ਕੁਝ ਹੋਰ ਕੇਸਾਂ ਵਿਚ ਤਫ਼ਤੀਸ਼ ਤੋਂ ਬਾਅਦ ਫਾਈਲ ਕੀਤੀਆਂ ਗਈਆਂ ਚਾਰਜਸ਼ੀਟਾਂ ਵਿਚ ਵੀ ਦਰਜ ਕੀਤਾ ਗਿਆ ਹੈ ਜਿਨਾਂ ਵਿਚ ਕਮਿਊਨਿਸਟ ਪਾਰਟੀ ਆਫ਼ ਇੰਡੀਆ (ਮਾਰਕਸਿਸਟ) ਦੇ ਜਨਰਲ ਸਕੱਤਰ ਸੀਤਾ ਰਾਮ ਯੇਚੁਰੀ, ਸਵਰਾਜ ਇੰਡੀਆ ਪਾਰਟੀ ਦੇ ਯੋਗੇਂਦਰ ਯਾਦਵ, ਫ਼ਿਲਮ ਨਿਰਮਾਤਾ ਅਤੇ ਅਦਾਕਾਰ ਰਾਹੁਲ ਰੌਏ, ਪ੍ਰੋਫ਼ੈਸਰ ਜਯਤੀ ਘੋਸ਼, ਪ੍ਰੋ. ਅਪੂਰਵਾਨੰਦ ਆਦਿ ਵੀ ਸ਼ਾਮਲ ਹਨ।

ਉੱਘੇ ਸਮਾਜਿਕ ਕਾਰਕੁਨ ਅਤੇ ਸਾਬਕਾ ਆਈਏਐੱਸ ਅਧਿਕਾਰੀ ਹਰਸ਼ ਮੰਦਰ, ਪ੍ਰੋ. ਅਪੂਰਵਾਨੰਦ ਅਤੇ 10 ਹੋਰ ਵਿਦਵਾਨਾਂ ਤੇ ਸਮਾਜਿਕ ਕਾਰਕੁਨਾਂ ਨੇ ਉਮਰ ਖਾਲਿਦ ਦੀ ਗ੍ਰਿਫ਼ਤਾਰੀ ਦੀ ਨਿਖੇਧੀ ਕਰਦਿਆਂ ਉਸ ਨੂੰ ਦੇਸ਼ ਦੀਆਂ ਉਨਾਂ ਸਾਹਸੀ ਨੌਜਵਾਨ ਆਵਾਜ਼ਾਂ ਵਿਚੋਂ ਇਕ ਦੱਸਿਆ ਹੈ ਜਿਹੜੀਆਂ ਦੇਸ਼ ਦੀਆਂ ਸੰਵਿਧਾਨਕ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਲਈ ਬੁਲੰਦ ਹੋ ਰਹੀਆਂ ਹਨ। ਪੰਜਾਬ ਦੇ ਸਾਬਕਾ ਡਾਇਰੈਕਟਰ ਜਨਰਲ ਆਫ਼ ਪੁਲੀਸ ਜੂਲੀਓ ਰਿਬੇਰੋ ਨੇ ਦਿੱਲੀ ਪੁਲੀਸ ਦੇ ਕਮਿਸ਼ਨਰ ਨੂੰ ਲਿਖੀ ਚਿੱਠੀ ਵਿਚ ਇਹ ਖ਼ਦਸ਼ਾ ਪ੍ਰਗਟਾਇਆ ਹੈ ਕਿ ਦਿੱਲੀ ਦੰਗਿਆਂ ਬਾਰੇ "ਪੁਲੀਸ ਦੁਆਰਾ ਰਜਿਸਟਰ ਕੀਤੇ ਗਏ 753 ਕੇਸਾਂ ਵਿਚ ਹੋ ਰਹੀ ਤਫ਼ਤੀਸ਼ ਸ਼ਾਂਤਮਈ ਢੰਗ ਨਾਲ ਅੰਦੋਲਨ ਕਰਨ ਵਾਲਿਆਂ ਵਿਰੁੱਧ ਕੀਤੀ ਜਾ ਰਹੀ ਹੈ ਅਤੇ ਇਹ ਵਿਤਕਰਾ ਇਕ ਘੱਟਗਿਣਤੀ ਫ਼ਿਰਕੇ ਵਿਰੁੱਧ ਘਿਰਣਾ ਤੋਂ ਪੈਦਾ ਹੋਇਆ ਹੈ।" ਰਿਬੇਰੋ ਨੇ ਇਹ ਸਵਾਲ ਵੀ ਉਠਾਇਆ ਹੈ ਕਿ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਕਪਿਲ ਮਿਸ਼ਰਾ, ਅਨੁਰਾਗ ਠਾਕੁਰ ਅਤੇ ਪਰਵੇਸ਼ ਵਰਮਾ ਵਿਰੁੱਧ ਕੇਸ ਕਿਉਂ ਨਹੀਂ ਦਰਜ ਕੀਤੇ ਗਏ। ਅਨੁਰਾਗ ਠਾਕੁਰ ਅਤੇ ਪਰਵੇਸ਼ ਵਰਮਾ ਨੇ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਨਫ਼ਰਤ ਫੈਲਾਉਣ ਵਾਲੇ ਭਾਸ਼ਨ ਦਿੱਤੇ ਸਨ ਜਿਨਾਂ ਵਿਚ 'ਦੇਸ਼ ਕੇ ਗੱਦਾਰੋਂ ਕੋ, ਗੋਲੀ ਮਾਰੋ ਕੋ' ਜਿਹੇ ਨਾਅਰੇ ਵੀ ਲਗਾਏ ਗਏ ਸਨ। ਰਿਬੇਰੋ ਨੇ ਹਰਸ਼ ਮੰਦਰ ਅਤੇ ਅਪੂਰਵਾਨੰਦ ਨੂੰ ਦੇਸ਼ ਭਗਤ ਦੱਸਦਿਆਂ ਅਜਿਹੇ ਵਿਅਕਤੀਆਂ ਨੂੰ ਦੰਗਿਆਂ ਬਾਬਤ ਦਰਜ ਕੀਤੇ ਕੇਸਾਂ ਵਿਚ ਘਸੀਟਣ ਨੂੰ ਚਿੰਤਾਜਨਕ ਦੱਸਿਆ ਹੈ।

ਦਿੱਲੀ ਦੰਗਿਆਂ ਬਾਰੇ ਪੁਲੀਸ ਨੇ 1500 ਤੋਂ ਜ਼ਿਆਦਾ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਨਾਂ ਵਿਚੋਂ 1150 ਤੋਂ ਵੱਧ ਨੂੰ ਚਾਰਜਸ਼ੀਟ ਕੀਤਾ ਗਿਆ ਹੈ। ਗ੍ਰਿਫ਼ਤਾਰ ਕੀਤੇ ਜਾਣ ਵਾਲਿਆਂ ਵਿਚ ਦਿੱਲੀ, ਜਾਮੀਆ ਮਿਲੀਆ ਇਸਲਾਮੀਆ ਅਤੇ ਜਵਾਹਰਲਾਲ ਨਹਿਰੂ ਯੂਨੀਵਰਸਿਟੀਆਂ ਦੀਆਂ ਵਿਦਿਆਰਥਣਾਂ ਵੀ ਸ਼ਾਮਲ ਹਨ। ਦਿੱਲੀ ਪੁਲੀਸ ਫਾਈਲ ਕੀਤੀਆਂ ਗਈਆਂ ਚਾਰਜਸ਼ੀਟਾਂ ਵਿਚ ਅਜਿਹਾ ਬਿਰਤਾਂਤ ਬੁਣਨ ਦਾ ਯਤਨ ਕਰ ਰਹੀ ਹੈ ਜਿਸ ਵਿਚ ਇਹ ਦਰਸਾਇਆ ਜਾ ਰਿਹਾ ਹੈ ਕਿ ਸ਼ਾਹੀਨ ਬਾਗ ਅਤੇ ਹੋਰ ਥਾਵਾਂ 'ਤੇ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਹੋਏ ਅੰਦੋਲਨਾਂ ਨੇ ਦਿੱਲੀ ਵਿਚ ਦੰਗਿਆਂ ਲਈ ਆਧਾਰ ਤਿਆਰ ਕੀਤਾ ਹੈ।

HOTHI FREIGHTLINES
HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

• California to Michigan, New Jersey Florida & Texas • Dedicated Load (ਪੱਕੇ ਲੋਡ)




ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

ਅੰਮ੍ਰਿਤਸਰ ਟਾਈਮਜ਼ AMRITSAR TIMES

16 ਸਤੰਬਰ 2020 ਤੋਂ 22 ਸਤੰਬਰ 2020

## ਬੇਅਦਬੀਆਂ ਖਿਲਾਫ ਸੰਘਰਸ਼ - ਕੇਂਦਰੀ ਅਸਥਾਨ ਦਾ ਅਦਬ ਅਤੇ ਸਾਡੀ ਰਵਾਇਤ

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਮਸਲੇ ਚ ਸ਼੍ਰੋਮਣੀ ਕਮੇਟੀ ਖਿਲਾਫ ਸਿੱਖ ਸੰਗਤ ਦਾ ਰੋਹ ਲਗਾਤਰ ਤੇਜ਼ ਹੋ ਰਿਹਾ ਹੈ ਪਰ ਸ਼੍ਰੋਮਣੀ ਕਮੇਟੀ ਵੱਲੋਂ ਹਜੇ ਤੱਕ ਨਾ ਪੂਰੀ ਰਿਪੋਰਟ ਜਨਤਕ ਕੀਤੀ ਗਈ ਹੈ ਅਤੇ ਨਾ ਹੀ ਇਹ ਦੱਸਿਆ ਗਿਆ ਹੈ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਕਿੱਥੇ ਹਨ। ਲੰਘੀ 14 ਸਤੰਬਰ ਨੂੰ ਕੁਝ ਸਿੱਖ ਜਥੇਬੰਦੀਆਂ ਨੇ ਸ਼੍ਰੋਮਣੀ ਕਮੇਟੀ ਦਫਤਰ ਦੇ ਬਾਹਰ ਧਰਨਾ ਲਾਇਆ, ਜੋ ਹਾਲੀ ਜਾਰੀ ਹੈ ਅਤੇ ਕੁਝ ਜਥੇਬੰਦੀਆਂ ਨੇ 17 ਨੂੰ ਇਕੱਠ ਰੱਖਿਆ ਹੈ। ਤਕਰੀਬਨ ਹਰ ਸਿੱਖ ਇਸ ਮਸਲੇ ਪ੍ਰਤੀ ਚਿੰਤਤ ਹੈ ਪਰ ਜਦੋਂ ਅਸੀਂ ਆਪਣੇ ਸਭ ਤੋਂ ਅਹਿਮ ਮਸਲੇ ਤੇ ਕੋਈ ਕਦਮ ਪੁੱਟਣਾ ਹੈ ਤਾਂ ਸਾਡੀ ਜਿੰਮੇਵਾਰੀ ਬਹੁਤ ਵਧ ਜਾਂਦੀ ਹੈ। ਇਹ ਗੱਲ ਬਿਲਕੁਲ ਸਪਸ਼ਟ ਹੈ ਕਿ ਇਹ ਮਸਲਾ ਭ੍ਰਿਸ਼ਟਾਚਾਰ ਦਾ ਨਹੀਂ ਬਲਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਹੈ। ਫਿਰ ਜਦੋਂ ਅਸੀਂ ਗੁਰੂ ਸਾਹਿਬ ਜੀ ਦੇ ਅਦਬ ਸਬੰਧੀ ਕੋਈ ਕਦਮ ਪੁੱਟਣਾ ਹੈ ਤਾਂ ਸਾਨੂੰ ਆਪਣੇ ਧਾਰਮਿਕ ਅਸਥਾਨਾਂ ਦਾ ਅਦਬ ਅਤੇ ਆਪਣੀ ਰਵਾਇਤ ਨੂੰ ਵੀ ਨਾਲ ਹੀ ਰੱਖਣਾ ਪਵੇਗਾ, ਇਹਨਾਂ ਤੋਂ ਬਿਨਾ ਸਾਡਾ ਅਮਲ ਅਧੂਰਾ ਹੀ ਰਹੇਗਾ। ਪਿਛਲੇ ਦਿਨਾਂ ਤੋਂ ਅਸੀਂ ਸਾਰੇ ਆਪਣੀ ਸਮਰੱਥਾ ਅਨੁਸਾਰ ਇਸ ਮਸਲੇ ਤੇ ਆਪਣੀ ਊਰਜਾ ਲਾ ਰਹੇ ਹਾਂ, ਪਰ ਜਾਣੇ ਅਣਜਾਣੇ ਵਿੱਚ ਅਸੀਂ ਕੁਝ ਅਹਿਮ ਨੁਕਤੇ ਅੱਖੋਂ ਪਰੋਖੇ ਕਰ ਰਹੇ ਹਾਂ ਜਿਸ ਕਰਕੇ ਅਸੀਂ ਜੋ ਕਦਮ ਪੁੱਟ ਰਹੇ ਹਾਂ ਉਹਨਾਂ ਚ ਸਾਡੀ ਰਵਾਇਤ ਅਤੇ ਸਾਡੇ ਕੇਂਦਰੀ ਅਸਥਾਨਾਂ ਦਾ ਅਦਬ ਸਾਡੇ ਨਾਲ ਨਹੀਂ ਹੈ। ਇਹ ਲਿਖਤ ਉਹਨਾਂ ਨੁਕਤਿਆਂ ਉੱਤੇ ਧਿਆਨ ਦਵਾਉਣ ਦਾ ਇਕ ਯਤਨ ਮਾਤਰ ਹੈ।

**ਦਰਬਾਰ ਸਾਹਿਬ ਕੰਪਲੈਕਸ ਅੰਦਰ ਧਰਨਾ :**

ਬਿਨਾਂ ਸ਼ੱਕ ਇਸ ਮਸਲੇ ਵਿੱਚ ਸ਼੍ਰੋਮਣੀ ਕਮੇਟੀ ਦੀ ਕਾਰਵਾਈ ਸ਼ੱਕੀ ਹੈ ਅਤੇ ਸੰਭਾਵਨਾ ਹੈ ਕਿ ਇਸ ਪਾਪ ਵਿੱਚ ਕਈ ਵੱਡੇ ਚਿਹਰੇ ਸ਼ਾਮਿਲ ਹੋਣਗੇ ਪਰ ਸਾਡਾ ਦਰਬਾਰ ਸਾਹਿਬ ਕੰਪਲੈਕਸ ਅੰਦਰ ਧਰਨਾ ਲਾਉਣਾ ਵੀ ਸਾਡੇ ਕੇਂਦਰੀ ਅਸਥਾਨ ਦੇ ਅਦਬ ਅਤੇ ਸਾਡੀ ਰਵਾਇਤ ਅਨੁਸਾਰ ਸਹੀ ਨਹੀਂ ਹੈ। ਇੱਥੇ ਦੁਨਿਆਵੀ ਤਖਤਾਂ ਦੇ ਜੁਰਮ ਅਤੇ ਜਰਵਾਣਿਆਂ ਖਿਲਾਫ ਮੋਰਚਾ ਤਾਂ ਲਾਇਆ ਜਾ ਸਕਦੈ ਪਰ ਸਾਡੇ ਆਪਣੇ ਪ੍ਰਬੰਧ ਖਿਲਾਫ ਇਹ ਕਦਮ ਸਹੀ ਨਹੀਂ ਹੈ, ਸ਼੍ਰੋਮਣੀ ਕਮੇਟੀ ਦੇ ਹੋਰਨਾਂ ਪ੍ਰਬੰਧਾਂ (ਸਕੂਲ, ਕਾਲਜਾਂ ਆਦਿ) ਵਿੱਚ ਵੀ ਬੇਅੰਤ ਕਮੀਆਂ ਹੋ ਸਕਦੀਆਂ ਨੇ, ਇਸ ਤਰ੍ਹਾਂ ਦੇ ਰੁਝਾਨ ਨਾਲ ਤਾਂ ਅਸੀਂ ਹਰ ਦੁੱਕੀ ਤਿੱਕੀ ਅਤੇ ਹੋਰ ਗੈਰ ਸਿੱਖਾਂ ਲਈ ਇੱਥੇ ਧਰਨੇ ਲਾਉਣ ਦਾ ਰਾਹ ਖੋਲ ਦਵਾਂਗੇ। ਹੌਲੀ ਹੌਲੀ ਮਟਕਾ ਚੌਂਕ ਵਰਗਾ ਮਹੌਲ ਬਣ ਜਾਣੈ, ਸਰਕਾਰਾਂ ਨੇ ਇਹ ਤਮਾਸ਼ਾ ਵੇਖਦੇ ਰਹਿਣਾ ਹੈ। ਸਾਨੂੰ ਦਰਬਾਰ ਸਾਹਿਬ ਕੰਪਲੈਕਸ ਨੂੰ ਧਰਨੇ/ਮੁਜਾਹਰਿਆਂ ਦਾ ਅਖਾੜਾ ਨਹੀਂ ਬਣਨ ਦੇਣਾ ਚਾਹੀਦਾ।

**ਧਰਨੇ ਚ ਸ਼ਾਮਿਲ ਹੋਣ ਆਈ ਸੰਗਤ ਪ੍ਰਤੀ ਸ਼੍ਰੋਮਣੀ ਕਮੇਟੀ ਦਾ ਰੱਵਈਆ :**

15 ਸਤੰਬਰ ਨੂੰ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਵੱਲੋਂ ਧਰਨੇ ਚ ਸ਼ਾਮਿਲ ਹੋਣ ਆ ਰਹੀ ਸੰਗਤ ਅਤੇ ਪੱਤਰਕਾਰਾਂ ਨਾਲ ਕੁੱਟ ਮਾਰ ਕੀਤੀ ਗਈ। ਇਸ ਰੱਵਈਏ ਦੀਆਂ ਤਸਵੀਰਾਂ/ਵੀਡੀਓ ਬਿਜਲ ਸੱਥ (ਸੋਸ਼ਲ ਮੀਡੀਆ) ਉੱਤੇ ਕੁਝ ਪਲਾਂ ਚ ਹੀ ਘੁੰਮ ਗਈਆਂ। ਸ਼੍ਰੋਮਣੀ ਕਮੇਟੀ ਦੀ ਇਹ ਕਾਰਵਾਈ ਅਤਿ–ਦਰਜੇ ਦੀ ਘਟੀਆ ਕਾਰਵਾਈ ਹੈ ਜੋ ਇਸ ਦੇ ਰੱਵਈਏ ਉੱਤੇ ਇਕ ਵਾਰ ਫਿਰ ਸਵਾਲੀਆ ਚਿੰਨ ਲਾਉਂਦੀ ਹੈ। ਇਸ ਕਾਰਵਾਈ ਨਾਲ ਸ਼੍ਰੋਮਣੀ ਕਮੇਟੀ ਨੇ ਜਿੱਥੇ ਆਪਣੀ ਵਿਸ਼ਵਾਸ਼–ਯੋਗਤਾ ਹੋਰ ਗਵਾ ਲਈ ਹੈ ਉੱਥੇ ਹੀ ਆਪਣੇ ਭਰਾਵਾਂ ਨਾਲ ਇਹ ਵਿਹਾਰ ਕਰ ਕੇ ਦਰਬਾਰ ਸਾਹਿਬ ਦੇ ਅਦਬ ਨੂੰ ਵੀ ਨੁਕਸਾਨ ਪਹੁੰਚਾਇਆ ਹੈ।

**ਧਰਨੇ ਦੀ ਮੰਗ, ਤਰੀਕਾਕਾਰ ਅਤੇ ਦਾਅਵੇ ਦਾ ਟਕਰਾਓ :**

ਧਰਨਾ ਦੇ ਰਹੇ ਸਿੱਖ ਵੀਰਾਂ ਵੱਲੋਂ ਲਗਾਤਾਰ ਇਸ ਮੰਗ ਉੱਤੇ ਜ਼ੋਰ ਦਿੱਤਾ ਜਾ ਰਿਹਾ ਹੈ ਕਿ ਜਾਂਚ ਮੁਤਾਬਿਕ ਦੋਸ਼ੀ ਪਾਏ ਗਏ ਵਿਅਕਤੀਆਂ ਉੱਤੇ ਪਰਚਾ ਦਰਜ ਹੋਵੇ ਤਾਂ ਜੋ ਅਸਲੀ ਪਾਪੀਆਂ ਦੇ ਚਿਹਰੇ ਨੰਗੇ ਹੋ ਸਕਣ। ਇੱਥੇ ਅਹਿਮ ਗੱਲ ਇਹ ਹੈ ਕਿ ਜੇਕਰ ਅਸੀਂ ਪੰਥ ਵੱਲੋਂ ਇਹ ਮੰਗ ਰੱਖ ਰਹੇ ਹਾਂ ਤਾਂ ਇਹ ਮੰਗ ਗਲਤ ਹੈ। ਖਾਲਸਾ ਪੰਥ ਵੱਲੋਂ ਆਪਣੇ ਮਸਲਿਆਂ ਵਿੱਚ ਪੁਲਸ ਦੇ ਦਖਲ ਅਤੇ ਉਸਤੋਂ ਇਨਸਾਫ ਦੀ ਮੰਗ ਕਰਨਾ, ਸਾਡੀ ਰਵਾਇਤ ਦੇ ਉਲਟ ਭੁਗਤਦਾ ਹੈ। ਜੇਕਰ ਮੰਗ ਇਹੀ ਰੱਖਣੀ ਹੈ, ਤਾਂ ਇਕ ਤਾਂ ਇਹ ਮੰਗ ਪੰਥ ਵੱਲੋਂ (ਭਾਵ ਜੋ ਇਹ ਮੰਗ ਰੱਖ ਰਹੇ ਹਨ ਉਹ ਆਪਣੇ ਆਪ ਨੂੰ ਪੰਥ ਨਾ ਕਹਿਣ) ਨਹੀਂ ਹੋਣੀ ਚਾਹੀਦੀ ਦੂਸਰਾ ਇਹ ਮੰਗ ਕਰਨ ਲਈ ਉੱਥੇ ਜਾ ਕੇ ਧਰਨਾ ਲਾਉਣਾ ਸਹੀ ਨਹੀਂ ਹੈ। ਜੇਕਰ ਪੁਲਸ ਕਾਰਵਾਈ ਹੀ ਕਰਵਾਉਣੀ ਹੈ ਤਾਂ ਕੋਈ ਵੀ ਨਿੱਜੀ ਤੌਰ ’ਤੇ ਇਹ ਦਰਖ਼ਾਸਤ ਦੇ ਸਕਦਾ ਹੈ।

**ਧਰਨੇ ਦੀ ਤਰਜ ਤੇ ਵਿਰੋਧ ਦੇ ਸੰਭਾਵੀ ਬਦਲ:**

ਚੱਲ ਰਹੇ ਸ਼ਾਂਤਮਈ ਧਰਨੇ ਦੀ ਤਰਜ ਉੱਤੇ ਵਿਰੋਧ ਦੇ ਅਨੇਕਾਂ ਹੋਰ ਬਦਲ ਵੇਖੇ ਜਾ ਸਕਦੇ ਹਨ ਜੋ ਕਰਨ ਲਈ ਭਾਵੇਂ ਥੋੜੇ ਜਿਹੇ ਔਖੇ ਵੀ ਹੋਣ ਪਰ ਸ਼ਾਇਦ ਉਹ ਵੱਧ ਕਾਰਗਰ ਸਾਬਤ ਹੋ ਸਕਦੇ ਹਨ ਅਤੇ ਦਰਬਾਰ ਸਾਹਿਬ ਕੰਪਲੈਕਸ ਦਾ ਅਦਬ ਵੀ ਬਹਾਲ ਰੱਖਿਆ ਜਾ ਸਕਦਾ ਹੈ। ਇਸ ਤਰਜ ’ਤੇ ਸੰਭਾਵੀ ਬਦਲ ਜਿਵੇਂ ਕਿ ਸ਼੍ਰੋਮਣੀ ਕਮੇਟੀ ਮੈਂਬਰਾਂ ਅਤੇ ਪ੍ਰਧਾਨ ਦੇ ਘਰਾਂ ਦਾ ਘਿਰਾਓ, ਜਨਤਕ ਸਮਾਗਮਾਂ ਅਤੇ ਪਿੰਡਾਂ ਚ ਓਹਨਾ ਦੇ ਬੋਲਣ ਤੇ ਪੂਰਨ ਪਬੰਦੀ ਆਦਿ। ਇਹ ਤਰੀਕਾਕਾਰ ਨੂੰ ਅਮਲੀ ਰੂਪ ਦੇਣਾ ਥੋੜਾ ਵੱਧ ਔਖਾ ਜਰੂਰ ਹੋ ਸਕਦੈ ਪਰ ਇਹ ਇਹਨਾਂ ਲਈ ਬਹੁਤ ਨੁਕਸਾਨਦੇਹ ਸਿੱਧ ਹੋ ਸਕਦਾ ਹੈ ਜੋ ਇਹਨਾਂ ਨੂੰ ਤਕਲੀਫ ਵੀ ਦਵੇਗਾ ਅਤੇ ਆਪਣੇ ਕੀਤੇ ਪਾਪਾਂ ਦਾ ਅਹਿਸਾਸ ਵੀ ਕਰਵਾਵੇਗਾ।

**ਸਾਡੀ ਊਰਜਾ ਕਿੱਥੇ ਲੱਗੇ ?**

ਇਸ ਅਹਿਮ ਮਸਲੇ ਚ ਇਹ ਬਹੁਤ ਜਰੂਰੀ ਹੈ ਕਿ ਸਾਡੀ ਊਰਜਾ ਸਾਂਝੇ ਥਾਂ ਲੱਗੇ ਚਾਹੇ ਸਾਡੇ ਤਰੀਕਾਕਾਰ ਵੀ ਵੱਖ ਹੋਣ (ਜੇਕਰ ਇਕੋ ਤਰੀਕਾਕਾਰ ਤੇ ਸਹਿਮਤੀ ਨਹੀਂ ਬਣਦੀ ) ਤਾਂ ਜੋ ਇਨਸਾਫ ਲਈ ਦਬਾਅ ਪਾਇਆ ਜਾ ਸਕੇ। ਸਾਨੂੰ ਇਹ ਦਬਾਅ ਬਨਾਉਣਾ ਚਾਹੀਦਾ ਹੈ ਕਿ ਸ਼੍ਰੋਮਣੀ ਕਮੇਟੀ ਦੱਸੇ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਕਿੱਥੇ ਨੇ ?, ਕਿਸ ਦੇ ਕਹਿਣ ਤੇ ਦਿੱਤੇ ਗਏ ?, ਕਿਉਂ ਦਿੱਤੇ ਗਏ ਅਤੇ ਕਿਸ ਦੀ ਢਿੱਲ ’ਤੇ ਦਿੱਤੇ ਗਏ ?, ਤਾਂ ਜੋ ਸਾਰੇ ਪਾਪੀਆਂ ਦੇ ਚਿਹਰੇ ਬੇਪਰਦ ਹੋ ਸਕਣ। ਇਸ ਤੋਂ ਅਗਲਾ ਕਦਮ ਉਹਨਾਂ ਪਾਪੀਆਂ ਨੂੰ ਰਵਾਇਤ ਅਨੁਸਾਰ ਬਣਦੀ ਸਜ਼ਾ ਦੇਣਾ। ਗੁਰੂ ਖਾਲਸਾ ਪੰਥ ਗੁਰਮਤਾ ਕਰੇ ਕਿ ਇਸ ਪਾਪ ਦੀ ਸਜਾ ਕੀ ਦਿੱਤੀ ਜਾਵੇ।

ਮਸਲਾ ਸਿਰਫ ਇਹ ਨਹੀਂ ਕਿ ਸ਼੍ਰੋਮਣੀ ਕਮੇਟੀ ਨੇ ਸਿਆਸੀ ਦਖਲ ਅਤੇ ਦਬਾਅ ਕਾਰਨ ਆਪਣੀ ਵਿਸ਼ਵਾਸ਼–ਯੋਗਤਾ ਗਵਾ ਲਈ ਹੈ, ਮਸਲਾ ਸਾਡੀ ਰਵਾਇਤ ਨੂੰ ਕਾਇਮ ਰੱਖਣ ਅਤੇ ਸਾਡੇ ਕੇਂਦਰੀ ਅਸਥਾਨਾਂ ਦੇ ਅਦਬ ਨੂੰ ਬਰਕਰਾਰ ਰੱਖਣ ਦਾ ਵੀ ਹੈ। ਸਾਨੂੰ ਹਰ ਕਦਮ ਬਹੁਤ ਜਿੰਮੇਵਾਰੀ ਨਾਲ ਰੱਖਣਾ ਪੈਣਾ ਹੈ।

## ਅਕੀਦਾ, ਇਖਲਾਕ, ਪਛਤਾਵਾ, ਪਛਚਾਤਾਪ ਤੇ ਸੁਧਾਈ

**- ਪਰਮਜੀਤ ਸਿੰਘ**

ਅਕਸਰ ਇਹ ਗੱਲ ਕਹੀ ਜਾਂਦੀ ਹੈ ਕਿ ਮਨੁੱਖ ਗਲਤੀਆਂ ਦਾ ਪੁਤਲਾ ਹੈ। ਉਂਝ ਤਾਂ ਇਸ ਗੱਲ ਦੇ ਕਈ ਭਾਵ ਕੱਢੇ ਜਾ ਸਕਦੇ ਹਨ, ਤੇ ਆਪਣੀ ਲੋੜ ਜਾਂ ਮਤਲਬ ਮੁਤਾਬਿਕ ਕੱਢੇ ਵੀ ਜਾਂਦੇ ਹਨ, ਪਰ ਸ਼ਾਇਦ ਇਸ ਦਾ ਢੁਕਵਾਂ ਅਰਥ ਇਹ ਹੈ ਕਿ ਗਲਤੀ ਕਿਸੇ ਵੀ ਮਨੁੱਖ ਤੋਂ ਹੋ ਸਕਦੀ ਹੈ ਤੇ ਹਰ ਕਿਸੇ ਨੂੰ ਗਲਤੀ ਸੁਧਾਰਨ ਦਾ ਮੌਕਾ ਮਿਲਣਾ ਚਾਹੀਦਾ ਹੈ। ਇਸੇ ਕਰਕੇ ਹੀ ਸ਼ਾਇਦ ਗਲਤੀ ਕਰਨ ਵਾਲੇ ਨੂੰ ਆਪਣੇ ਕੀਤੇ ਦਾ ਪਛਤਾਵਾ ਕਰਕੇ ਸੁਧਰਨ ਦਾ ਮੌਕਾ ਦੇਣ ਦੀ ਪ੍ਰੰਪਰਾ ਕਰੀਬ ਹਰ ਮਨੁੱਖੀ ਸੱਭਿਆਚਾਰ ਤੇ ਧਰਮ–ਵਿਸ਼ਵਾਸ਼ ਵਿੱਚ ਮੌਜੂਦ ਹੈ।

ਗਲਤੀ ਤੇ ਗੁਨਾਹ ਬਾਰੇ ਇੱਕ ਮੋਟਾ ਜਿਹਾ ਬੁਨਿਆਦੀ ਫਰਕ ਇਹ ਹੁੰਦਾ ਹੈ ਕਿ ਗਲਤੀ ਅਕਸਰ ਅਣਜਾਣੇ ਵਿੱਚ ਹੁੰਦੀ ਹੈ ਤੇ ਮੁਕਾਬਲਤਨ ਘੱਟ ਗੰਭੀਰ ਹੁੰਦੀ ਹੈ। ਗੁਨਾਹ ਅਕਸਰ ਜਾਣਦਿਆਂ ਹੋਇਆਂ ਕੀਤਾ ਜਾਂਦਾ ਹੈ ਅਤੇ ਮੁਕਾਬਲਤਨ ਵੱਧ ਗੰਭੀਰ ਹੁੰਦਾ ਹੈ। ਇਹ ਵੀ ਹੈ ਕਿ ਜੇਕਰ ਕੋਈ ਗਲਤੀ ਪਤਾ ਲੱਗ ਜਾਣ ਉੱਤੇ ਵੀ ਉਸ ਨੂੰ ਮੰਨਣ ਤੇ ਸੁਧਾਰ ਕਰਨ ਦੀ ਬਜਾਏ ਉਸ ਉੱਤੇ ਪਰਦਾ ਪਾਵੇ ਜਾਂ ਵਾਰ–ਵਾਰ ਉਸੇ ਗਲਤੀ ਨੂੰ ਦਹੁਰਾਵੇ ਤਾਂ ਇਹ ਵੀ ਗਲਤੀ ਨਾ ਰਹਿ ਕੇ ਗੁਨਾਹ ਬਣ ਜਾਂਦੀ ਹੈ। ਗਲਤੀ ਕਰਨ ਵਾਲੇ ਨਾਲੋਂ ਗੁਨਾਹ ਕਰਨ ਵਾਲਾ ਵਧੇਰੇ ਸਖਤ ਸਜ਼ਾ ਦਾ ਪਾਤਰ ਹੁੰਦਾ ਹੈ।

ਗਲਤੀ ਜਾਂ ਗੁਨਾਹ ਦੋਹਾਂ ਲਈ ਹੀ ਮਾਫੀ ਹੋ ਸਕਦੀ ਹੈ ਪਰ ਉਸ ਦੀਆਂ ਕੁਝ ਬੁਨਿਆਦੀ ਸ਼ਰਤਾਂ ਹੁੰਦੀਆਂ ਹਨ। ਪਹਿਲੀ ਕਿ ਗਲਤੀ ਜਾਂ ਗੁਨਾਹ ਕਰਨ ਵਾਲਾ (ਦੋਸ਼ੀ) ਆਪਣੇ ਦੋਸ਼ ਨੂੰ ਇਮਾਨਦਾਰੀ ਨਾਲ ਤਸਲੀਮ ਕਰੇ, ਭਾਵ ਕਿ ਆਪਣੀ ਪੂਰੀ ਗਲਤੀ ਅਤੇ ਗੁਨਾਹ ਮੰਨੇ। ਦੂਜਾ ਉਸ ਗਲਤੀ ਜਾਂ ਗੁਨਾਹ ਦੇ ਕਾਰਨਾਂ ਨੂੰ ਮੁਕੰਮਲ ਰੂਪ ਵਿੱਚ ਬਿਆਨ ਕਰੇ। ਬਿਨਾ ਕੁਝ ਲੁਕਾਇਆਂ ਦੱਸੇ ਕਿ ਉਸਨੇ ਕਿਹਨਾਂ ਹਾਲਾਤਾਂ ਵਿੱਚ ਕੀ ਕੁਝ ਕੀਤਾ ਅਤੇ ਕਿਉਂ? ਤੀਜਾ ਕਿ ਤਹਿ ਦਿਲੋਂ ਉਹ ਆਪਣੇ ਆਪ ਨੂੰ ਦੋਸ਼ੀ ਮੰਨ ਕੇ ਪਛਤਾਵੇ ਲਈ ਆਪਣੇ ਆਪ ਨੂੰ ਪੇਸ਼ ਕਰੇ। ਇੰਝ ਕਰਨ ਵਾਲੇ ਨੂੰ ਹੀ ਪਛਚਾਤਾਪ ਕਰਨ ਦਾ ਅਧਿਕਾਰੀ ਮੰਨਿਆ ਜਾਂਦਾ ਹੈ ਤੇ ਅਜਿਹੇ ਮਨੁੱਖ ਦਾ ਹੀ ਪਛਚਾਤਾਪ ਪ੍ਰਵਾਣ ਹੁੰਦਾ ਹੈ।

ਪੰਥਕ ਰਿਵਾਇਤ ਵਿੱਚ ਵੀ ਤਨਖਾਨ ਅਜਿਹੇ ਸਿੱਖ ਨੂੰ ਹੀ ਲੱਗਦੀ ਹੈ ਜੋ ਪੂਰੀ ਗੱਲ ਸੱਚੋ–ਸੱਚ ਬਿਆਨ ਕਰਕੇ ਆਪਣੀ ਗਲਤੀ ਬਿਨਾ ਕਿਸੇ ਸਵਾਲ ਜਾਂ ਉਜਰ ਦੇ ਕਬੂਲ ਕਰਦਾ ਹੈ ਤੇ ਮਨੋਂ ਨਿਮਾਣਾ ਬਣ ਕੇ ਆਪਣੇ ਆਪ ਨੂੰ ਸੁਧਾਈ ਹਿੱਤ ਪੇਸ਼ ਕਰਦਾ ਹੈ। ਇੱਕ ਗੱਲ ਜਰੂਰ ਯਾਦ ਰੱਖਣੀ ਚਾਹੀਦੀ ਹੈ ਕਿ ਅਜਿਹਾ ਉਹ ਹੀ ਕਰਦੇ ਹਨ ਜਿਹੜੇ ਆਪਣੇ ਸੱਚੇ ਅਕੀਦੇ ਉੱਤੇ ਇਖਲਾਕ ਨਾਲ ਖੜ੍ਹਦੇ ਹਨ। ਅਕੀਦੇ ਤੋਂ ਡਿੱਗੇ ਅਤੇ ਇਖਲਾਕਹੀਣੇ ਮਨੁੱਖ ਵਿੱਚ ਗਲਤੀ ਨੂੰ ਮੰਨਣ, ਸੱਚ ਬਿਆਨਣ ਤੇ ਸੁਧਾਈ ਹਿੱਤ ਨਿਮਾਣਾ ਬਣ ਕੇ ਪੇਸ਼ ਹੋਣ ਦੀ ਹਿੰਮਤ ਨਹੀਂ ਹੁੰਦੀ। ਅਤੇ ਜੇਕਰ ਕੋਈ ਬਿਨਾ ਗਲਤੀ ਮੰਨੇ ਤੇ ਬਿਨਾ ਮੁਕੰਮਲ ਸੱਚ ਬਿਆਨ ਕੀਤਿਆਂ ਪਛਚਾਤਾਪ ਲਈ ਪੇਸ਼ਕਸ਼ ਕਰੇ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਉਹ ਫਰੇਬ ਕਰ ਰਿਹੈ, ਜੋ ਕਿ ਅਗਾਂਹ ਇੱਕ ਹੋਰ ਗੁਨਾਹ ਤੋਂ ਵੱਧ ਹੋਰ ਕੁਝ ਵੀ ਨਹੀਂ ਹੁੰਦਾ।

ਇਸ ਚਰਚਾ ਦਾ ਸਵੱਬ ਇਹ ਹੈ ਕਿ ਇਹਨੀ ਦਿਨੀਂ ਸਿੱਖ ਜਗਤ ਵਿੱਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਿਆਰ ਕੀਤੇ ਸਰੂਪ ਸਾਹਿਬਾਨ ਦੇ ਲਾਪਤਾ ਹੋਣ ਦੇ ਮਸਲੇ ਉੱਤੇ ਕਈ ਪ੍ਰਕਾਰ ਦੀ ਚਰਚਾ ਤੇ ਸਰਗਰਮੀ ਚੱਲ ਰਹੀ ਹੈ। ਮਾਮਲਾ ਇੰਨਾ ਗੰਭੀਰ ਹੈ ਕਿ ਸਿੱਖ ਜਗਤ ਦੇ ਸਨਮੁਖ ਇਹ ਆਪਾ ਪੜਚੋਲ ਦਾ ਵੱਡਾ ਵਿਸ਼ਾ ਬਣ ਜਾਣਾ ਚਾਹੀਦਾ ਸੀ ਕਿ ਆਖਿਰ ਕੀ ਕਾਰਨ ਹਨ ਕਿ ਗੁਰੂ ਸਾਹਿਬ ਦੇ ਅਦਬ ਲਈ ਜਾਨਾ ਵਾਰ ਕੇ ਸਿਰਜੀ ਸੰਸਥਾ ਦੇ ਆਪਣੇ ਪ੍ਰਬੰਧ ਹੇਠ ਹੀ ਗੁਰੂ ਸਾਹਿਬ ਦੀ ਇੰਨੀ ਵੱਡੀ ਬੇਅਦਬੀ ਹੋ ਜਾਵੇ? ਪਰ ਸ਼ਾਇਦ ਸਾਡੇ ਸਮਾਜ ਵਿੱਚ ਅਜੋਕੇ ਸਮੇਂ ਗੁਰੂ ਲਿਵ ਦੀ ਉਹ ਨੇੜਤਾ ਨਹੀਂ ਰਹੀ ਜੋ ਉਹਨਾਂ ਕੁਰਬਾਨੀਆਂ ਵੇਲੇ ਸੀ ਕਿਉਂਕਿ ਇਸ ਮਾਮਲੇ ਨੂੰ ਇੱਕ ਸਿਆਸੀ ਪ੍ਰਬੰਧਕੀ ਮਾਮਲੇ ਵਾਙ ਹੀ ਨਜਿੱਠਣ ਦੀ ਕਵਾਇਦ ਜ਼ੋਰਾਂ ਉੱਤੇ ਹੈ।

ਇਸੇ ਕਵਾਇਦ ਦਾ ਇੱਕ ਅਗਲਾ ਅਹਿਮ ਪੜਾਅ 18 ਸਤੰਬਰ ਨੂੰ ਹੈ ਜਿਸ ਦਿਨ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਮੌਕੇ ਸ਼੍ਰੋ.ਗੁ.ਪ੍ਰ.ਕ. ਦੀ ਤਤਕਾਲੀ ਕਾਰਜ–ਕਾਰਨੀ ਨੂੰ ਪੇਸ਼ ਹੋਣ ਲਈ ਸੱਦਿਆ ਗਿਆ ਹੈ। ਪਹਿਲਾਂ ਮਾਮਲੇ ਉੱਤੇ ਪਰਦਾ ਪਾਉਣ ਦੀ ਕੋਸ਼ਿਸ਼ ਕਰਨ ਵਾਲੀ ਤੇ ਫਿਰ ਵਾਰ–ਵਾਰ ਬਿਨਾ ਜਚਵੇਂ ਕਾਰਨਾਂ ਦੇ ਆਪਣੇ ਫੈਸਲੇ ਤੇ ਬਿਆਨ ਬਦਲਣ ਵਾਲੀ ਮੌਜੂਦਾ ਕਾਰਜ–ਕਾਰਨੀ ਨੇ ਵੀ ਇਸ ਦਿਨ ਸਿੰਘ ਸਾਹਿਬਾਨ ਅੱਗੇ ਪੇਸ਼ ਹੋਣ ਦਾ ਐਲਾਨ ਕੀਤਾ ਹੈ।

ਇਸ ਮਾਮਲੇ ਵਿੱਚ ਇੱਕ ਕੇਂਦਰੀ ਨੁਕਤਾ ਪਸ਼ਚਾਤਾਪ ਦਾ ਹੈ। ਸ਼੍ਰੋ.ਗੁ.ਪ੍ਰ.ਕ. ਵੱਲੋਂ ਜਿਸ ਸਥਾਨ ਉੱਤੇ ਗੁਰੂ ਸਾਹਿਬ ਦੇ ਸਰੂਪ ਸਾਹਿਬਾਨ ਦੀ ਸੇਵਾ ਕੀਤੀ ਜਾਂਦੀ ਹੈ ਓਥੇ ਮਈ 2016 ਵਿੱਚ ਅੱਗ ਲੱਗ ਜਾਣ ਕਾਰਨ ਗੁਰੂ ਸਾਹਿਬ ਦੇ ਸਰੂਪ ਅਗਨ ਭੇਟ ਹੋ ਗਏ ਸਨ ਤੇ ਅੱਗ ਬੁਝਾਉਣ ਵੇਲੇ ਵੀ ਗੁਰੂ ਸਾਹਿਬ ਦੇ ਸਰੂਪ ਸਾਹਿਬਾਨ ਦੀ ਬੇਅਦਬੀ ਹੋਈ ਸੀ। ਇਸ ਸੰਬੰਧੀ ਤਤਕਾਲੀ ਕਾਰਜ–ਕਾਰਨੀ ਉੱਤੇ ਦੋਸ਼ ਹੈ ਕਿ ਉਹਨਾਂ ਇਸ ਘਟਨਾ ਦਾ ਪਛਚਾਤਾਪ ਕਿਉਂ ਨਹੀਂ ਕੀਤਾ?

ਅਸਲ ਵਿੱਚ ਜਿਸ ਤਰੀਕੇ ਨਾਲ ਸਾਰਾ ਮਾਮਲਾ ਚੁੱਕਿਆ ਜਾ ਰਿਹਾ ਹੈ ਉਸ ਤਹਿਤ ਤਾਂ ਦੋਸ਼ ਬਾਰੇ ਇਹ ਪ੍ਰਭਾਵ ਜਾਂਦਾ ਹੈ ਕਿ ਉਸ ਕਮੇਟੀ ਨੇ ਪਛਚਾਤਾਪ ਕਰਨ ਦੀ ਕਾਰਵਾਈ ਕਿਉਂ ਨਹੀਂ ਕੀਤੀ?

ਉਸ ਮੌਕੇ ਦੇ ਦੋ ਅਹਿਮ ਅਹੁਦੇਦਾਰ ਅੱਜ ਇਸ ਸੰਸਾਰ ਵਿੱਚ ਨਹੀਂ ਹਨ। ਤਤਕਾਲੀ ਪ੍ਰਧਾਨ ਅਵਤਾਰ ਸਿੰਘ ਮੱਕੜ ਅਤੇ ਤਤਕਾਲੀ ਮੁੱਖ ਸਕੱਤਰ ਹਰਚਰਨ ਸਿੰਘ ਚਲਾਣਾ ਕਰ ਗਏ ਹਨ। ਚਲਾਣਾ ਕਰਨ ਤੋਂ ਕੁਝ ਦਿਨ ਪਹਿਲਾਂ ਹਰਚਰਨ ਸਿੰਘ ਹੁਰਾਂ ਨੇ ਇੱਕ ਟੀ.ਵੀ. ਚੈਨਲ ਨਾਲ ਗੱਲਬਾਤ ਮੌਕੇ ਕਿਹਾ ਸੀ ਕਿ ਉਹਨਾਂ ਤਤਕਾਲੀ ਪ੍ਰਧਾਨ ਅਵਤਾਰ ਸਿੰਘ ਮੱਕੜ ਨੂੰ ਪਛਚਾਤਾਪ ਕਰਨ ਲਈ ਕਿਹਾ ਸੀ ਪਰ ਉਹਨਾਂ ਗੱਲ ਗੌਲ਼ੀ ਨਹੀਂ। ਜਦੋਂ ਇਹ ਪੁੱਛਿਆ ਕਿ ਉਹਨਾਂ ਅਜਿਹਾ ਕਿਉਂ ਕੀਤਾ ਤਾਂ ਹਰਚਰਨ ਸਿੰਘ ਹੁਰਾਂ ਦਾ ਜਵਾਬ ਸੀ ਕਿ ਇਸ ਦੀ ਉਹਨਾਂ ਨੂੰ ਜਾਣਕਾਰੀ ਨਹੀਂ।

ਉਸ ਸਮੇਂ ਬਾਰੇ ਕਰੀਬ ਸਭ ਨੂੰ ਪਤਾ ਹੈ ਕਿ ਅਕਤੂਬਰ 2015 ਵਿੱਚ ਬੇਅਦਬੀ ਦੀਆਂ ਘਟਨਾਵਾ ਨਾਲ ਸਾਰੇ ਸਿੱਖ ਜਗਤ ਤੇ ਪੰਜਾਬ ਦੇ ਸਿੱਖਾਂ ਵਿੱਚ ਭਾਰੀ ਰੋਹ ਸੀ। ਅਗਲੇ ਸਾਲ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਸਨ। ਸੋ ਸਾਫ ਹੈ ਕਿ ਇਹ ਮਾਮਲਾ ਕਿਉਂ ਦੱਬਿਆ ਗਿਆ ਅਤੇ ਕਿਸ ਦੇ ਦਬਾਅ ਹੇਠ। ਹੋ ਸਕਦਾ ਹੈ ਕਿ ਉਸ ਸਮੇਂ ਅਹੁਦਿਆਂ ਉੱਤੇ ਰਹੇ ਹੋਰਨਾਂ ਵਿਅਕਤੀਆਂ ਦੇ ਜਵਾਬ ਵੀ ਹਰਚਰਨ ਸਿੰਘ ਵਾਲੇ ਹੀ ਹੋਣ ਪਰ ਅਸਲ ਸਵਾਲ ਇਹ ਹੈ ਕਿ ਕੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਅਗਨ ਭੇਟ ਹੋਣ ਦਾ ਪਛਤਾਵਾ ਇਨ੍ਹਾਂ ਸਭ ਅਹੁਦੇਦਾਰਾਂ ਨੂੰ ਅਵਤਾਰ ਸਿੰਘ ਮੱਕੜ ਦੀ ਹਾਂ ਤੋਂ ਬਾਅਦ ਹੀ ਹੋਣਾ ਸੀ? ਨਾਲੇ ਕੀ ਪਛਚਾਤਾਪ ਮਹਿਜ਼ ਇੱਕ ਰਸਮੀ ਕਾਰਵਾਈ ਹੈ? ਸਵਾਲ ਇਹ ਸਨ ਕਿ ਸਰੂਪ ਅਗਨ ਭੇਟ ਕਿਉਂ ਹੋਏ? ਉਸ ਲਈ ਕੌਣ ਜ਼ਿੰਮੇਵਾਰ ਸੀ? ਜੇ ਸਰੂਪ ਸਾਹਿਬਾਨ ਦੀ ਸੇਵਾ ਸ਼੍ਰੋ.ਗੁ.ਪ੍ਰ.ਕ. ਕੋਲ ਹੈ ਤਾਂ ਕੀ ਇਹ ਆਪਣੀ ਮਰਜ਼ੀ ਨਾਲ ਗੁਰੂ ਸਾਹਿਬ ਦੀ ਹੋਈ ਬੇਅਦਬੀ ਨੂੰ ਸਿੱਖ ਜਗਤ ਕੋਲੋਂ ਲੁਕਾਅ ਸਕਦੀ ਹੈ? ਕੀ ਅਹੁਦਿਆਂ ਅਤੇ ਕੰਮ–ਕਾਜ ਦੀਆਂ ਜ਼ਿੰਮੇਵਾਰੀਆਂ ਉੱਤੇ ਤਾਇਨਾਤ ਵਿਅਕਤੀ ਸਿਰਫ ਅਹੁਦੇਦਾਰ ਤੇ ਮੁਲਾਜਮ ਹੀ ਹਨ? ਕੀ ਸ਼੍ਰੋ.ਗੁ.ਪ੍ਰ.ਕ. ਵਿੱਚ ਅਹੁਦੇਦਾਰ ਜਾਂ ਮੁਲਾਜ਼ਮ ਲੱਗ ਕੇ ਬਤੌਰ ਗੁਰੂ ਦੇ ਸਿੱਖ ਅਤੇ ਬਤੌਰ ਸਿੱਖ ਜਗਤ ਦੇ ਜੀਅ ਉਹ ਆਪਣੇ ਫਰਜ਼ਾਂ ਤੋਂ ਫਾਰਗ ਹੋ ਜਾਂਦੇ ਹਨ? ਜੇ ਨਹੀਂ (ਜਿਹਾ ਕਿ ਹਰਗਿਜ਼ ਹੈ ਵੀ ਨਹੀਂ) ਤਾਂ ਫਿਰ ਉਹ ਕਿਵੇਂ ਕਹਿਣਗੇ ਕਿ ਉਹ ਗੁਰੂ ਸਾਹਿਬ ਦੀ ਬੇਅਦਬੀ ਬਾਰੇ ਸੱਚ ਨੂੰ ਦੱਬਣ ਦੇ ਦੋਸ਼ੀ ਨਹੀਂ ਹਨ?

18 ਸਤੰਬਰ ਨੂੰ ਕੀ ਘਟਨਾਕ੍ਰਮ ਵਾਪਰਦਾ ਹੈ ਇਹ ਵੇਖਣ ਵਾਲੀ ਗੱਲ ਹੈ ਪਰ ਇਹ ਜਰੂਰ ਸਮਝ ਲੈਣਾ ਚਾਹੀਦਾ ਹੈ ਕਿ ਪੂਰਾ ਸੱਚ ਬਿਆਨ ਕੀਤੇ ਬਿਨਾ, ਆਪਣੀ ਸਾਰੀ ਗਲਤੀ ਮੰਨੇ ਬਿਨਾ, ਉਸ ਗਲਤੀ ਦੀ ਬਣਦੀ ਜ਼ਿੰਮੇਵਾਰੀ ਕਬੂਲੇ ਬਿਨਾ, ਤੇ ਸਾਫ ਮਨ ਹੋ ਕੇ ਸੁਧਾਈ ਲਈ ਜੋਦੜੀ ਕੀਤੇ ਬਿਨਾ ਸਿਆਸੀ ਹਾਲਾਤ ਨੂੰ ਨਜਿੱਠਣ ਦੀਆਂ ਕੋਸ਼ਿਸ਼ਾਂ ਤਾਂ ਹੋ ਸਕਦੀਆਂ ਹਨ ਪਰ ਗੁਰ–ਸੰਗਤਿ ਦੇ ਸਨਮੁਖ ਦੋਸ਼–ਮੁਕਤ ਤੇ ਸੁਰਖਰੂ ਨਹੀਂ ਹੋਇਆ ਜਾ ਸਕਦਾ।

# ਯੂ ਪੀ ਪੁਲਿਸ ਉਪਰ ਲਗਾ ਗਊ ਹੱਤਿਆ ਦੇ ਨਾਮ 'ਤੇ ਮੁਸਲਮਾਨਾਂ ਉਪਰ ਤਸ਼ਤਦ ਕਰਨ ਦਾ ਦੋਸ਼

## ਫਲ ਵੇਚਨ ਵਾਲੇ 55 ਸਾਲਾ ਸਲੀਮ ਕੁਰੈਸ਼ੀ ਦੇ ਘਰ ਵਿੱਚ ਵੜਕੇ ਕੀਤਾ ਭਾਰੀ ਤਸ਼ੱਦਦ

## ਅੱਡੀ ਪੈਰ ਤੋਂ ਕੀਤੀ ਅਲੱਗ, ਪੁਲਿਸ ਗਰੀਬ ਮੁਸਲਮਾਨਾਂ ਨੂੰ ਬਣਾ ਰਹੀ ਏ ਨਿਸ਼ਾਨਾ

**ਕਾਰਵਾਂ ਮੀਡੀਆ**



ਗਾਜ਼ੀਪੁਰ ਜ਼ਿਲੇ ਦੇ ਦਿਲਦਾਰ ਨਗਰ ਪਿੰਡ ਵਿੱਚ ਫਲ ਵੇਚਨ ਵਾਲੇ 55 ਸਾਲਾ ਸਲੀਮ ਕੁਰੈਸ਼ੀ ਦੇ ਘਰ ਵਿੱਚ 30 ਅਗਸਤ ਦੀ ਅੱਧੀ ਰਾਤ ਦੌਰਾਨ ਪੁਲੀਸ ਦਾਖਲ ਹੋਈ। ਉਸ ਦੀ ਪਤਨੀ ਸਰਵਰੀ ਬੇਗਮ ਨੇ ਦੱਸਿਆ ਕਿ ਸ਼ਨੀਵਾਰ ਦੀ ਰਾਤ 2 ਵਜੇ ਦੇ ਕਰੀਬ, ਜਦੋਂ ਘਰ ਦੇ ਸਾਰੇ ਲੋਕ ਸੁੱਤੇ ਹੋਏ ਸਨ, ਤਾਂ ਕਿਸੇ ਨੇ ਦਰਵਾਜ਼ਾ ਖੜਕਾਇਆ। ਮੈਂ ਦਰਵਾਜ਼ੇ ਦੇ ਕੋਲ ਸੌਂ ਰਹੀ ਸੀ, ਇਸ ਲਈ ਮੈਂ ਖੜਾਕ ਸੁਣਕੇ ਜਾਗ ਗਈ । ਮੈਂ ਪੁੱਛਿਆ ਕੌਣ? ਸਰਵਰੀ ਨੇ ਦੱਸਿਆ ਕਿ ਬਾਹਰੋਂ ਆਵਾਜ਼ ਆਈ, 'ਹਮ ਹੈ ਅਸਲਮ।' 'ਮੈਂ ਪੁੱਛਿਆ, 'ਅਸਲਮ ਕੌਣ? ' 'ਕਿਉਂਕਿ ਸਾਨੂੰ ਉਹ ਆਵਾਜ਼ ਓਪਰੀ ਲੱਗੀ । ਮੈਂ ਇਹ ਵੇਖਣ ਲਈ ਪੌੜੀਆਂ ਚੜ ਕੇ ਛੱਤ ਤੇ ਗਈ ਕਿ ਉਥੇ ਕੌਣ ਹੈ। ਉਨਾਂ ਨੇ ਮੇਰੇ ਮੇਰੇ ਚਿਹਰੇ 'ਤੇ ਆਪਣੀ ਬੈਟਰੀ ਮਾਰੀ। ਮੈਂ ਫਿਰ ਪੁੱਛਿਆ, 'ਭਈਆ, ਤੁਸੀਂ ਕੌਣ ਹੋ'। ਉਹ ਗੁਸੇ ਵਿਚ ਆ ਕੇ ਮੈਨੂੰ ਮਾਂਵਾਂ -ਭੈਣਾਂ ਦੀਆਂ ਗਾਲਾਂ ਕੱਢਣ ਲੱਗੇ । ਕਿਹਾ ਕਿ ਤੁਸੀਂ ਦਰਵਾਜ਼ਾ ਕਿਉਂ ਨਹੀਂ ਖੋਲਦੇ। ਫਿਰ ਉਨਾਂ ਨੇ ਸਾਡੇ ਦਰਵਾਜ਼ੇ ਨੂੰ ਭੰਨਣਾ ਸ਼ੁਰੂ ਕਰ ਦਿੱਤਾ। ਮੇਰਾ ਘਰ ਵਾਲਾ ਬੈਠਕ ਵਿਚ ਸੁੱਤਾ ਹੋਇਆ ਸੀ। ਖੜਾਕਾ ਤੇ ਸ਼ੋਰ ਸੁਣ ਕੇ ਜਾਗ ਗਿਆ। ਉਹ ਉੱਠਿਆ ਅਤੇ ਉੱਠਦਿਆਂ ਹੀ ਉਸ ਨੇ ਦਰਵਾਜ਼ਾ ਖੋਲਿਆ। ਜਿਵੇਂ ਹੀ ਉਸ ਨੇ ਦਰਵਾਜ਼ਾ ਖੋਲਿਆ, ਉਨਾਂ ਨੇ ਮੇਰੇ ਪਤੀ ਨੂੰ ਬੇਰਹਿਮੀ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ।

ਅਸਲਮ ਦੀ 15 ਸਾਲਾ ਬੇਟੀ ਸੂਬੀ ਖਾਤੂਨ ਨੇ ਦੱਸਿਆ ਕਿ ਉਹ ਵੀ ਸ਼ੋਰ ਕਾਰਨ ਉਠ ਖੜੌਤੀ । ਉਸਨੇ ਕਿਹਾ, ਜਦੋਂ ਅਬੂ ਨੇ ਦਰਵਾਜ਼ਾ ਖੋਲਿਆ ਤਾਂ ਪੰਜ ਵਿਅਕਤੀਆਂ ਨੇ ਉਸ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਪੰਜ ਵਿੱਚੋਂ ਤਿੰਨ ਵਿਅਕਤੀਆਂ ਨੇ ਵਰਦੀਆਂ ਪਾਈਆਂ ਹੋਈਆਂ ਸਨ ਅਤੇ ਦੋ ਵਰਦੀ ਵਿੱਚ ਨਹੀਂ ਸਨ। ਉਹ ਸਾਰੇ ਲੋਕ ਸ਼ਰਾਬੀ ਪੁਲਸੀਏ ਸਨ ਅਤੇ ਉਨਾਂ ਦੇ ਨਾਲ ਇੱਕ ਵੀ ਔਰਤ ਪੁਲੀਸ ਕਰਮਚਾਰੀ ਨਹੀਂ ਸੀ। ਜਦੋਂ ਮੇਰੀ ਮਾਂ ਨੇ ਅੱਬੂ ਨੂੰ ਛੁਡਾਉਣ ਦੀ ਕੋਸ਼ਿਸ਼ ਕੀਤੀ ਤਾਂ ਉਨਾਂ ਲੋਕਾਂ ਨੇ ਮੇਰੀ ਮਾਂ ਨੂੰ ਵੀ ਕੁਟਿਆ।

ਸਰਵਰੀ ਬੇਗਮ ਨੇ ਕਿਹਾ ਕਿ ਉਹ ਵਾਰ ਵਾਰ ਪੁਲਿਸ ਨੂੰ ਪੁੱਛ ਰਹੀ ਸੀ ਕਿ ਉਹ ਉਸਦੇ ਪਤੀ ਨੂੰ ਕਿਉਂ ਮਾਰ ਰਹੇ ਹਨ ਪਰ ਪੁਲਿਸ ਨੇ ਕੋਈ ਜਵਾਬ ਨਹੀਂ ਦਿੱਤਾ। ਉਸਨੇ ਕਿਹਾ, "ਜਦੋਂ ਪੁਲਿਸ ਨੇ ਦੇਖਿਆ ਕਿ ਘਰ ਦੇ ਅੰਦਰ ਇੱਕ ਦਰਵਾਜ਼ਾ ਬੰਦ ਸੀ, ਇਹ ਅਸਲਮ ਦੇ ਵੱਡੇ ਬੇਟੇ ਦਾ ਕਮਰਾ ਸੀ ਜੋ ਮੁੰਬਈ ਵਿੱਚ ਕੰਮ ਕਰਦਾ ਹੈ, ਤਾਂ ਇੱਕ ਪੁਲਿਸ ਵਾਲੇ ਨੇ ਕਿਹਾ," ਜ਼ਰੂਰ ਅਸਲਮ ਉਥੇ ਲੁਕਿਆ ਹੋਇਆ ਹੋਵੇਗਾ।" ਮੈਂ ਉਸ ਨੂੰ ਕਿਹਾ ਕਿ ਤੁਸੀਂ ਲੋਕ ਸਹੀ ਢੰਗ ਨਾਲ ਗੱਲ ਕਰੋ ਪਰ ਉਨਾਂ ਨੇ ਮੈਨੂੰ ਕੁਟਣਾ ਸ਼ੁਰੂ ਕਰ ਦਿਤਾ। ਅਸੀਂ ਡਰ ਕੇ ਉਸ ਕਮਰੇ ਦੀਆਂ ਚਾਬੀਆਂ ਪੁਲਿਸ ਨੂੰ ਦੇ ਦਿੱਤੀਆਂ। ਕਮਰੇ ਵਿਚ ਪੁਲਿਸ ਨੂੰ ਕੁਝ ਵੀ ਨਹੀਂ ਮਿਲਿਆ।

ਬੇਗਮ ਨੇ ਕਿਹਾ ਕਿ ਇਸ ਤੋਂ ਬਾਅਦ ਵੀ ਉਹ ਉਸਦੇ ਪਤੀ ਦੀ ਕੁੱਟਮਾਰ ਕਰਦੇ ਰਹੇ। "ਮੈਂ ਆਪਣੇ ਪਤੀ ਨੂੰ ਬੇਹੋਸ਼ ਹੁੰਦੇ ਵੇਖਿਆ, ਇਸ ਲਈ ਮੈਂ ਪੁਲਿਸ ਵਾਲਿਆਂ ਦੇ ਪੈਰ ਫੜ ਲਏ ਅਤੇ ਉਨਾਂ ਨੂੰ ਛੱਡਣ ਲਈ ਮਿੰਨਤ ਕਰਨ ਲੱਗੀ ਪਰ ਇੱਕ ਆਦਮੀ ਨੇ ਮੈਨੂੰ ਧਕਾ ਮਾਰਕੇ ਪਰੇ ਕਰ ਦਿਤਾ। ਤੇ ਮੇਰੇ ਪਤੀ ਨੂੰ ਫਿਰ ਕੁੱਟਣਾ ਸ਼ੁਰੂ ਕਰ ਦਿੱਤਾ।" ਉਹ ਕਹਿ ਰਹੇ ਸਨ, 'ਇਸ ਨੂੰ ਕੁੱਟੋ ਤੇ ਇਸਦੇ ਹੱਥ ਅਤੇ ਪੈਰ ਤੋੜ ਦਿਉ।' ਮੈਂ ਅਤੇ ਮੇਰੀ ਬੇਟੀ ਬੱਸ ਰੋ ਰਹੀਆਂ ਸਨ।

ਪੁਲਿਸ ਵਾਲਿਆਂ ਨੇ ਸਲੀਮ ਦੇ 20 ਹਜ਼ਾਰ ਰੁਪਏ ਵੀ ਖੋਹ ਲਏ ।

ਪੁਲਿਸ ਦੀ ਸਖਤ ਕੁੱਟਮਾਰ ਕਾਰਣ ਸਲੀਮ ਦੀ ਅੱਡੀ ਦਾ ਹਿੱਸਾ ਪੈਰਾਂ ਤੋਂ ਵੱਖ ਹੋ ਗਿਆ। ਉੱਤਰ ਪ੍ਰਦੇਸ਼ ਪੁਲਿਸ ਨੇ ਦਾਅਵਾ ਕੀਤਾ ਹੈ ਕਿ ਇਹ ਕਥਿਤ ਦੋਸ਼ੀ ਗਾਂਵਾਂ ਨੂੰ ਗੈਰ ਕਾਨੂੰਨੀ ਤੌਰ ਤੇ ਮਾਰ ਕੇ ਵੇਚਦਾ ਸੀ। ਇਹ ਇਤਲਾਹ ਮਿਲਣ 'ਤੇ ਉਸ ਦੇ ਘਰ ਛਾਪਾ ਮਾਰਿਆ।

ਸਰਵਰੀ ਬੇਗਮ ਨੇ ਕਿਹਾ ਕਿ ਪਤਾ ਨਹੀਂ ਉਸ ਦੇ ਪਤੀ ਦੇ ਪੈਰ 'ਤੇ ਕੀ ਮਾਰਿਆ ਕਿ ਅਡੀ ਅਲੱਗ ਹੋ ਗਈ ਹੈ। ਉਸ ਤੋਂ ਬਾਅਦ ਪੁਲਿਸ ਨੇ ਕੁਰੈਸ਼ੀ ਨੂੰ ਖਿੱਚਣਾ ਸ਼ੁਰੂ ਕਰ ਦਿੱਤਾ, ਜਿਸ ਨਾਲ ਸਾਰੇ ਘਰ ਵਿੱਚ ਖ਼ੂਨ ਫੈਲ ਗਿਆ। ਬੇਟੀ ਖਾਤੂਨ ਨੇ ਦਸਿਆ ਕਿ ਉਹ ਲਗਾਤਾਰ ਪੁਲਿਸ ਨੂੰ ਬੇਨਤੀ ਕਰ ਰਹੀ ਸੀ, ਪਰ ਹਮਲਾਵਰਾਂ ਨੇ ਧਮਕੀ ਦਿੱਤੀ ਕਿ ਉਹ ਇਥੋਂ ਚਲੇ ਜਾਣ ਨਹੀਂ ਤਾਂ ਇਸ ਨੂੰ ਹੋਰ ਮਾਰਣਗੇ । ਮਾਂ ਅਤੇ ਧੀ ਨੇ ਦੱਸਿਆ ਕਿ ਕੁਰੈਸ਼ੀ ਕੁਝ ਸਮੇਂ ਬਾਅਦ ਬੇਹੋਸ਼ ਹੋ ਗਿਆ। ਬੇਗਮ ਨੇ ਦੋਸ਼ ਲਗਾਇਆ ਹੈ ਕਿ ਪੁਲਿਸ ਮੁਲਾਜ਼ਮਾਂ ਨੇ ਉਸਦੇ ਪਤੀ ਦੀ ਜੇਬ ਵਿਚੋਂ 20,000 ਰੁਪਏ ਕਢ ਲਏ ।



ਇਹ ਪੈਸੇ ਉਸਨੇ ਅਗਲੇ ਦਿਨ ਇੱਕ ਦੁਕਾਨਦਾਰ ਨੂੰ ਦੇਣੇ ਸਨ, ਕਿਉਂਕਿ ਉਸਨੇ ਤਾਲਾਬੰਦੀ ਦੇ ਸਮੇਂ ਕੋਰੋਨਾਵਾਇਰਸ ਦੌਰਾਨ ਉਧਾਰ ਲਏ ਸਨ। ਸਰਕਾਰੀ ਹਮਲਾਵਰ ਸਾਰੇ ਪੈਸੇ ਲੈ ਕੇ ਫਰਾਰ ਹੋ ਗਏ।

ਗਾਜ਼ੀਪੁਰ ਦੇ ਐਸਐਸਪੀ ਡਾ ਓ ਪੀ ਸਿੰਘ ਨੇ ਗਾਜੀਪੁਰ ਪੁਲਿਸ ਦੇ ਟਵਿੱਟਰ ਹੈਂਡਲ ਤੇ ਇਸ ਘਟਨਾ ਨਾਲ ਸਬੰਧਤ ਇੱਕ ਵੀਡੀਓ ਬਿਆਨ ਜਾਰੀ ਕੀਤਾ ਹੈ। ਉਸ ਬਿਆਨ ਵਿੱਚ, ਉਸ ਨੇ ਕਿਹਾ ਹੈ ਕਿ ਦਿਲਦਾਰ ਨਗਰ ਥਾਣੇ ਦੀ ਪੁਲਿਸ ਨੂੰ ਗੋਕਸ਼ੀ ਬਾਰੇ ਜਾਣਕਾਰੀ ਮਿਲੀ ਸੀ, ਜਿਸ ਤੋਂ ਬਾਅਦ ਪੁਲਿਸ ਪਿੰਡ ਵਿੱਚ ਸਲੀਮ ਕੁਰੈਸ਼ੀ ਦੇ ਘਰ ਗਈ ਸੀ। ਪੁਲਿਸ ਦਾ ਕਹਿਣਾ ਹੈ ਕਿ ਦਿਲਦਾਰ ਨਗਰ, ਜਦੋਂ ਪੁਲਿਸ ਨੇ ਦਰਵਾਜ਼ਾ ਖੜਕਾਇਆ ਤਾਂ ਸਲੀਮ ਕੁਰੈਸ਼ੀ ਨੇ ਪੰਜ ਫੁੱਟ ਦੀ ਕੰਧ ਤੋਂ ਛਾਲ ਮਾਰ ਦਿੱਤੀ ਅਤੇ ਭੱਜਣਾ ਸ਼ੁਰੂ ਕਰ ਦਿੱਤਾ ਜਿਸ ਕਾਰਨ ਉਸ ਦੀ ਲੱਤ ਵਿੱਚ ਸੱਟ ਲੱਗ ਗਈ। ਬਿਆਨ ਵਿਚ ਅੱਗੇ ਐਸਐਸਪੀ ਨੇ ਕਿਹਾ ਹੈ ਕਿ ਮੈਂ ਪੁਲਿਸ ਸੁਪਰਡੈਂਟ ਨੂੰ ਮੌਕੇ 'ਤੇ ਪਹੁੰਚ ਕੇ ਪੂਰੇ ਮਾਮਲੇ ਦੀ ਜਾਂਚ ਕਰਨ ਦਾ ਆਦੇਸ਼ ਦਿੱਤਾ ਹੈ। ਜੇਕਰ ਪੁਲੀਸ ਮੁਲਾਜ਼ਮ ਜ਼ਿੰਮੇਵਾਰ ਹੋਏ ਤਾਂ ਉਹਨਾਂ ਉਪਰ ਸਖਤ ਕਾਰਵਾਈ ਕੀਤੀ ਜਾਵੇਗੀ। ਐਸਐਸਪੀ ਨੇ ਦੱਸਿਆ ਕਿ ਫਿਲਹਾਲ ਇਸ ਮਾਮਲੇ ਦੀ ਜਾਂਚ ਚੱਲ ਰਹੀ ਹੈ ਅਤੇ ਇਕ ਐਸਆਈ ਅਤੇ ਤਿੰਨ ਸਿਪਾਹੀ ਲਾਈਨ ਹਾਜ਼ਰ ਕਰ ਦਿਤੇ ਹਨ। ਉਨਾਂ ਕਿਹਾ, ਸੀਓ ਜਮਾਨੀਆ ਇਸ ਦੀ ਜਾਂਚ ਕਰ ਰਹੇ ਹਨ ਅਤੇ ਜੋ ਵੀ ਦੋਸ਼ੀ ਹੋਵੇਗਾ, ਉਸ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

ਇਕ ਪੱਤਰਕਾਰ ਨਸੀਮ ਰਜ਼ਾ ਖਾਨ ਦਾ ਮੰਨਣਾ ਹੈ ਕਿ ਸਲੀਮ ਕੁਰੈਸ਼ੀ ਦੀ ਸੱਟ ਬਾਰੇ ਪੁਲਿਸ ਝੂਠ ਬੋਲ ਰਹੀ ਹੈ। ਖਾਨ ਨੇ ਕਿਹਾ ਕਿ ਉਹ 30 ਅਗਸਤ ਨੂੰ ਸਲੀਮ ਦੇ ਘਰ ਗਿਆ ਸੀ ਤੇ ਦੇਖਿਆ ਕਿ ਸਲੀਮ ਦੀ ਹਾਲਤ ਬਹੁਤ ਖਰਾਬ ਸੀ। ਖਾਨ ਨੇ ਦੱਸਿਆ ਕਿ ਸਲੀਮ ਦੇ ਘਰ ਦੀ ਕੰਧ ਤਿੰਨ ਫੁੱਟ ਹੈ। ਇਥੋਂ ਡਿਗਨ ਨਾਲ ਪੈਰ ਤੋਂ ਅਡੀ ਅਲੱਗ ਨਹੀਂ ਹੋ ਸਕਦੀ।

ਸਮਾਜ ਵਿਗਿਆਨੀ ਅੰਸਾਰੀ ਨੇ ਕਿਹਾ ਕਿ ਪੁਲਿਸ ਅਕਸਰ ਗਊ ਹੱਤਿਆ ਦੇ ਮਾਮਲੇ ਵਿਚ ਕਿਸੇ ਮੁਖਬਰ ਦੀ ਜਾਣਕਾਰੀ 'ਤੇ ਛਾਪੇ ਮਾਰਦੀ ਹੈ। ਉਨਾਂ ਕਿਹਾ, ਇਥੇ ਸਮੱਸਿਆ ਇਹ ਹੈ ਕਿ ਜਦੋਂ ਪੁਲਿਸ ਨੂੰ ਸਬੂਤ ਨਹੀਂ ਮਿਲਦੇ, ਤਾਂ ਦਹਿਸ਼ਤ ਪੈਦਾ ਕਰਨ ਲਈ ਉਥੇ ਲੋਕਾਂ ਨੂੰ ਬਹੁਤ ਕੁੱਟਦੀ ਮਾਰਦੀ ਹੈ ਅਤੇ ਇਹ ਮੁਸਲਿਮ ਭਾਈਚਾਰੇ ਦੇ ਗਰੀਬ ਵਰਗ ਨਾਲ ਵਧੇਰੇ ਵਾਪਰਦਾ ਹੈ। ਇਹ ਲੋਕ ਜ਼ਿਆਦਾਤਰ ਮਜ਼ਦੂਰ ਹਨ। ਅੰਸਾਰੀ ਨੇ ਕਿਹਾ ਕਿ ਪੁਲਿਸ ਵਲੋਂ ਅਜਿਹਾ ਕਰਨ ਦੇ ਦੋ ਕਾਰਨ ਹੋ ਸਕਦੇ ਹਨ। ਇਕ ਤਾਂ ਇਹ ਹੈ ਕਿ ਜਬਰਦਸਤੀ ਧੰਦਾ ਬਣ ਗਿਆ ਹੈ ਅਤੇ ਦੂਜਾ, ਇਹ ਹੋ ਸਕਦਾ ਹੈ ਕਿ ਪੁਲਿਸ ਧਰਮ ਦੇ ਅਧਾਰ 'ਤੇ ਵਿਤਕਰਾ ਕਰ ਰਹੀ ਹੈ। ਅੰਸਾਰੀ ਨੇ ਕਿਹਾ, ਪੁਲਿਸ ਕਾਨੂੰਨ ਲਾਗੂ ਕਰਨ ਦੇ ਨਾਮ 'ਤੇ ਗੁੰਡਾਗਰਦੀ ਕਰ ਰਹੀ ਹੈ।

ਫਿਲਹਾਲ, ਕੁਰੈਸ਼ੀ ਨੂੰ ਆਪ੍ਰੇਸ਼ਨ ਲਈ ਵਾਰਾਣਸੀ ਦੇ ਹਰੀ ਬੰਧੂ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਉਹ ਘਰ ਵਿਚੋਂ ਇਕਲਾ ਕਮਾਉਣ ਵਾਲਾ ਸੀ। ਘਰੇਲੂ ਕਮਾਈ ਕਰਦਾ ਸੀ ਅਤੇ ਹੁਣ ਉਸਦੀ ਹਾਲਤ ਵੀ ਖਰਾਬ ਹੈ।

ਓਪਰੇਸ਼ਨ ਲਈ ਪੈਸਾ ਕਿੱਥੋਂ ਆਵੇਗਾ? ਉਹ ਘਰ ਵਿਚੋਂ ਇਕੱਲਾ ਕਮਾਉਣ ਵਾਲਾ ਸੀ।ਹੁਣ ਉਸ ਦੇ ਪਰਿਵਾਰ ਲਈ ਰੋਟੀ ਕਮਾਉਣੀ ਤੇ ਪਰਿਵਾਰ ਦੀ ਧੀ ਦਾ ਪੜਨਾ ਔਖਾ ਹੋ ਜਾਵੇਗਾ।

ਕੁਰੈਸ਼ੀ ਪਰਿਵਾਰ ਉਨਾਂ ਵਿੱਚੋਂ ਇੱਕ ਹੈ ਜਿਸ ਨੇ ਦੱਸਿਆ ਕਿ ਉੱਤਰ ਪ੍ਰਦੇਸ਼ ਪੁਲਿਸ ਨੇ ਉਸ ਨੂੰ ਏਨਾ ਕੁਟਿਆ ਹੈ ਜਿਵੇਂ ਡੰਗਰਾਂ ਨੂੰ ਮਾਰੀਦਾ ਹੈ।

ਇਸੇ ਤਰਾਂ ਦੇ ਇੱਕ ਮਾਮਲੇ ਵਿੱਚ, ਬਿਜਨੌਰ ਜ਼ਿਲੇ ਦੇ ਪਿੰਡ ਫਰੀਦਪੁਰ ਕਾਜ਼ੀ ਦੇ 8 ਮੁਸਲਿਮ ਪਰਿਵਾਰਾਂ ਨੇ ਦੱਸਿਆ ਕਿ 8 ਮਈ ਨੂੰ ਪੁਲਿਸ ਨੇ ਉਨਾਂ ਦੇ ਘਰਾਂ ਉੱਤੇ ਹਮਲਾ ਕੀਤਾ ਤੇ ਉਨਾਂ ਨਾਲ ਬਦਸਲੂਕੀ ਕੀਤੀ ਅਤੇ ਘਰ ਦੇ ਲੋਕਾਂ ਨੂੰ ਕੁੱਟਿਆ। ਬਾਅਦ ਵਿੱਚ ਪਿੰਡ ਵਾਸੀਆਂ ਨੂੰ ਪਤਾ ਲੱਗਿਆ ਕਿ ਗਊ ਹੱਤਿਆ ਦੇ ਸ਼ੱਕ ਵਿੱਚ ਪੁਲਿਸ ਨੇ ਉਨਾਂ ਦੇ ਘਰਾਂ ਵਿੱਚ ਛਾਪਾ ਮਾਰਿਆ ਸੀ।

ਸਹਾਰਨਪੁਰ ਜ਼ਿਲੇ ਦੀ ਗੋਕਲ ਯੂਨੀਵਰਸਿਟੀ ਦੇ ਸਮਾਜ ਸ਼ਾਸਤਰੀ ਡਾ ਖਾਲਿਦ ਅਨੀਸ ਅੰਸਾਰੀ ਦਾ ਕਹਿਣਾ ਹੈ ਕਿ ਉਸ ਦੇ ਖੇਤਰ ਵਿੱਚ ਵੀ ਹਰ ਰੋਜ਼ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ। ਅੰਸਾਰੀ ਨੇ ਪਸਮਾਂਦਾ ਮੁਸਲਮਾਨਾਂ 'ਤੇ ਖੋਜ ਕੀਤੀ ਹੈ। ਉਨਾਂ ਕਿਹਾ ਕਿ ਰਾਜ ਵਿੱਚ ਗਊ ਹੱਤਿਆ ਨੂੰ ਰੋਕਣ ਦੇ ਬਹਾਨੇ ਤਹਿਤ ਪੁਲਿਸ ਗਰੀਬ ਮੁਸਲਮਾਨਾਂ ਨੂੰ ਨਿਸ਼ਾਨਾ ਬਣਾ ਰਹੀ ਹੈ।

# ਭਾਰਤ ਦਾ ਅਰਥਚਾਰਾ ਗੰਭੀਰ ਸੰਕਟ ਵੱਲ

**✪ ਮੂਧੇ-ਮੂੰਹ ਡਿਗੀ ਅਰਥਵਿਵਸਥਾ ਹੁਕਮਰਾਨਾਂ ਦੇ ਕਾਰਪੋਰੇਟ ਆਰਥਿਕ ਵਿਕਾਸ ਮਾਡਲ ਅਪਣਾਉਣ ਦਾ ਨਤੀਜਾ ✪ ਸਬਮਰਸੀਬਲ ਮੋਟਰਾਂ ਲਵਾਉਣੀਆਂ ਪਈਆਂ ਜਿਨਾਂ ਉੱਪਰ ਵਧੇ ਖ਼ਰਚੇ ਕਿਸਾਨਾਂ ਸਿਰ ਕਰਜ਼ੇ ਦਾ ਇਕ ਕਾਰਨ ਬਣੇ ✪ ਆਰਥਿਕ ਵਿਕਾਸ ਮਾਡਲ ਦਾ ਲੋਕ ਅਤੇ ਕੁਦਰਤ ਪੱਖੀ ਹੋਣਾ ਅਤਿ ਜ਼ਰੂਰੀ**

ਡਾ. ਗਿਆਨ ਸਿੰਘ

ਕੌਮੀ ਅੰਕੜਾ ਦਫ਼ਤਰ ਦੇ ਹਾਲ ਵਿਚ ਹੀ ਜਾਰੀ ਅੰਕੜਿਆਂ ਅਨੁਸਾਰ ਅਪਰੈਲ-ਜੂਨ 2020 ਵਾਲੀ ਤਿਮਾਹੀ ਦੌਰਾਨ ਭਾਰਤ ਦਾ ਕੁੱਲ ਘਰੇਲੂ ਉਤਪਾਦ 23.9 ਸੁੰਗੜ ਗਿਆ ਹੈ। 1996 ਤੋਂ ਜਾਰੀ ਕੀਤੇ ਜਾਂਦੇ ਕੁੱਲ ਘਰੇਲੂ ਉਤਪਾਦ ਦੇ ਅੰਕੜਿਆਂ ਅਨੁਸਾਰ ਇਸ ਤਿਮਾਹੀ ਦਾ ਇਹ ਸੰਗੋੜ ਸਭ ਤੋਂ ਜ਼ਿਆਦਾ ਹੈ। ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਇਸ ਨੂੰ 'ਰੱਬ ਦੀ ਕਰਨੀ' ਕਿਹਾ ਹੈ। ਦੁਨੀਆ ਦੇ ਵੱਖ ਵੱਖ ਧਰਮਾਂ ਅਨੁਸਾਰ ਰੱਬ ਕਿਸੇ ਨਾਲ ਵੀ ਪੱਖਪਾਤ ਨਹੀਂ ਕਰਦਾ। ਜੇ ਇਹ ਆਰਥਿਕ ਸੰਗੋੜ 'ਰੱਬ ਦੀ ਕਰਨੀ' ਹੁੰਦਾ ਤਾਂ ਸਾਰੇ ਮੁਲਕਾਂ ਲਈ ਇਕੋ-ਜਿਹਾ ਹੁੰਦਾ ਪਰ ਅੰਕੜੇ ਦੱਸਦੇ ਹਨ ਕਿ ਇਹ ਆਰਥਿਕ ਸੰਗੋੜ ਅਮਰੀਕਾ ਵਿਚ 32.9 ਫ਼ੀਸਦ, ਇੰਗਲੈਂਡ ਵਿਚ 20.4, ਫਰਾਂਸ ਵਿਚ 13.8, ਇਟਲੀ ਵਿਚ 12.4, ਕੈਨੇਡਾ ਵਿਚ 12, ਜਰਮਨੀ ਵਿਚ 10.1 ਅਤੇ ਜਪਾਨ ਵਿਚ 7.6 ਫ਼ੀਸਦ ਹੈ। ਦੂਜੇ ਬੰਨੇ, ਚੀਨ ਵਿਚ ਕੁੱਲ ਘਰੇਲੂ ਉਤਪਾਦ ਵਿਚ 3.2 ਫ਼ੀਸਦ ਵਾਧਾ ਦਰਜ ਹੋਇਆ ਹੈ।

ਸਾਡੇ ਮੁਲਕ ਦੇ ਹੁਕਮਰਾਨਾਂ ਨੂੰ ਅਮਰੀਕਾ ਦੇ ਅੰਕੜੇ ਤੋਂ ਇਸ ਲਈ ਖੁਸ਼ ਨਹੀਂ ਹੋ ਜਾਣਾ ਚਾਹੀਦਾ ਕਿ ਸਾਡਾ ਆਰਥਿਕ ਸੰਗੋੜ ਇਸ ਉੱਨਤ ਮੁਲਕ ਤੋਂ ਕਾਫ਼ੀ ਘੱਟ ਹੈ। ਇਸ ਬਾਰੇ ਇਹ ਤੱਥ ਜਾਣਨਾ ਜ਼ਰੂਰੀ ਹੈ ਕਿ ਦੁਨੀਆ ਦੇ ਉੱਨਤ ਮੁਲਕਾਂ ਵਿਚ ਆਰਥਿਕ ਸੰਗੋੜ ਆਉਣ ਦੇ ਬਾਵਜੂਦ ਉੱਥੋਂ ਦੇ ਹੁਕਮਰਾਨਾਂ ਨੇ ਆਮ ਲੋਕਾਂ ਨੂੰ ਵੱਡੇ ਪੱਧਰ ਉੱਤੇ ਰਾਹਤ ਕਿਵੇਂ ਦਿਤੀ ਅਤੇ ਲਗਾਤਾਰ ਦੇ ਰਹੇ ਹਨ। ਇਸ ਬਾਬਤ ਕੈਨੇਡਾ ਦੇ ਹੁਕਮਰਾਨਾਂ ਦੇ ਲੋਕ ਭਲਾਈ ਕੰਮਾਂ ਦੀ ਪ੍ਰਸ਼ੰਸਾ ਕਰਨੀ ਬਣਦੀ ਹੈ ਕਿ ਉਨਾਂ ਆਪਣੇ ਲੋਕਾਂ ਤੋਂ ਬਿਨਾ ਬਾਹਰਲੇ ਮੁਲਕਾਂ ਦੇ ਉੱਥੇ ਗਏ ਵਿਦਿਆਰਥੀਆਂ ਦੀ ਵੀ ਮਦਦ ਕੀਤੀ।

ਕਿਸੇ ਵੀ ਮੁਲਕ ਵਿਚ ਉੱਥੋਂ ਦੇ ਕੁੱਲ ਘਰੇਲੂ ਉਤਪਾਦ ਵਿਚ ਵਾਧਾ ਜਾਂ ਸੰਗੋੜ ਉਸ ਮੁਲਕ ਦੀ ਆਰਥਿਕ ਤਰੱਕੀ ਦੀ ਦਰ (ਜਮਾਂ ਜਾਂ ਮਨਫ਼ੀ) ਦਰਸਾਉਂਦਾ ਦੱਸਿਆ ਜਾਂਦਾ ਹੈ। ਜਮਾਂ ਆਰਥਿਕ ਵਿਕਾਸ ਦਰ ਮਹੱਤਵਪੂਰਨ ਹੁੰਦੀ ਹੈ ਪਰ ਇਸ ਤੋਂ ਕਿਤੇ ਵੱਧ ਮਹੱਤਵਪੂਰਨ ਇਹ ਤੱਥ ਜਾਣਨੇ ਜ਼ਰੂਰੀ ਹੁੰਦੇ ਹਨ ਕਿ ਆਰਥਿਕ ਵਿਕਾਸ ਕਿਵੇਂ ਅਤੇ ਕਿਨਾਂ ਲਈ ਹੋ ਰਿਹਾ ਹੈ। ਜੇ ਆਰਥਿਕ ਵਿਕਾਸ ਦਰ ਉੱਥੋਂ ਦੀ ਆਬਾਦੀ ਵਾਧਾ ਦਰ ਨਾਲੋਂ ਵੱਧ ਹੋਵੇ ਤਾਂ ਇਸ ਨੂੰ ਚੰਗਾ ਮੰਨਿਆ ਜਾ ਸਕਦਾ ਹੈ ਪਰ ਇਸ ਬਾਰੇ ਇਹ ਜਾਣਨਾ ਜ਼ਰੂਰੀ ਹੋ ਜਾਂਦਾ ਹੈ ਕਿ ਅਜਿਹਾ ਕਰਦਿਆਂ ਅਸੀਂ ਕਿਤੇ ਆਉਣ ਵਾਲੀਆਂ ਪੀੜੀਆਂ ਦੇ ਹਿੱਸੇ ਦੇ ਸਾਧਨਾਂ ਦੀ ਕੁਵਰਤੋਂ ਜਾਂ ਵਰਤਮਾਨ ਪੀੜੀ ਦੇ ਲੋਕਾਂ ਲਈ ਸਮੱਸਿਆਵਾਂ ਤਾਂ ਪੈਦਾ ਨਹੀਂ ਕਰ ਰਹੇ ਹਾਂ!

ਭਾਰਤ ਨੇ ਆਜ਼ਾਦ ਹੋਣ ਤੋਂ ਬਾਅਦ ਆਰਥਿਕ ਵਿਕਾਸ ਕੀਤਾ। ਮੁਲਕ ਵਿਚ 1991 ਤੋਂ ਅਪਣਾਈਆਂ ਨਵੀਆਂ ਆਰਥਿਕ ਨੀਤੀਆਂ ਤੋਂ ਬਾਅਦ ਕੁਝ ਸਮੇਂ ਲਈ ਤਾਂ ਭਾਰਤ ਦੀ ਆਰਥਿਕ ਵਿਕਾਸ ਦਰ ਦੁਨੀਆ ਦੇ ਬਹੁਤੇ ਮੁਲਕਾਂ ਤੋਂ ਉੱਚੀ ਰਹੀ ਜਿਸ ਲਈ ਮੁਲਕ ਦੇ ਹੁਕਮਰਾਨ ਵੱਖ ਵੱਖ ਸਮਿਆਂ ਉੱਪਰ ਆਪਣੀ ਪਿੱਠ ਆਪੇ ਥਾਪੜਦੇ ਥੱਕਦੇ ਨਹੀਂ ਸਨ। ਉਂਜ, ਇਸ ਉੱਚੀ ਵਿਕਾਸ ਦਰ ਲਈ ਜਿਹੜੀ ਕੀਮਤ ਦਿੱਤੀ ਗਈ, ਉਸ ਵੱਲ ਨਿਗਾਹ ਮਾਰਨੀ ਬਣਦੀ ਹੈ।

ਕਿਸੇ ਵੀ ਮੁਲਕ ਵਿਚ ਜੰਗਲਾਂ ਥੱਲੇ ਰਕਬਾ ਉਸ ਦੇ ਕੁੱਲ ਰਕਬੇ ਦਾ ਇਕ-ਤਿਹਾਈ ਹੋਣਾ ਚਾਹੀਦਾ ਹੈ ਤਾਂ ਕਿ ਉੱਥੋਂ ਦਾ ਵਾਤਾਵਰਨ ਸ਼ੁੱਧ ਰਹਿ ਸਕੇ ਅਤੇ ਜੰਗਲੀ ਜੀਵਾਂ ਦਾ ਗੁਜ਼ਾਰਾ ਠੀਕ ਤਰਾਂ ਹੋ ਸਕੇ। ਭਾਰਤ ਵਿਚ ਤੇਜ਼ ਆਰਥਿਕ ਦਰ ਪ੍ਰਾਪਤ ਕਰਨ ਲਈ ਜੰਗਲਾਂ ਦਾ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਤਰੀਕਿਆਂ ਨਾਲ਼ ਸਫ਼ਾਇਆ ਵੱਡੇ ਪੱਧਰ ਉੱਪਰ ਕੀਤਾ ਜਾ ਰਿਹਾ ਹੈ ਅਤੇ ਸਰਕਾਰੀ ਅੰਕੜਿਆਂ ਅਨੁਸਾਰ ਹੁਣ ਮੁਲਕ ਵਿਚ ਜੰਗਲਾਂ ਅਧੀਨ ਰਕਬਾ 21.67 ਫ਼ੀਸਦ ਹੈ। ਮੁਲਕ ਦੀਆਂ ਅਨਾਜ ਲੋੜਾਂ ਪੂਰੀਆਂ ਕਰਨ ਲਈ ਪੰਜਾਬ ਵਿਚ ਜੰਗਲਾਂ ਦੀ ਕਟਾਈ ਇਸ ਹੱਦ ਤੱਕ ਕੀਤੀ ਗਈ ਹੈ ਕਿ ਸੂਬੇ ਵਿਚ ਜੰਗਲਾਂ ਥੱਲੇ ਰਕਬਾ ਸਿਰਫ਼ 3.67 ਫ਼ੀਸਦ ਰਹਿ ਗਿਆ ਹੈ ਜੋ ਹੁਣ ਅਸਹਿ ਸਮੱਸਿਆਵਾ ਪੈਦਾ ਕਰ ਰਿਹਾ ਹੈ।

ਅਨਾਜ ਲੋੜਾਂ ਲਈ 'ਖੇਤੀਬਾੜੀ ਦੀ ਨਵੀਂ ਜੁਗਤ' ਤਰਜੀਹੀ ਤੌਰ 'ਤੇ ਪੰਜਾਬ ਵਿਚ ਸ਼ੁਰੂ ਕੀਤੀ ਗਈ। ਇੱਥੋਂ ਦੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਮਿਹਨਤ ਤੇ ਅਮੀਰ ਕੁਦਰਤੀ ਸਾਧਨਾਂ ਨਾਲ਼ ਸ਼ੁਰੂ ਵਿਚ ਕਣਕ ਦੀ ਉਤਪਾਦਕਤਾ ਅਤੇ ਉਤਪਾਦਨ ਵਿਚ ਇਤਨਾ ਵਾਧਾ ਹੋਇਆ ਕਿ ਉਸ ਸਮੇਂ ਦੀ ਕੇਂਦਰ ਸਰਕਾਰ ਦਾ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਤੋਂ ਖਹਿੜਾ ਛੁੱਟਿਆ। ਕੇਂਦਰ ਸਰਕਾਰ ਨੇ ਪੰਜਾਬ ਦੀ ਇਸ ਕਾਮਯਾਬੀ ਨੂੰ ਦੇਖਦਿਆਂ ਕੇਂਦਰੀ ਅਨਾਜ ਭੰਡਾਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਦੁਆਰਾ ਝੋਨੇ ਦੀ ਘੱਟੋ-ਘੱਟ ਸਮਰਥਨ ਕੀਮਤ ਸਾਉਣੀ ਦੀਆਂ ਹੋਰ ਖੇਤੀਬਾੜੀ ਜਿਨਸਾਂ ਦੇ ਮੁਕਾਬਲੇ ਵੱਧ ਰੱਖ ਕੇ ਅਤੇ ਉਸ ਉੱਪਰ ਝੋਨੇ ਦੀ ਖ਼ਰੀਦ ਯਕੀਨੀ ਬਣਾ ਕੇ ਇਹ ਫ਼ਸਲ ਪੰਜਾਬ ਸਿਰ ਥੋਪ ਦਿੱਤੀ। ਝੋਨੇ ਦੀ ਫ਼ਸਲ ਲਈ ਸਿੰਜਾਈ ਦੀ ਲੋੜ ਸਾਉਣੀ ਦੀਆਂ ਦੂਜੀਆਂ ਫ਼ਸਲਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਹੋਣ ਕਾਰਨ ਪੰਜਾਬ ਵਿਚ ਟਿਊਬਵੈੱਲਾਂ ਦੀ ਜਿਹੜੀ ਗਿਣਤੀ 1960-61 ਦੌਰਾਨ ਸਿਰਫ਼ 7445 ਸੀ, ਵਧ ਕੇ 15 ਲੱਖ ਦੇ ਕਰੀਬ ਹੋ ਗਈ ਹੈ। ਨਤੀਜੇ ਵਜੋਂ ਸੂਬੇ ਦੇ 75 ਫ਼ੀਸਦ ਤੋਂ ਵੱਧ ਵਿਕਾਸ ਖੰਡਾਂ ਵਿਚ ਧਰਤੀ ਹੇਠਲਾ ਪਾਣੀ ਇਤਨਾ ਥੱਲੇ ਚਲਾ ਗਿਆ ਹੈ ਕਿ ਉੱਥੇ ਮੋਨੋਬਲਾਕ ਮੋਟਰਾਂ ਕੰਮ ਛੱਡ ਗਈਆਂ ਹਨ। ਇਸੇ ਕਰ ਕੇ ਕਿਸਾਨਾਂ ਨੂੰ ਸਬਮਰਸੀਬਲ ਮੋਟਰਾਂ ਲਵਾਉਣੀਆਂ ਪਈਆਂ ਜਿਨਾਂ ਉੱਪਰ ਵਧੇ ਖ਼ਰਚੇ ਕਿਸਾਨਾਂ ਸਿਰ ਕਰਜ਼ੇ ਦਾ ਇਕ ਕਾਰਨ ਬਣੇ ਹਨ। 'ਖੇਤੀਬਾੜੀ ਦੀ ਨਵੀਂ ਜੁਗਤ' ਅਧੀਨ ਕੀਟਨਾਸ਼ਕਾਂ, ਨਦੀਨਨਾਸ਼ਕਾਂ, ਉੱਲੀਨਾਸ਼ਕਾਂ, ਰਸਾਇਣਕ ਖਾਦਾਂ ਤੇ ਹੋਰ ਰਸਾਇਣਾਂ ਦੀ ਵਰਤੋਂ ਕਾਰਨ ਪੰਜਾਬ ਦੇ ਰੋਮ ਰੋਮ ਵਿਚ ਜ਼ਹਿਰ ਭਰਿਆ ਪਿਆ ਹੈ ਅਤੇ ਇੱਥੋਂ ਦੀ ਧਰਤੀ ਦੀ ਸਿਹਤ ਵਿਚ ਵੀ ਵੱਡੇ ਪੱਧਰ ਉੱਪਰ ਵਿਗਾੜ ਆ ਰਹੇ ਹਨ। 'ਨਫ਼ੇ ਦੀ ਰੂਹ' ਵਾਲ਼ੀ ਖੇਤੀਬਾੜੀ ਦੀ ਇਸ ਜੁਗਤ ਨੇ ਭਾਵੇਂ ਖੇਤੀਬਾੜੀ ਉਤਪਾਦਕਤਾ ਅਤੇ ਉਤਪਾਦਨ ਵਿਚ ਅਥਾਹ ਵਾਧਾ ਕੀਤਾ ਪਰ ਇਸ ਨੇ ਪੇਂਡੂ ਪੰਜਾਬ ਵਿਚ ਸਮਾਜਿਕ-ਸੱਭਿਆਚਾਰਕ ਪੱਖਾਂ ਨੂੰ ਬਹੁਤ ਨੀਵੇਂ ਪੱਧਰ ਉੱਪਰ ਵੀ ਲਿਆਂਦਾ ਹੈ।

1950-51 ਦੌਰਾਨ ਖੇਤੀਬਾੜੀ ਖੇਤਰ ਉੱਪਰ ਨਿਰਭਰ ਆਬਾਦੀ 82 ਫ਼ੀਸਦ ਸੀ ਜਿਸ ਨੂੰ ਉਸ ਸਮੇਂ ਦੀ ਕੌਮੀ ਆਮਦਨ ਵਿਚੋਂ 55 ਫ਼ੀਸਦ ਹਿੱਸਾ ਦਿੱਤਾ ਗਿਆ। ਵਰਤਮਾਨ ਸਮੇਂ ਦੌਰਾਨ ਭਾਵੇਂ ਮੁਲਕ ਦੀ ਆਬਾਦੀ ਦੀ ਖੇਤੀਬਾੜੀ ਖੇਤਰ ਉੱਪਰ ਨਿਰਭਰਤਾ ਘਟ ਕੇ 50 ਫ਼ੀਸਦ ਦੇ ਰਹਿ ਗਈ ਹੈ ਪਰ ਇਸ ਅੱਧੀ ਆਬਾਦੀ ਨੂੰ ਕੌਮੀ ਆਮਦਨ ਵਿਚੋਂ ਸਿਰਫ਼ 15 ਫ਼ੀਸਦ ਦੇ ਕਰੀਬ ਹਿੱਸਾ ਹੀ ਦਿੱਤਾ ਜਾ ਰਿਹਾ ਹੈ। ਮੁਲਕ ਦੇ ਵੱਖ ਵੱਖ ਖੇਤਰਾਂ ਵਿਚ ਕੀਤੇ ਅਧਿਐਨ ਇਹ ਤੱਥ ਸਾਹਮਣੇ ਲਿਆਏ ਹਨ ਕਿ ਤਕਰੀਬਨ ਸਾਰੇ ਨਿਮਨ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਕਰਜ਼ੇ ਤੇ ਗ਼ਰੀਬੀ ਵਿਚ ਜੰਮਦੇ ਹਨ, ਕਰਜ਼ੇ ਤੇ ਗ਼ਰੀਬੀ ਵਿਚ ਦਿਨਕਟੀ ਕਰਦੇ ਹਨ ਅਤੇ ਆਉਣ ਵਾਲ਼ੀਆਂ ਪੀੜੀਆਂ ਲਈ ਕਰਜ਼ੇ ਦਾ ਪਹਾੜ ਤੇ ਘੋਰ ਗਰੀਬੀ ਛੱਡ ਕੇ ਜਾਂ ਤਾਂ ਤੰਗੀਆਂ-ਤੁਰਸ਼ੀਆਂ ਵਾਲ਼ੀ ਮੌਤ ਮਰ ਜਾਂਦੇ ਹਨ ਜਾਂ ਜਦੋਂ ਉਨਾਂ ਦੀਆਂ ਜ਼ਿੰਦਗੀ ਪ੍ਰਤੀ ਸਾਰੀਆਂ ਆਸਾਂ ਮੁਕਾ ਦਿੱਤੀਆਂ ਜਾਂਦੀਆਂ ਹਨ ਤਾਂ ਉਹ ਖ਼ੁਦਕੁਸ਼ੀ ਵੀ ਕਰ ਰਹੇ ਹਨ।

ਭਾਰਤ ਵਿਚ ਕੁੱਲ ਕਿਰਤ ਸ਼ਕਤੀ ਦਾ 92.8 ਫ਼ੀਸਦ ਹਿੱਸਾ ਗ਼ੈਰ-ਰਸਮੀ ਰੁਜ਼ਗਾਰ ਵਿਚ ਦਿਨਕਟੀ ਕਰ ਰਿਹਾ ਹੈ। ਕਰੋਨਾ ਮਹਾਮਾਰੀ ਨੇ ਕਿਰਤੀਆਂ ਲਈ 'ਕਾਰਪੋਰੇਟ ਸੋਸ਼ਲ ਜ਼ਿੰਮੇਵਾਰੀ' ਦੇ ਕੀਤੇ ਜਾਂਦੇ ਪਾਠ ਦਾ ਪਾਖੰਡ ਸਾਹਮਣੇ ਲਿਆ ਦਿੱਤਾ ਹੈ। ਮਹਾਮਾਰੀ ਕਰ ਕੇ ਰੁਜ਼ਗਾਰ ਨਾ ਮਿਲਣ ਕਾਰਨ ਪਰਵਾਸੀ ਮਜ਼ਦੂਰਾਂ ਦੇ ਕਾਫ਼ਲੇ 1500 ਕਿਲੋਮੀਟਰ ਤੱਕ ਸਫ਼ਰ ਪੈਦਲ ਤੈਅ ਕਰਦੇ, ਭੁੱਖੇ-ਪਿਆਸੇ, ਹਾਦਸਿਆਂ ਦੀ ਮਾਰ ਝੱਲਦੇ ਤੇ ਜ਼ਿੰਦਗੀ ਤੋਂ ਹੱਥ ਧੋਂਦੇ ਦੇਖੇ ਗਏ। ਪਿਛਲੇ ਸਮੇਂ ਦੌਰਾਨ ਉਦਯੋਗਿਕ ਖੇਤਰ ਨੇ ਬਹੁਤ ਤਰੱਕੀ ਕੀਤੀ ਪਰ ਇਹ ਤਰੱਕੀ ਦੋ ਪੱਖਾਂ ਤੋਂ ਬਹੁਤ ਅਸਾਵੀਂ ਹੈ। ਪਹਿਲਾ, ਵੱਡੀਆਂ ਉਦਯੋਗਿਕ ਇਕਾਈਆਂ ਨੇ ਮੁਲਕ ਦੇ ਸਾਧਨਾਂ ਦੀ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਤਰੀਕਿਆਂ ਨਾਲ਼ ਵਰਤੋਂ ਕਰ ਕੇ ਸਫ਼ਲਤਾ ਦੀਆਂ ਬੁਲੰਦੀਆਂ ਨੂੰ ਛੂਹਿਆ ਪਰ ਘਰੇਲੂ, ਲਘੂ, ਛੋਟੀਆਂ ਤੇ ਦਰਮਿਆਨੀਆਂ ਉਦਯੋਗਿਕ ਇਕਾਈਆਂ ਦੀ ਆਮ ਕਰ ਕੇ ਅਣਦੇਖੀ ਕੀਤੀ ਗਈ। ਦੂਜਾ, ਉਦਯੋਗੀਕਰਨ ਵਿਚ ਵਧ ਰਹੀ ਮਸ਼ੀਨਾਂ ਅਤੇ ਮਸਨੂਈ ਬੁੱਧੀ ਦੀ ਵਰਤੋਂ ਨੇ ਵੱਡੇ ਪੱਧਰ ਉੱਪਰ ਉਦਯੋਗਿਕ ਕਿਰਤੀਆਂ ਨੂੰ ਦੁਰਕਾਰਿਆ ਅਤੇ ਉਜਾੜਿਆ ਹੈ।

ਬਾਕੀ ਸਫ਼ਾ 27 'ਤੇ

# ਭਾਰਤ ਦੀ ਆਰਥਿਕਤਾ ਹੁਣ ਇਕ ਅਰਥਹੀਣ ਆਰਥਿਕਤਾ

- ਰਜਿੰਦਰ ਸਿੰਘ

ਭਾਰਤ ਦੀ ਆਰਥਿਕਤਾ ਹੁਣ ਇਕ ਅਰਥਹੀਣ ਆਰਥਿਕਤਾ ਬਣ ਰਹੀ ਹੈ । ਇਸ ਤੋਂ ਵੱਡੀ ਤਬਾਹੀ ਕੀ ਹੋਵੇਗੀ ਕਿ ਪੂਰੀ ਦੁਨੀਆਂ ਵਿਚ ਸਭ ਤੋਂ ਵੱਡੀ ਗਿਰਾਵਟ ਭਾਰਤ ਦੀ ਆਰਥਿਕਤਾ ਵਿਚ ਆਈ ਹੈ। ਕੋਰੋਨਾ ਮਹਾਂਮਾਰੀ ਨੇ ਦੁਨੀਆ ਦੀਆਂ ਮਹਾਂ ਸ਼ਕਤੀਸ਼ਾਲੀ ਦੇਸ਼ਾਂ ਦੀ ਹੋਸ਼ ਟਿਕਾਣੇ ਲੈ ਆਉਂਦੀ ਹੈ। ਪਰ ਉਨਾਂ ਦਾ ਕੁਲ ਘਰੇਲੂ ਉਤਪਾਦ (ਜੀਡੀਪੀ) 10-15% ਤੋਂ ਜ਼ਿਆਦਾ ਘਟਿਆ ਨਹੀਂ ਹੈ। ਹਾਲਾਂਕਿ ਬ੍ਰਿਟੇਨ ਦੀ ਗਿਰਾਵਟ 20 ਪ੍ਰਤੀਸ਼ਤ ਹੈ, ਪਰ ਭਾਰਤ ਨੇ ਬ੍ਰਿਟੇਨ ਨੂੰ ਵੀ ਬਹੁਤ ਪਿੱਛੇ ਛੱਡ ਦਿੱਤਾ ਹੈ.। ਅਪ੍ਰੈਲ ਤੋਂ ਜੂਨ ਦੀ ਤਿਮਾਹੀ ਵਿਚ ਭਾਰਤੀ ਗਿਰਾਵਟ 23.9 ਪ੍ਰਤੀਸ਼ਤ ਸੀ । ਵਿੱਤੀ ਵਰੇ 2018-19 ਦੀ ਦੂਜੀ ਤਿਮਾਹੀ ਵਿੱਚ ਸਾਡੀ ਵਿਕਾਸ ਦਰ 7.1 ਫ਼ੀਸਦੀ ਸੀ, ਤੀਜੀ ਤਿਮਾਹੀ ਵਿੱਚ ਇਹ 6.6 ਫ਼ੀਸਦੀ ਤੇ ਚੌਥੀ ਤਿਮਾਹੀ ਵਿੱਚ 5.8 ਫ਼ੀਸਦੀ ਉੱਤੇ ਪਹੁੰਚ ਗਈ ਸੀ । ਵਿੱਤੀ ਸਾਲ 2019-20 ਦੀ ਪਹਿਲੀ ਤਿਮਾਹੀ ਵਿੱਚ 5 ਫ਼ੀਸਦੀ, ਦੂਜੀ ਵਿੱਚ 4.5 ਫ਼ੀਸਦੀ, ਤੀਜੀ ਵਿੱਚ 4.7 ਫੀਸਦੀ ਤੇ ਚੌਥੀ ਵਿੱਚ ਇਹ 3.1 ਫ਼ੀਸਦੀ ਤੱਕ ਲੁੜਕ ਗਈ ਸੀ। ਅਜਿਹੀ ਹਾਲਤ ਵਿੱਚ ਇਹ ਕੋਰੋਨਾ ਕਾਲ ਦਾ ਝਟਕਾ ਨਾ ਸਹਿੰਦਿਆਂ ਚਾਲੂ ਵਿੱਤੀ ਵਰੇ ਵਿੱਚ ਮਨਫੀ 23.9 ਫ਼ੀਸਦੀ ਉੱਤੇ ਪਹੁੰਚ ਚੁੱਕੀ ਹੈ। ਰਿਪੋਰਟ ਵਿੱਚ ਹਿਸਾਬ ਲਾਇਆ ਹੈ ਕਿ ਵਿਕਾਸ ਦਰ ਦੂਜੀ ਤਿਮਾਹੀ ਵਿੱਚ ਮਨਫੀ 12 ਤੋਂ 15 ਫ਼ੀਸਦੀ ਤੀਜੀ ਤਿਮਾਹੀ ਵਿੱਚ ਮਨਫ਼ੀ 5 ਤੋਂ 10 ਫ਼ੀਸਦੀ ਤੇ ਆਖਰੀ ਤਿਮਾਹੀ ਵਿੱਚ ਮਨਫ਼ੀ 2 ਤੋਂ 5 ਫ਼ੀਸਦੀ ਤੱਕ ਡਿੱਗ ਸਕਦੀ ਹੈ। ਇਸ ਦਾ ਮਤਲਬ ਹੈ ਕਿ ਇਸ ਵਿੱਤੀ ਵਰੇ ਵਿੱਚ ਵਿਕਾਸ ਦਰ ਮਨਫ਼ੀ 11 ਫ਼ੀਸਦੀ ਤੱਕ ਸੁੰਗੜ ਸਕਦੀ ਹੈ। ਇਹ ਅੰਕੜਾ ਨੈਸ਼ਨਲ ਸਟੈਟਿਸਟਿਕਲ ਇੰਸਟੀਚਿਊਟ ਨੇ ਖੋਜ ਉਪਰੰਤ ਜਾਰੀ ਕੀਤਾ ਸੀ । ਪਰ ਛੋਟੇ ਮੋਟੇ ਕਰੋੜਾਂ ਕੰਮ ਧੰਦੇ ਭਾਰਤ ਦੇ ਪਿੰਡਾਂ ਵਿਚ ਬੰਦ ਹੋ ਚੁਕੇ ਹਨ, ਲਗਭਗ 100 ਮਿਲੀਅਨ ਲੋਕ ਵਿਹਲੇ ਹੋਕੇ ਬੇਰੁਜ਼ਗਾਰੀ ਦੀ ਭਿਅੰਕਰ ਅੱਗ ਸੇਕ ਰਹੇ ਹਨ ਅਤੇ 2 ਕਰੋੜ ਨੌਕਰੀਆਂ ਖਤਮ ਹੋ ਗਈਆਂ ਹਨ। ਇਸ ਹਾਲਤ ਦਾ ਸਿੱਧਾ ਅਸਰ ਮੁੱਖ ਤੌਰ 'ਤੇ ਲੋਕਾਂ ਦੇ ਰੁਜ਼ਗਾਰ ਉੱਤੇ ਪਵੇਗਾ। ਇੱਕ ਅਖ਼ਬਾਰੀ ਰਿਪੋਰਟ ਮੁਤਾਬਕ ਕੇਂਦਰ ਸਰਕਾਰ ਵੱਲੋਂ ਨੌਕਰੀਆਂ ਦੇ ਚਾਹਵਾਨਾਂ ਲਈ ਸ਼ੁਰੂ ਕੀਤੇ ਗਏ ਜੌਬ ਪੋਰਟਲ ਉੱਤੇ 40 ਦਿਨਾਂ ਦੌਰਾਨ 69 ਲੱਖ ਬੇਰੁਜ਼ਗਾਰਾਂ ਨੇ ਆਪਣੇ ਨਾਂ ਦਰਜ ਕਰਾਏ ਪਰ ਰੁਜ਼ਗਾਰ 7700 ਨੂੰ ਮਿਲਿਆ, ਯਾਨੀ ਇੱਕ ਹਜ਼ਾਰ ਵਿੱਚੋਂ ਸਿਰਫ਼ ਇੱਕ ਨੂੰ। ਪਿਛਲੇ ਮਹੀਨੇ ਦੀ 14 ਤੋਂ 21 ਤਰੀਕ ਤੱਕ ਇੱਕ ਹਫ਼ਤੇ ਦੌਰਾਨ 7 ਲੱਖ ਬੇਰੁਜ਼ਗਾਰਾਂ ਨੇ ਨਾਂ ਦਰਜ ਕਰਾਏ ਪਰ ਰੁਜ਼ਗਾਰ ਮਿਲਿਆ ਸਿਰਫ਼ 691 ਲੋਕਾਂ ਨੂੰ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਹ ਪੋਰਟਲ ਆਤਮ-ਨਿਰਭਰ ਯੋਜਨਾ ਅਧੀਨ 11 ਜੁਲਾਈ ਨੂੰ ਲਾਂਚ ਕੀਤਾ ਸੀ। ਹਾਲਾਤ ਕਿੰਨੇ ਭਿਅੰਕਰ ਹੋ ਚੁੱਕੇ ਹਨ, ਇਸ ਦਾ ਅੰਦਾਜ਼ਾ ਯੂ ਪੀ ਦੀ ਇੱਕ ਖ਼ਬਰ ਤੋਂ ਲਾਇਆ ਜਾ ਸਕਦਾ ਹੈ। ਉੱਥੇ ਪੁਲਸ ਮਹਿਕਮੇ ਵਿੱਚ ਚਪੜਾਸੀਆਂ ਦੀਆਂ 62 ਅਸਾਮੀਆਂ ਲਈ ਅਰਜ਼ੀਆਂ ਦੀ ਮੰਗ ਕੀਤੀ ਗਈ ਸੀ। ਇਨਾਂ ਅਸਾਮੀਆਂ ਲਈ ਯੋਗਤਾ ਪੰਜਵੀਂ ਪਾਸ ਰੱਖੀ ਗਈ ਸੀ। ਆਖਰੀ ਸਮੇਂ ਤੱਕ 93000 ਅਰਜ਼ੀਆਂ ਆ ਗਈਆਂ। ਇਨਾਂ ਵਿੱਚ 3700 ਪੀ ਐਚ ਡੀ, 50 ਹਜ਼ਾਰ ਗ੍ਰੈਜੂਏਟ ਤੇ 28 ਹਜ਼ਾਰ ਪੋਸਟ ਗ੍ਰੈਜੂਏਟ (ਐਮ ਬੀ ਏ, ਐਮ ਸੀ ਏ ਤੇ ਬੀ.ਟੈਕ) ਸਨ। ਸੈਂਟਰ ਫਾਰ ਮੋਨੀਟਰਿੰਗ ਇਕਾਨਮੀ ਨੇ ਆਪਣੀ ਤਾਜ਼ਾ ਰਿਪੋਰਟ ਵਿੱਚ ਦਸਿਆ ਹੈ ਕਿ ਮਾਰਚ ਤੋਂ ਜੁਲਾਈ ਦਰਮਿਆਨ 1.9 ਕਰੋੜ ਨੌਕਰੀਪੇਸ਼ਾ ਲੋਕਾਂ ਦੀ ਨੌਕਰੀ ਖ਼ਤਮ ਹੋ ਗਈ ਹੈ। ਸਿਰਫ਼ ਜੁਲਾਈ ਵਿੱਚ ਹੀ 50 ਲੱਖ ਵਿਅਕਤੀਆਂ ਨੂੰ ਨੌਕਰੀਆਂ ਤੋਂ ਹੱਥ ਧੋਣਾ ਪਿਆ ਹੈ। ਇਹੋ ਹਾਲ ਅਗਸਤ ਮਹੀਨੇ ਵਿੱਚ ਰਿਹਾ ਹੈ। ਅਰਥ-ਸ਼ਾਸਤਰੀਆਂ ਦਾ ਮੰਨਣਾ ਹੈ ਕਿ ਹਾਲੇ ਦਿਨ ਹੋਰ ਬੁਰੇ ਆਉਣ ਵਾਲੇ ਹਨ। ਇਸ ਸਮੇਂ ਬੇਰੁਜ਼ਗਾਰੀ ਦਰ 9.1 ਫ਼ੀਸਦੀ ਤੱਕ ਪੁੱਜ ਚੁੱਕੀ ਹੈ, ਜੋ ਅਜ਼ਾਦ ਭਾਰਤ ਵਿੱਚ ਪਹਿਲਾਂ ਕਦੇ ਨਹੀਂ ਰਹੀ। ਉਪਰੋਕਤ ਅੰਕੜੇ ਮਾਸਕ ਵੇਤਨ ਭੋਗੀਆਂ ਦੇ ਹਨ, ਦਿਹਾੜੀਦਾਰਾਂ ਦੀ ਗਿਣਤੀ ਤਾਂ ਇਨਾਂ ਤੋਂ ਕਿਤੇ ਵੱਧ ਹੈ। ਲਾਕਡਾਊਨ ਦੇ ਝਟਕੇ ਨਾਲ ਹੀ 14 ਕਰੋੜ ਸੜਕ ਉੱਤੇ ਆ ਗਏ ਸਨ। ਜੇ ਇਹਨਾਂ ਸਭ ਨੂੰ ਵੀ ਜੋੜ ਦਿਤਾ ਜਾਵੇ ਤਾਂ ਇਸ ਸੰਸਥਾ ਦਾ ਅੰਕੜਾ ਹੋਰ ਵੀ ਭਿਆਨਕ ਹੋ ਸਕਦਾ ਹੈ। ਇਹ ਤਾ ਪਤਨ ਦੀ ਸ਼ੁਰੂਆਤ ਹੈ। ਅੱਗੇ ਕੀ ਹੁੰਦਾ ਹੈ ਵੇਖੋ।. ਇਹ ਵੀ ਸੰਭਵ ਹੈ ਕਿ ਜੇਕਰ ਭਾਰਤੀ ਆਰਥਿਕਤਾ ਦੂਜੇ ਦੇਸ਼ਾਂ ਨਾਲੋਂ ਤੇਜ਼ ਰਫਤਾਰ ਫੜਦੀ ਹੈ ਤਾਂ ਆਰਥਿਕ ਮਜਬੂਤੀ ਦੀ ਗੱਡੀ ਕੁਝ ਮਹੀਨਿਆਂ ਦੌਰਾਨ ਪੱਟੜੀ ਉਪਰ ਆ ਸਕਦੀ ਹੈ। ਪਰ ਹੁਣ ਅਜਿਹੀ ਗਿਰਾਵਟ ਆਈ ਹੈ, ਜੋ ਕਿ ਪਿਛਲੇ 40 ਸਾਲਾਂ ਵਿੱਚ ਕਦੇ ਨਹੀਂ ਆਈ। ਭਾਰਤ ਉਪਰ ਆਰਥਿਕ ਸੰਕਟ ਦੇ ਭਾਰੀ ਬੱਦਲ ਛਾਏ ਹੋਏ ਹਨ। ਭੁੱਖ ਨਾਲ ਮਰਨ ਵਾਲਿਆਂ ਦੀਆਂ ਖ਼ਬਰਾਂ ਆਉਣੀਆਂ ਸ਼ੁਰੂ ਹੋ ਗਈਆਂ ਹਨ। ਗਰੀਬੀ ਜਦੋਂ ਆਉਂਦੀ ਹੈ, ਸਮਾਜਿਕ ਤਣਾਅ, ਖੁਦਕੁਸ਼ੀਆਂ ਤੇ ਉਹ ਸਭ ਬਿਮਾਰੀਆਂ ਨਾਲ ਲੈ ਕੇ ਆਉਂਦੀ ਹੈ, ਜਿਹੜੀਆਂ ਭੁੱਖ ਨਾਲ ਪੈਦਾ ਹੁੰਦੀਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਾਰਪੋਰੇਟ ਘਰਾਣਿਆਂ ਦੀ ਚਿੰਤਾ ਦੇ ਨਾਲ ਆਮ ਲੋਕਾਂ ਦੀ ਚਿੰਤਾ ਕਰਨੀ ਚਾਹੀਦੀ ਹੈ। ਮਹਾਂਮਾਰੀ ਦੇ ਮੌਕੇ ਦੀ ਵਰਤੋਂ ਕਰਦਿਆਂ ਬੈਂਕਾਂ ਦਾ ਨਿੱਜੀਕਰਨ, ਰਿਜ਼ਰਵ ਬੈਂਕ ਦੇ ਰਿਜ਼ਰਵ ਖਾਤਿਆਂ ਨੂੰ ਨਿਚੋੜਿਆ ਤੇ ਜਨਤਕ ਅਦਾਰਿਆਂ ਨੂੰ ਧੜਾ-ਧੜਾ ਨਿੱਜੀ ਧਨਕੁਬੇਰਾਂ ਨੂੰ ਵੇਚਿਆ ਜਾ ਰਿਹਾ ਹੈ। ਇਹੋ ਨਹੀਂ ਐਸ ਈ ਜ਼ੈਡ ਦੇ ਨਾਂਅ 'ਤੇ ਲੱਖਾਂ ਏਕੜ ਜ਼ਮੀਨ, ਕੁਦਰਤੀ ਜੰਗਲ ਤੇ ਨਦੀਆਂ ਤੱਕ ਨੂੰ ਕਾਰੋਬਾਰੀ ਘਰਾਣਿਆਂ ਨੂੰ ਸੌਂਪਿਆ ਜਾ ਰਿਹਾ ਹੈ। ਇੱਥੋਂ ਤੱਕ ਕਿ ਕਿਸਾਨਾਂ ਨੂੰ ਆਪਣੀਆਂ ਜ਼ਮੀਨਾਂ ਤੋਂ ਬੇਦਖ਼ਲ ਕਰਨ ਦਾ ਰਾਹ ਵੀ ਫੜ ਲਿਆ ਗਿਆ ਹੈ। ਇਹ ਨੀਤੀ ਆਮ ਲੋਕਾਂ ਤੇ ਕਿਸਾਨਾਂ-ਮਜਦੂਰਾਂ ਲਈ ਅਤਿਅੰਤ ਘਾਤਕ ਹੋਵੇਗੀ। ਇਹ ਤਸੱਲੀ ਵਾਲੀ ਗੱਲ ਹੈ ਕਿ ਇਸੇ ਅਰਸੇ ਦੌਰਾਨ ਖੇਤੀਬਾੜੀ ਵਿਚ 3.4 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਯਾਨੀ ਭਾਰਤ ਨੂੰ ਆਪਣੀ ਭੁੱਖ ਮਿਟਾਉਣ ਲਈ ਕਿਸੇ ਦੇ ਅੱਗੇ ਹੱਥ ਨਹੀਂ ਅਡਣੇ ਪੈਣਗੇ। ਪਰ ਆਮ ਲੋਕਾਂ ਕੋਲ ਪੈਸਿਆਂ ਦੀ ਘਾਟ ਇੰਨੀ ਜਿਆਦਾ ਹੈ ਕਿ ਉਨਾਂ ਦੀ ਖਰੀਦ ਸ਼ਕਤੀ ਵਿਚ 54.3 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ। ਭਾਰਤ ਵਿਚ ਬਜ਼ਾਰ ਜਰੂਰ ਖੁਲ ਗਏ ਹਨ ਪਰ ਗਾਹਕ ਕਿੱਥੇ ਹਨ ? ਕੋਰੋਨਾ ਦੇ ਕੇਸ ਵੱਧਦੇ ਜਾ ਰਹੇ ਹਨ ਹੁਣ ਇਹ ਪਿੰਡਾਂ ਵਿੱਚ ਵੀ ਫੈਲ ਰਿਹਾ ਹੈ। ਡਰ ਕਾਰਨ ਲੋਕ ਘਰਾਂ ਵਿਚ ਵੜੇ ਹੋਏ ਹਨ। ਵੱਡੀਆਂ ਫੈਕਟਰੀਆਂ ਦੁਬਾਰਾ ਖੁੱਲ ਰਹੀਆਂ ਹਨ, ਪਰ ਉਨਾਂ ਦੁਆਰਾ ਤਿਆਰ ਕੀਤਾ ਸਾਮਾਨ ਕੌਣ ਖਰੀਦੇਗਾ ? ਸੂਬਾ ਸਰਕਾਰਾਂ ਆਪਣੀ ਜੀਐਸਟੀ ਰਕਮ ਲਈ ਅਵਾਜ਼ ਕੇਂਦਰ ਸਰਕਾਰ ਕੋਲ ਉਠਾ ਰਹੀਆਂ ਹਨ। ਕੇਂਦਰ ਸਰਕਾਰ ਨੇ ਦੇਸ਼ ਦੇ ਦੱਬੇ-ਕੁਚਲੇ ਅਤੇ ਗਰੀਬਾਂ ਨੂੰ ਕੁਝ ਰਾਹਤ ਦਿੱਤੀ ਹੈ ਪਰ ਇਹ ਊਠ ਦੇ ਮੂੰਹ ਵਿੱਚ ਜੀਰਾ ਦੇਣ ਵਾਲੀ ਗਲ ਹੈ। ਇਸ ਸਮੇਂ ਲੋੜ ਇਸ ਗੱਲ ਦੀ ਹੈ ਕਿ ਕੁਝ ਪੈਸਾ ਲੋਕਾਂ ਦੇ ਹੱਥਾਂ ਤੱਕ ਪਹੁੰਚਾਇਆਂ ਜਾਵੇ ਤਾਂ ਜੋ ਦੇਸ਼ ਵਿੱਚ ਖਰੀਦ ਸ਼ਕਤੀ ਵਿਚ ਵਾਧਾ ਹੋਵੇ। ਫਿਰਕੂ ਤਣਾਅ, ਲੋਕਤੰਤਰੀ ਸੰਸਥਾਵਾਂ ਦੀ ਬਰਬਾਦੀ ਤੇ ਜੰਗੀ ਜਨੂੰਨ ਭਾਰਤ ਦੀ ਤਬਾਹੀ ਦਾ ਕਾਰਣ ਬਣ ਸਕਦਾ ਹੈ।


TRANS-ALLIANCE
TOGETHER WE SAVE
FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
FUEL CARDS
NO CREDIT - NO PROBLEM
BEST CUSTOMER SERVICE
TOGETHER WE SAVE
FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE
YOU BREAK DOWN
WE SHOW UP
24-HOUR ROADSIDE ASSISTANCE
TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE
MORE BAYS. EXPERTISE. SOLUTIONS.
FUEL MANAGEMENT
DAILY FUEL RATES IN PHONE APP
CALL FOR MORE INFO
(855)641-6955, (888)795-7035

# ਉੱਚ ਕੋਟੀ ਦਾ ਰਾਗੀ ਭਾਈ ਸਮੁੰਦ ਸਿੰਘ

- ਬਲਵੰਤ ਗਾਰਗੀ

ਰਾਵਲਪਿੰਡੀ ਵਿਚ ਬੂਟਾ ਸਿੰਘ ਦੀ ਸਰਾਂ ਵਿਖੇ 1929 ਵਿਚ ਸਿੱਖ ਐਜੂਕੇਸ਼ਨਲ ਕਾਨਫਰੰਸ ਹੋਈ । ਇਸ ਵਿਚ ਗੁਰਬਾਣੀ ਰਾਗ-ਵਿਦਿਆ ਦਾ ਮੁਕਾਬਲਾ ਹੋਇਆ । ਉਹਨਾ ਦਿਨਾਂ ਵਿਚ ਇਹੋ ਜਿਹੇ ਮੁਕਾਬਲੇ ਅਕਸਰ ਹੋਇਆ ਕਰਦੇ ਸਨ। ਕੀਰਤਨ ਦਰਬਾਰ ਵਿਚ ਜੱਜਾਂ ਨੂੰ ਪੱਕੇ ਰਾਗ ਤੇ ਗੁਰਬਾਣੀ ਦਾ ਡੂੰਘਾ ਗਿਆਨ ਹੁੰਦਾ ਸੀ। ਇਸ ਕਾਨਫਰੰਸ ਉਤੇ ਸਮੁੰਦ ਸਿੰਘ ਨੂੰ ਉੱਚ ਕੋਟੀ ਦਾ ਰਾਗੀ ਕਰਾਰ ਦਿੱਤਾ ਗਿਆ। ਉਸ ਦੀ ਜਾਦੂਮਈ ਤੇ ਸੁਰੀਲੀ ਆਵਾਜ਼ ਖਰਜ ਦੀ ਹੇਠਲੀ ਸਪਤਕ ਤੀਕ ਆਸਾਨੀ ਨਾਲ ਉਤਰ ਜਾਂਦੀ ਸੀ ਤੇ ਉਪਰ ਤਾਰ ਸਪਤਕ ਦੇ ਟੀਪ ਸੁਰਾਂ ਨੂੰ ਜਗਾਉਂਦੀ ਸੀ। ਸਮੁੰਦ ਸਿੰਘ ਨੂੰ ਨਨਾਕਾਣਾ ਸਾਹਿਬ ਦਾ ਹਜ਼ੂਰੀ ਰਾਗੀ ਥਾਪਿਆ ਗਿਆ , ਜੋ ਸਭ ਤੋਂ ਉਤਮ ਸਨਮਾਨ ਸੀ।ਉਸ ਵਿਚ ਸੱਜਰਾ ਚਮਤਕਾਰ ਸੀ । ਤੇ ਉਹ ਤੁਰੰਤ ਹੀ ਇਕ ਉਸਤਾਦ ਰਾਗੀ ਦੇ ਤੌਰ ਤੇ ਜਾਣਿਆ ਜਾਣ ਲੱਗਾ । ਗੁਰਬਾਣੀ ਗਾਇਨ ਵਿਚ ਉਸ ਦੀ ਕੀ ਵਿਸ਼ੇਸ਼ਤਾ ਸੀ ? ਇਹ ਵਿਸ਼ੇਸ਼ਤਾ ਕਈ ਪੱਧਰਾਂ ਉੱਤੇ ਸੀ - ਸ਼ਾਬਿਦਕ ਅਰਥ, ਦਾਰਸ਼ਨਿਕ ਸੰਦਰਭ , ਧਾਰਮਿਕ ਗਹਿਰਾਈ, ਭਾਵ, ਜਜ਼ਬਾ ਤੇ ਰਹੱਸਮਈ ਮਹੱਤਵ ਦੀ ਵਿਆਖਿਆ ਤੇ ਲੋਕਾਂ ਨੂੰ ਟੁੰਬਣ ਦੀ ਸ਼ਕਤੀ। ਇਸ ਤੋਂ ਇਲਾਵਾ ਰਾਗਾਂ ਦੀ ਸੰਗੀਤਕ ਵਿਉਂਤ , ਕਲਾਸਕੀ ਸਾਂਚੇ ਵਿਚ ਢਲੇ ਸੁਰਾਂ ਤੇ ਤਾਲਾਂ ਦੀਆਂ ਸੰਯੁਕਤ ਵੰਨਗੀਆਂ ਅਤੇ ਸੱਜਰੀ ਸ਼ਕਤੀ ਨਾਲ ਸਰਸ਼ਾਰ ਗੁਰਬਾਣੀ ਗਾਇਨ ਦੀ ਵਿਸ਼ੇਸ਼ ਪਰੰਪਰਾ ।

ਜਦੋਂ ਉਹ ਵਿਆਖਿਆਨ ਕਰਦਾ ਤਾਂ ਇਕ ਤੁਕ ਨੂੰ ਉਸੇ ਵਿਚਾਰ ਵਾਲੀ ਕਿਸੇ ਹੋਰ ਤੁਕ ਨਾਲ ਜੋੜਦਾ ਅਤੇ ਸ਼ਬਦ ਉਤੇ ਧਿਆਨ ਕੇਂਦਰਿਤ ਕਰਨ ਲਈ ਹੋਰਨਾਂ ਧਰਮਾਂ ਦੀਆਂ ਅੰਤਰ ਪ੍ਰੇਰਿਤ ਸਤਰਾਂ ਵਿਚ ਗੁੰਦ ਦੇਂਦਾ ।

ਕਈ ਵਾਰੀ ਸ਼ਬਦ ਨੂੰ ਗਾਉਂਦੇ-ਗਾਉਂਦੇ ਉਹ ਵਿਚੋਂ ਹੀ ਰਾਗ ਨੂੰ ਬਦਲ ਦੇਂਦਾ , ਪਰ ਸ਼ਬਦ ਦੀ ਨਿਰੰਤਰਤਾ ਭੰਗ ਨਹੀਂ ਸੀ ਹੋਣ ਦੇਂਦਾ । ਮਿਸਾਲ ਦੇ ਤੌਰ ਤੇ ਉਹ ਅੰਮ੍ਰਿਤ ਵੇਲੇ ਤਾਰਿਆਂ ਦੀ ਛਾਵੇਂ ਕਿਸੇ ਸ਼ਬਦ ਨੂੰ ਆਸਾ ਰਾਗ ਵਿਚ ਸੁਰ ਕਰਦਾ। ਸ਼ਬਦ ਗਾਉਂਦਿਆ ਤੇ ਮਸਤੀ ਵਿੱਚ ਝੂਮਦਿਆਂ ਜਦ ਉਸ ਨੂੰ ਪਤਾ ਲੱਗਦਾ ਕਿ ਆਕਾਸ਼ ਵਿਚ ਮੋਤੀਆਂ ਰੰਗ ਖੁਰ ਪਏ ਨੇ ਤੇ ਪੁਹ ਫੁੱਟ ਪਈ ਹੈ ਤਾਂ ਉਹ ਸਮੇ ਦੇ ਬਦਲਣ ਨਾਲ ਸਹਿਜ ਸੁਭਾਅ ਹੀ ਆਸਾ ਰਾਗ ਦੇ ਸੁਰਾਂ ਨੂੰ ਭੈਰਵ ਰਾਗ ਦੇ ਸੁਰਾਂ ਵਿਚ ਬਦਲ ਦੇਂਦਾ। ਸ਼ਬਦ ਨੂੰ ਉਸੇ ਤਾਲ ਵਿੱਚ ਗਾਉਦੇ ਹੋਏ ਇਕ ਰਾਗ ਨੂੰ ਦੂਜੇ ਰਾਗ ਵਿਚ ਪੰਘਰਾ ਦੇਣਾ ਸੁਮੰਦ ਸਿੰਘ ਦੀ ਰਾਗ ਵਿਦਿਆ ਦਾ ਕ੍ਰਿਸ਼ਮਾ ਸੀ । ਇਸ ਸੰਗੀਤਕ ਖੂਬੀ ਉਤੇ ਪੱਕੇ ਰਾਗ ਦੇ ਗੁਣੀ ਅਸ਼-ਅਸ਼ ਕਰ ਉਠਦੇ । ਉਸਦੀ ਗਾਇਕੀ ਸਵੇਰ ਸਾਰ ਦੇ ਰੰਗਾਂ ਵਾਂਗ ਸੀ ਜੋ ਇਕ ਦੂਜੇ ਵਿਚ ਵੱਟ ਰਿਹੇ ਹੋਣ। ਉਹ ਵਕਤ ਬਦਲਣ ਨਾਲ ਭੈਰਵ ਤੋ ਭੈਰਵੀ ਵਿਚ ਆ ਜਾਂਦਾ ਤੇ ਫਿਰ ਆਸਾਵਾਰੀ ਵਿਚ ਜੋ ਸਵੇਰੇ ਅੱਠ ਵਜੇ ਦਾ ਰਾਗ ਹੈ । ਸ਼ਬਦ ਉਹੀ ਕਾਇਮ ਰਹਿੰਦਾ ਪਰ ਵੇਲੇ ਨਾਲ ਰਾਗ ਤੇ ਭਾਵ ਦੇ ਰੰਗ ਬਦਲਦੇ ਰਹਿੰਦਾ ਤੇ ਉਹ ਸ਼ਬਦ ਨੂੰ ਕਈ ਪੱਧਰਾਂ ਉਤੇ ਭਿੰਨ-ਭਿੰਨ ਤਰਥਾਂ ਵਿੱਚ ਸਮੋ ਕੇ ਪੇਸ਼ ਕਰਦਾ ।

ਉਸ ਤੋਂ ਪਹਿਲਾਂ ਕਈ ਮਹਾਨ ਰਾਗੀਆਂ ਨੇ ਵੀ ਸ਼ਬਦਾਂ ਨੂੰ ਇਸੇ ਸੰਗੀਤਕ ਜੁਗਤ ਨਾਲ ਗਾਇਆ ਸੀ। ਮਿਸਾਲ ਦੇ ਤੌਰ ਤੇ ਹਰਿਮੰਦਰ ਸਾਹਿਬ ਦੇ ਰਬਾਬੀ ਭਾਈ ਚਾਂਦ ਖਾਂ ਤੇ ਉਸ ਦੇ ਸਾਥੀ ਭਾਈ ਚੰਨਣ ਖਾਂ ਨੇ ਵੀ ਸ਼ਬਦ ਦੀ ਨਿਰੰਤਰਤਾ ਕਾਇਮ ਰੱਖਦਿਆਂ ਰਾਗਾਂ ਨੂੰ ਸਮੇਂ ਅਨੁਸਾਰ ਬਦਲ ਕੇ ਗਾਇਆ ਸੀ । ਪਰ ਭਾਈ ਚਾਂਦ ਖਾਂ ਕੋਲ ਭਾਈ ਸਮੁੰਦ ਸਿੰਘ ਵਰਗੀ ਖਰਜ ਦੀ ਸੁਰ ਤੇ ਸ਼ਬਦ ਦਾ ਅਨੂਠਾ ਸੁਮੇਲ ਸੀ ।ਸਮੁੰਦ ਸਿੰਘ ਨੇ ਆਮ ਲੋਕਾਂ ਤੇ ਗੁਣੀਆਂ ਨੂੰ ਮੰਤਰ ਮੁਗਧ ਕਰ ਦਿੱਤਾ । ਸਾਦਾ ਔਰਤਾਂ , ਦੁਕਾਨਦਾਰ, ਸੁੱਘੜ ਸੰਗੀਤਕਾਰ ਤੇ ਧਨੰਤਰ ਵਿਦਵਾਨ ਸਭ ਉਸ ਤੋ ਪ੍ਰਭਾਵਿਤ ਹੋਏ।

ਉਹ ਸ਼ੁੱਧ ਕਲਾਸਕੀ ਪਰੰਪਰਾ ਵਿਚ ਕੀਰਤਨ ਕਰਦਾ ਸੀ । ਆਪਣੀ ਗਾਇਕੀ ਵਿਚ ਉਸ ਨੇ ਰਾਗਾਂ ਦੇ ਅੰਤਰੀਵ ਭਾਵ, ਉਹਨਾਂ ਦੇ ਤੱਤ ਤੇ ਸ਼ਕਤੀ ਨੂੰ ਉਜਾਗਰ ਕੀਤਾ । ਆਰੋਹੀ ਤੇ ਅਵਰੋਹੀ ਸੁਰਾਂ ਦੀਆਂ ਪੱਟੜੀਆਂ ਚੜਦਾ ਉਤਰਦਾ, ਤਾਨ ਪਲਟੇ ਮਾਰਦਾ ਜਦੋਂ ਉਹ ਸਮ ਉਤੇ ਆ ਡਿੱਗਦਾ ਤਾ ਸ੍ਰੋਤੇ ਵਿਸਮਾਦ ਵਿਚ ਝੂਮ ਉਠਦੇ ।

1985 ਦੀ ਗੱਲ ਹੈ, ਮੈਂ ਲਾਹੌਰ ਵਿਚ ਆਲ ਇੰਡਿਆ ਰੇਡੀਓ ਉੱਤੇ ਬਤੌਰ ਆਰਟਿਸਟ ਕੰਮ ਕਰ ਰਿਹਾ ਸਾਂ। ਗਵੱਈਆਂ,ਸੰਗੀਤਕਾਰਾਂ , ਸ਼ਾਇਰਾਂ ,ਕੰਚਨੀਆਂ, ਤੇ ਡਰਾਮਾ ਪ੍ਰੋਡਿਊਸਰਾਂ ਦਾ ਇਹ ਕੇਂਦਰ ਸੀ। ਰੇਡੀਓ ਹੀ ਜਨਸੰਚਾਰ ਦਾ ਇਕੋ ਇਕ ਮਾਧਿਅਮ ਸੀ ਜੋ ਨਵਾਂ ਨਵਾਂ ਸ਼ੁਰ ਹੋਇਆ ਸੀ। ਇਸੇ ਲਈ ਚੋਟੀ ਦੇ ਕਲਾਕਾਰ ਇਸ ਵੱਲ ਖਿੱਚੇ ਆਉਂਦੇ ਸਨ। ਮਲਕਾ ਪੁਖਰਾਜ ਸਟੂਡੀਓ ਵਿਚ ਬੈਠੀ ਪਾਨ ਚੱਬਦੀ ਤੇ ਉਸ ਦੇ ਨੱਕ ਦਾ ਕੋਕਾ ਲਿਸ਼ਕਾਰੇ ਮਾਰਦਾ। ਸ਼ਮਸ਼ਾਦ ਬਾਈ ਤੇ ਸੁਰਿੰਦਰ ਕੌਰ ਤੇ ਬੜੇ ਗੁਲਾਮ ਅਲੀ ਖ਼ਾਂ ਉਥੇ ਗਾਉਂਦੇ ।

ਇਕ ਦਿਨ ਮੈਂ ਸਟੂਡੀਓ ਵਿੱਚੋਂ ਦੀ ਲੰਘਿਆ ਤਾਂ ਇਕ ਬੇ-ਹੱਦ ਮੰਝੀ ਹੋਈ ਸੁਰੀਲੀ ਆਵਾਜ਼ ਸੁਣਾਈ ਦਿਤੀ । ਇਸ ਵਿਚ ਮਿੱਠੇ ਖਰਜ ਦੇ ਸੁਰ ਗੂੰਜਦੇ ਸਨ । ਮੈਂ ਪੁੱਛਿਆ, ਸਹਿਗਲ ਦਾ ਇਹ ਕਿਹੜਾ ਨਵਾਂ ਗੀਤ ਹੈ ? ਕਿਸੇ ਨੇ ਮੈਨੂੰ ਦਸਿਆ ਕਿ ਭਾਈ ਸਮੁੰਦ ਸਿੰਘ ਰਾਗੀ ਗਾ ਰਿਹਾ ਸੀ। ਮੈਂ ਹੈਰਾਨ ਰਹਿ ਗਿਆ। ਇਹੋ ਜਿਹੀ ਆਵਾਜ਼ ਸਹਿਗਲ ਦੇ ਸਿਵਾਏ ਕਿਸੇ ਹੋਰ ਦੀ ਨਹੀਂ ਹੋ ਸਕਦੀ । ਮੈਂ ਕਮਰੇ ਅੰਦਰ ਦਾਖਿਲ ਹੋਇਆ ਤਾਂ ਦੇਖਿਆ ਕਿ ਚਿੱਟੀ ਦਸਤਾਰ ਬੰਨੀ ਤੇ ਬਦਾਮੀ ਵਾਸਕਟ ਪਾਈ ਚੌਕੜੀ ਮਾਰੀ ਬੈਠਾ ਕੋਈ ਗੁਰੂ ਦਾ ਸਿੱਖ ਗਾ ਰਿਹਾ ਸੀ । ਖੁੱਲੀ ਕਾਲੀ ਸਿਆਹ ਦਾੜੀ ਤੇ ਚਮਕੀਲੀਆਂ ਜਿਸਤ ਅੱਖਾਂ । ਇਹ ਭਾਈ ਸਮੁੰਦ ਸਿੰਘ ਰਾਗੀ ਸੀ ।




ਭਾਈ ਸਮੁੰਦ ਸਿੰਘ ਇਕ ਜਨਵਰੀ, ਸੰਨ 1900 ਨੂੰ ਪਿੰਡ ਮੁੱਲਾ ਹਮਜ਼ਾ, ਜ਼ਿਲਾ ਮਿੰਟਗੁਮਰੀ (ਪਾਕਿਸਤਾਨ) ਵਿਚ ਪੈਦਾ ਹੋਇਆ । ਇਹ ਪਿੰਡ ਦਰਿਆ ਰਾਵੀ ਦੀ ਨਹਿਰ ਦੇ ਕੰਡੇ ਸੀ। ਉਸ ਦਾ ਪਿਤਾ ਹਜ਼ੂਰ ਸਿੰਘ ਛਾਂਗਾ ਮਾਂਗਾ ਦੇ ਜੰਗਲਾਂ ਦਾ ਨਿਗਰਾਨੀ ਕਰਨ ਵਾਲਾ ਅਫ਼ਸਰ ਸੀ। ਉਹ ਆਪਣੇ ਸਮੇਂ ਦਾ ਪਛਾਣਿਆ ਕੀਰਤਨਕਾਰ ਸੀ , ਜਿਸ ਨੇ ਉਨੀਵੀਂ ਸਦੀ ਦੇ ਪ੍ਰਸਿੱਧ ਮਹੰਤ ਸ਼ਾਮ ਸਿੰਘ ਕੋਲੋਂ ਗੁਰਬਾਣੀ ਗਾਇਨ ਦੀ ਸਿੱਖਿਆ ਪ੍ਰਾਪਤ ਕੀਤੀ ਸੀ। ਭਾਈ ਸਮੁੰਦ ਸਿੰਘ ਦੀ ਦਾਦੀ ਮਾਤਾ ਸਦਾ ਕੌਰ ਗੁਰੂ ਘਰ ਦੀ ਬੜੀ ਸ਼ਰਧਾਲੂ ਸੀ ਜੋ ਪੰਜ ਵਾਰ ਸੁਖਮਨੀ ਸਾਹਿਬ ਦਾ ਨਿੱਤ ਨੇਮ ਕਰਦੀ। ਹਜ਼ੂਰ ਸਿੰਘ ਤਾਊਸ ਉੱਤੇ ਕੀਰਤਨ ਕਰਦਾ ਤੇ ਭਰਾ ਗੁਰਦਿੱਤ ਸਿੰਘ ਤਬਲੇ ਉਤੇ ਉਸਦੀ ਸੰਗਤ ਕਰਦਾ । ਇਸ ਸੰਗੀਤਕ ਪੰਘੂੜੇ ਵਿਚ ਸੁਮੰਦ ਸਿੰਘ ਨੇ ਅੱਖਾਂ ਖੋਲੀਆਂ ਅਤੇ ਸਭ ਤੋਂ ਪਹਿਲੀ ਆਵਾਜ਼ ਜੋ ਉਸ ਦੇ ਕੰਨਾਂ ਵਿਚ ਪਈ, ਉਹ ਗੁਰਬਾਣੀ ਦੇ ਮੁਧਰ ਸ਼ਬਦ ਸਨ ।

ਭਾਈ ਸਮੁੰਦ ਸਿੰਘ ਨੇ ਮੈਨੂੰ ਇਕ ਵਾਰ ਦੱਸਿਆ, ਮੇਰੇ ਪਿਤਾ ਜੀ ਮੈਨੂੰ ਗੋਦੀ ਵਿੱਚ ਲੈ ਲੈਂਦੇ ਤੇ ਕੀਰਤਨ ਕਰਦੇ। ਕੀਰਤਨ ਸੁਣਦੇ -ਸੁਣਦੇ ਮੈਂ ਉਹਨਾਂ ਦੀ ਗੋਦੀ ਵਿਚ ਹੀ ਸੌਂ ਜਾਂਦਾ। ਤਿੰਨ ਸਾਲ ਦੀ ਉਮਰ ਵਿਚ ਹੀ ਮੈਨੂੰ ਉਹਨਾਂ ਨੇ ਆਪਣੇ ਨਾਲ ਗਾਉਣ ਲਾ ਲਿਆ । ਜਦ ਉਹ ਆਪਣੀ ਗੂੰਜਵੀ ਆਵਾਜ਼ ਵਿਚ ਕੀਰਤਨ ਕਰਦੇ ਤਾਂ ਮੈਂ ਪਤਲੀ ਆਵਾਜ਼ ਵਿਚ ਉਹਨਾਂ ਦੇ ਨਾਲ ਗੁਣਗੁਣਾਉਂਦਾ।

ਭਾਈ ਸਮੁੰਦ ਸਿੰਘ ਸੱਤ ਸਾਲ ਦੀ ਉਮਰ ਵਿਚ ਪਹਿਲੀ ਵਾਰ ਮੰਚ ਉਤੇ ਆਇਆ ਤੇ ਇਹ ਸ਼ਬਦ ਗਾਇਆ : ਕਿਰਤ ਕਰਮ ਕੇ ਵਿਛੜੇ, ਕਰ ਕਿਰਪਾ ਮੇਲਹੁ ਰਾਮ । ਜਦ ਉਸ ਵੇਲੇ ਦੇ ਵਿਦਵਾਨ ਲੋਕਾਂ ਨੇ ਇਹ ਅਸਾਧਾਰਣ ਗਾਇਨ ਸਰਵਣ ਕੀਤਾ ਤਾਂ ਉਹਨਾਂ ਨੇ ਭਾਈ ਸਮੁੰਦ ਸਿੰਘ ਦੇ ਮਹਾਨ ਭਵਿੱਖ ਬਾਰੇ ਪੇਸ਼ੀਨਗੋਈ ਕੀਤੀ। ਉਹ ਧਾਰਮਿਕ ਸਮਾਗਮਾਂ ਤੇ ਗੁਰਪੁਰਬਾਂ ਉੱਤੇ ਗਾਉਂਦਾ ।

ਜਦ ਉਹ ਜੁਆਨ ਹੋਇਆ ਤਾਂ ਉਸ ਨੇ ਹੋਰਨਾਂ ਰਾਗੀਆਂ ਕੋਲੋਂ ਪ੍ਰੇਰਨਾ ਲਈ ਤੇ ਸੰਗੀਤਕ ਗਿਆਨ ਪ੍ਰਾਪਤ ਕੀਤਾ। ਭਾਈ ਹੀਰਾ ਸਿੰਘ ਤੇ ਬਾਬਾ ਅਤਰ ਸਿੰਘ ਉਸ ਦੇ ਕੀਰਤਨ ਦੀ ਬੜੀ ਸ਼ਲਾਘਾ ਕਰਦੇ ਸਨ। ਉਹ ਗੁਜਰਾਂਵਾਲੇ ਦੇ ਮਸ਼ਹੂਰ ਕੀਰਤਨੀਏ ਭਾਈ ਸ਼ੇਰ ਸਿੰਘ ਤੇ ਭਾਈ ਪਿਆਰਾ ਸਿੰਘ ਰਬਾਬੀ ਤੋਂ ਵੀ ਬਹੁਤ ਪ੍ਰਭਾਵਿਤ ਹੋਇਆ। ਉਸ ਨੇ 1917 ਵਿਚ ਬੀਬੀ ਦਇਆ ਕੌਰ ਨਾਲ ਸ਼ਾਦੀ ਕੀਤੀ ਅਤੇ 1921 ਵਿਚ ਨਨਕਾਣਾ ਸਾਹਿਬ ਵਿਚ ਵੱਸ ਗਿਆ, ਜਿਥੇ ਉਸਦੀ ਭਗਤੀ ਰਸ ਵਿਚ ਡੁੱਬੀ ਸੰਗੀਤਕ ਕਲਾ ਸਿਖਰ ਉਤੇ ਪੁੱਜੀ ।ਗੁਰਬਾਣੀ ਦਰਬਾਰਾਂ ਦਾ ਸੂਰਜ ਭਾਈ ਸਮੁੰਦ ਸਿੰਘ ਨਨਕਾਣਾ ਸਾਹਿਬ ਦਾ ਹਜ਼ੂਰੀ ਰਾਗੀ ਨਿਯਤ ਕੀਤਾ ਗਿਆ । ਉਸ ਨੇ ਆਪਣੇ ਚੌਹਾਂ ਬੱਚਿਆਂ ਨੂੰ ਉਚੇਰੀ ਵਿਦਿਆ ਦਿੱਤੀ ।ਤਿੰਨ ਧੀਆਂ ਨੇ ਐਮ .ਏ. ਪਾਸ ਕੀਤੀ ।ਉਹਨਾਂ 'ਵਿਚੋਂ ਦੋ ਸਕੂਲ ਦੀਆਂ ਪ੍ਰਿੰਸੀਪਲ ਬਣੀਆਂ , ਇਕ ਸੀਨੀਅਰ ਅਧਿਆਪਕ , ਤੇ ਇਕਲੌਤਾ ਪੁੱਤਰ ਹਰਿਭਜਨ ਸਿੰਘ ਅਮਰੀਕਾ ਵਿਚ ਇੰਜੀਨੀਅਰ ।

ਭਾਈ ਸਮੁੰਦ ਸਿੰਘ ਨੇ ਤਕਰੀਬਨ ਸੱਤ ਅੱਠ ਸਾਲ ਨਨਕਾਣਾ ਸਾਹਿਬ ਸੇਵਾ ਕੀਤੀ ਅਤੇ ਫਿਰ ਸੁਤੰਤਰ ਤੌਰ ਤੇ ਗੁਰਬਾਣੀ ਦਾ ਕੀਰਤਨ ਆਰੰਭ ਦਿੱਤਾ। ਠੁਮਰੀ ਦੇ ਉਸਤਾਦ ਬੜੇ ਅਲੀ ਖਾਂ ਨੇ ਸੁਮੰਦ ਸਿੰਘ ਰਾਗੀ ਦੀ ਸੰਗੀਤਕ ਪ੍ਰਤਿਭਾ ਦੀ ਰੱਜ ਕੇ ਸ਼ਲਾਘਾ ਕੀਤੀ ।

ਸੁਮੰਦ ਸਿੰਘ ਆਲ ਇੰਡਿਆ ਰੇਡੀਓ ਲਾਹੌਰ ਉਤੇ ਅਕਸਰ ਹੀ ਗੁਰਬਾਣੀ ਕੀਰਤਨ ਦਾ ਪ੍ਰੋਗਰਾਮ ਦੇਂਦਾ। ਮੁਸਲਮਾਨ ਵੀ ਇਸ ਪ੍ਰੋਗਰਾਮ ਦੀ ਸੰਗੀਤਕ ਅਮੀਰੀ ਤੇ ਲੈਆਤਮਕ ਖੁਬਸੂਰਤੀ ਕਰ ਕੇ ਇਸ ਨੂੰ ਸੁਣਦੇ ।ਉਸ ਨੂੰ ਬਹੁਤ ਸਾਰੇ ਪ੍ਰਸ਼ੰਸਕਾ ਦੀਆਂ ਚਿੱਠੀਆਂ ਆਉਂਦੀਆਂ । ਹਰਿਭਜਨ ਸਿੰਘ ਨੇ ਮੈਨੂੰ ਦੱਸਿਆ ਹੈ, ਮੇਰੇ ਪਿਤਾ ਜੀ ਦਾ ਇਕ ਪ੍ਰਸ਼ੰਸਕ ਮੁਸਲਮਾਨ ਹਕੀਮ ਸੀ। ਬਟਵਾਰੇ ਤੋਂ ਪਿਛੋਂ ਵੀ ਉਹਨਾਂ ਨੂੰ ਲਾਹੌਰ ਤੋਂ ਉਸ ਦੀਆਂ ਚਿੱਠੀਆਂ ਆਉਂਦੀਆਂ ਰਹੀਆਂ ।ਉਸ ਹਕੀਮ ਦੀਆਂ ਮੈਨੂੰ ਅਮਰੀਕਾ ਵਿਚ ਵੀ ਕਈ ਚਿੱਠੀਆਂ ਆਈਆਂ, ਜਿਨਾਂ ਵਿਚ ਉਸ ਨੇ ਬਾਰ-ਬਾਰ ਪਿਤਾ ਜੀ ਦੇ ਪ੍ਰੋਗਰਾਮਾਂ, ਰਿਕਾਰਡਾਂ ਤੇ ਟੇਪਾਂ ਬਾਰੇ ਪੁੱਛਿਆ।

ਗੁਰਬਾਣੀ ਗਾਇਨ ਦੀਆਂ ਦੋ ਰੀਤਾਂ ਹਨ। ਇਕ ਵਿਚ ਰਾਗੀ ਵਿਆਖਆਨ ਦੇਂਦੇ ਹੋਏ ਸ਼ਬਦ ਨੂੰ ਵਧੇਰੇ ਮੱਹਤਤਾ ਦੇਂਦੇ ਹਨ । ਅਜਿਹੇ ਰਾਗੀ ਸ਼ਰਧਾਲੂਆਂ ਵਿਚ ਬਹੁਤ ਕਾਮਯਾਬ ਹਨ ।ਦੂਜੀ ਪ੍ਰਕਾਰ ਦੇ ਰਾਗੀ ਗਾਇਨ ਉਤੇ ਬਲ ਦੇਂਦੇਂ ਹਨ ਤੇ ਸ਼ਬਦ ਨੂੰ ਦੂਜਾ ਸਥਾਨ ਦੇਂਦੇਂ ਹਨ ।ਪ੍ਰੰਤੂ ਭਾਈ ਸੁਮੰਦ ਸਿੰਘ ਨੇ ਅਜਿਹੀ ਲੈਆਤਮਕ ਸੁੰਦਰਤਾ ਨਾਲ ਸ਼ਬਦ ਤੇ ਸੰਗੀਤ ਦੇ ਦੋਹਾਂ ਤੱਤਾਂ ਦਾ ਸੁਮੇਲ ਕੀਤਾ ਕਿ ਉਸ ਨੇ ਗੁਰਬਾਣੀ ਗਾਇਨ ਦੀ ਨਵੀ ਚੇਤਨਾ ਤੇ ਲੋਹੜੇ ਦੀ ਖਿੱਚ ਉਤਪੰਨ ਕਰ ਦਿੱਤੀ ।ਤਾਨ ਪਲਟੇ ਤੇ ਤਾਲ ਦੇ ਇਸ ਮਹਾਨ ਰਾਗੀ ਨੇ ਆਪਣੀ ਗਾਇਕੀ ਵਿਚ ਸ਼ਬਦ ਨੂੰ ਮਾਂਦ ਨਹੀਂ ਪੈਣ ਦਿੱਤਾ। ਉਹ ਆਖਦਾ ਸੀ, ਰਾਗ ਗੁਰਬਾਣੀ ਵਿਚ ਰਸ ਦਾ ਵਾਧਾ ਕਰਦਾ ਹੈ। ਜਿਤਨਾ ਇਸ ਨੂੰ ਸੂਖਮ ਬਣਾਉਗੇ, ਉਤਨਾ ਹੀ ਜ਼ਿਆਦਾ ਰਸ ਪੈਦਾ ਹੋਵੇਗਾ ।

ਦੇਸ਼ ਦੀ ਵੰਡ ਵੇਲੇ ਭਾਈ ਸੁਮੰਦ ਸਿੰਘ ਨੂੰ ਆਪਣਾ ਘਰ ਬਾਰ ਤੇ ਸਾਰੀ ਜਾਇਦਾਦ ਪਾਕਿਸਤਾਨ ਵਿਚ ਛੱਡ ਏਧਰ ਆਉਣਾ ਪਿਆ ਪਰ ਉਹ ਆਪਣਾ ਤੰਬੂਰਾ ਨਾਲ ਲੈ ਆਇਆ, ਜਿਸ ਉਤੇ ਉਹ ਹਰ ਰੋਜ਼ ਰਿਆਜ਼ ਕਰਦਾ ਸੀ। ਉਹ ਦੋ ਸਾਲ ਅੰਮ੍ਰਿਤਸਰ ਰਹਿ ਕੇ ਲੁਧਿਆਣੇ ਆ ਕੇ ਵੱਸ ਗਿਆ। ਉਸ ਨੇ ਕਿਸੇ ਗੁਰਦਵਾਰੇ ਵਿਚ ਨੌਕਰੀ ਨਾ ਕੀਤੀ ਭਾਵੇਂ ਉਸ ਨੂੰ ਹਰਿਮੰਦਿਰ ਸਾਹਿਬ ਦੇ ਮੁੱਖ ਰਾਗੀ ਦੀ ਪਦਵੀ ਪੇਸ਼ ਕੀਤੀ ਗਈ। ਕਿਸੇ ਪੱਕੀ ਨੌਕਰੀ ਦੇ ਪਿੰਜਰੇ ਵਿਚ ਨਹੀ ਸੀ ਬੰਦ ਹੋਣਾ ਚਾਹੁੰਦਾ ਉਹ। ਹਰਿਭਜਨ ਸਿੰਘ ਜੋ ਸੰਗੀਤ ਦਾ ਰਸੀਆ ਤੇ ਗੁਰਬਾਣੀ ਦਾ ਗਿਆਤਾ ਹੈ ,ਆਖਦਾ ਹੈ, ' ਪਿਤਾ ਜੀ ਨੇ ਆਪਣੇ ਸਾਹ ਦੇ ਬਲ ਨਾਲ ਆਪਣਾ ਜੀਵਨ ਬਿਤਾਇਆ। ਜੋ ਤਿਲ ਫੁੱਲ ਭੇਟਾ ਹੁੰਦਾ ,ਉਸ ਨੂੰ ਵਾਹਿਗੁਰੂ ਦਾ ਸ਼ੁਕਰ ਆਖ ਕੇ ਝੋਲੀ ਵਿਚ ਪਾ ਲੈਂਦੇ '।

ਭਾਈ ਸੁਮੰਦ ਸਿੰਘ ਦਾ ਦ੍ਰਿੜ ਵਿਸ਼ਵਾਸ਼ ਸੀ ਕਿ ਗੁਰਬਾਣੀ ਦਾ ਕੀਰਤਨ ਗੁਰੂ ਸਾਹਿਬਾਨ ਦੇ ਹੁਕਮ ਅਨੁਸਾਰ ਰਾਗਾਂ ਤੇ ਤਾਲਾਂ ਦੇ ਨਿਯਮ ਅਨੁਸਾਰ ਕੀਤਾ ਜਾਣਾ ਚਾਹੀਦਾ ਹੈ ।ਗੁਰੂਆਂ ਨੂੰ ਸੰਗੀਤ ਦਾ ਭਰਵਾਂ ਗਿਆਨ ਸੀ ਅਤੇ ਉਹਨਾਂ ਨੇ ਭਾਵ ਤੇ ਸਮੇਂ ਦੇ ਬੰਧਨ ਨੂੰ ਮੁਖ ਰੱਖ ਕੇ ਇਸ ਦੀ ਰਚਨਾ ਕੀਤੀ ।ਉਹਨਾਂ ਲਈ ਸ਼ਬਦ ਤੇ ਸੰਗੀਤ ਅਨਿੱਖੜ ਸਨ ।ਪਰ ਅੱਜ ਕੱਲ ਗੁਰਬਾਣੀ ਦਾ ਅਧਿਐਨ ਕਰਨ ਵਾਲੇ ਬਹੁਤ ਸਾਰੇ ਅਧਿਆਪਕ ਤੇ ਵਿਦਿਆਰਥੀ ਇਸ ਦੇ ਸੰਗੀਤਕ ਅੰਸ਼ਾਂ ਤੋਂ ਕੋਰੇ ਹਨ। ਗੁਰੂਆਂ ਦੇ ਸ਼ਬਦ ਨੂੰ ਸੰਗੀਤ ਪਾਸਾਰ ਹੀ ਨਹੀ ਬਖ਼ਸ਼ਦਾ ,ਸਗੋਂ ਇਸ ਵਿਚ ਰੋਸ਼ਨੀ ਭਰਦਾ ਹੈ ਅਤੇ ਇਸ ਦੇ ਸਾਹਿਤਕ ਤੇ ਆਤਮਿਕ ਅਰਥਾਂ ਨੂੰ ਉਜਾਗਰ ਕਰਦਾ ਹੈ ।

ਭਾਈ ਸੁਮੰਦ ਸਿੰਘ ਪੱਕੇ ਰਾਗ ਦੇ ਨਿਯਮਾਂ ਅਨੁਸਾਰ ਗਾਉਂਦਾ ਸੀ ਅਤੇ ਸ਼ਬਦ ਦੇ ਜਜ਼ਬੇ -ਭਿੱਜੇ ਅਸਰ ਨੂੰ ਕਾਇਮ ਰੱਖਦਾ ਸੀ। ਉਹ ਅਸਥਾਈ ਨੂੰ ਸੂਖ਼ਮ ਰਪੁੱਤਰਾਂ ਦੁਆਰਾ ਬਾਰ -ਬਾਰ ਦੁਹਰਾਕੇ ਨਵਾਂ ਰਸ ਭਰਦਾ। ਉਸ ਦੇ ਸ਼ਬਦ ਗਾਇਨ ਦਾ ਸਰੋਦੀ ਗੁਣ ਸਰੇਸ਼ਟ ਮੰਨਿਆ ਗਿਆ ਹੈ। ਵਿਲਬਤ ਲੈਅ ਵਿਚ ਗਾਉਂਦਿਆਂ ਉਹ ਨਦੀ ਦੇ ਸ਼ਾਤਮਈ ਪ੍ਰਵਾਹ ਦਾ ਭੁਲੇਖਾ ਸਿਰਜਦਾ ਹੈ; ਤੇ ਫਿਰ ਤਾਨ ਪਲਟੇ ਤੇ ਗਰਾਰੀ ਨਾਲ ਦੁਗਣ ਤੇ ਚੌਗਣ ਵਿਚ ਸ਼ਬਦ ਨੂੰ ਗਾਉਂਦੇ ਹੋਏ ਗਾਇਕੀ ਦੇ ਵੱਖਰੇ -ਵੱਖਰੇ ਪੜਾਵਾਂ ਤੇ ਰੰਗਾਂ ਦਾ ਭੇਦ ਖੋਲਦਾ ਹੈ ।

ਉਸ ਅਨੁਸਾਰ ਚੰਗੇ ਰਾਗੀ ਦੇ ਇਹ ਗੁਣ ਹੋਣੇ ਚਾਹੀਦੇ ਹਨ: ਉੱਚਾ ਸਦਾਚਾਰ, ਬਾਣੀ ਲਈ ਪਿਆਰ, ਸ਼ਬਦ ਦੇ ਅਰਥਾਂ ਦੀ ਸਮਝ, ਸ਼ੁੱਧ ਉਚਾਰਣ, ਪੱਕੇ ਰਾਗਾਂ ਤੇ ਪਰੰਪਰਾ ਦਾ ਡੂੰਘਾ ਗਿਆਨ, ਗੁਰਬਾਣੀ ਦੇ ਸਾਹਿਤਕ, ਅਧਿਆਤਮਕ ਤੇ ਰੂਹਾਨੀ ਤੱਤਾਂ ਦਾ ਬੋਧ ।ਤਦ ਹੀ ਬਾਣੀ ਦੇ ਗਾਇਕ ਨੂੰ ਸਹੀ ਅਰਥਾਂ ਵਿਚ ਕੀਰਤਨੀਆ ਆਖਿਆ ਜਾ ਸਕਦਾ ਹੈ ।

ਉਸ ਦੀ ਆਪਣੀ ਗਾਇਕੀ ਵਿਚ ਇਹ ਸਾਰੇ ਗੁਣ ਸਨ । ਜਦ ਉਹ ਕੀਰਤਨ ਕਰਦਾ ਤਾਂ ਗੁਰੂ ਨੂੰ ਹਾਜ਼ਰ ਨਾਜ਼ਰ ਸਮਝਦਾ ।ਉਸ ਨੂੰ ਵਿਸ਼ਵਾਸ਼ ਹੁੰਦਾ ਕਿ ਵਾਹਿਗੁਰ ਉਸ ਦਾ ਕੀਰਤਨ ਸੁਣ ਰਿਹਾ ਹੈ। ਉਸ ਲਈ ਨਨਕਾਣਾ ਸਾਹਿਬ ਵਿਚ ਕੀਰਤਨ ਸੁਣ ਰਿਹਾ ਹੈ। ਉਸ ਲਈ ਨਨਕਾਣਾ ਸਾਹਿਬ ਵਿਚ ਕੀਰਤਨ ਕਰਨਾ ਨੌਕਰੀ ਨਹੀਂ ਸੀ ਸਗੋਂ ਜੀਵਨ -ਢੰਗ ਸੀ।ਉਸ ਨੇ ਗੁਰਬਾਣੀ ਨੂੰ ਜੀਵਿਆ ਸੀਤੇ ਇਸ ਦੇ ਸਾਹ ਲਏ ਸਨ । ' ਇਹ ਉਸ ਦਾ ਮਨੋਰੰਜਨ ਸੀ ਤੇ ਇਹੋ ਉਸ ਦੀ ਰੋਜ਼ੀ। ਕਈ ਵਾਰ ਕੀਰਤਨ ਕਰਦਿਆਂ ਵਿਸਮਾਦ ਵਿਚ ਆ ਕੇ ਉਸ ਦੀਆਂ ਅੱਖਾਂ ਵਿਚ ਹੰਝੂ ਆ ਜਾਂਦੇ, ਖ਼ਾਸ ਤੌਰ 'ਤੇ ਜਦੋਂ ਉਹ ਗੁਰੂ ਦੇ ਵਿਛੋੜੇ ਬਾਰੇ, ਵਾਹਿਗੁਰ ਦੇ ਦਰਸ਼ਨਾਂ ਦੀ ਲੋਚਾ ਬਾਰੇ ਤੇ ਉਸ ਦੇ ਮਿਲਾਪ ਬਾਰੇ ਗਾਉਂਦਾ। ਉਸ ਨੇ ਅਧਿਆਤਮਕ ਸੱਚ ਨੂੰ ਅਜਿਹੇ ਅਨੁਭਵ ਨਾਲ ਪੇਸ਼ ਕੀਤਾ ਕਿ ਸ੍ਰੋਤਿਆਂ ਦੀਆਂ ਅੱਖਾਂ ਵਿਚ ਅੱਥਰੂ ਆ ਜਾਂਦੇ ਤੇ ਉਹ ਸਿਸਕੀਆਂ ਭਰਨ ਲੱਗਦੇ।

ਸੰਗੀਤ ਨੂੰ ਸਿੱਖ ਧਰਮ ਵਿਚ ਬਹੁਤ ਉੱਚਾ ਦਰਜਾ ਦਿੱਤਾ ਗਿਆ ਹੈ। ਗੁਰੂਆਂ ਨੇ ਇਸ ਨੂੰ ਆਪਣੇ ਰੂਹਾਨੀ ਪੈਗ਼ਾਮ ਦੇ ਸੰਚਾਰ ਦਾ ਮਾਧਿਅਮ ਬਣਾਇਆ। ਗੁਰੂ ਨਾਨਕ ਨੇ ਭਾਈ ਮਰਦਾਨਾ ਦੀ ਰਬਾਬ ਦੀ ਸੰਗਤ ਵਿਚ ਬਾਣੀ ਰਚੀ। ਜਨਮ ਸਾਖੀ ਵਿਚ ਇਹ ਸ਼ਬਦ ਬਾਰ ਬਾਰ ਆਉਂਦੇ ਹਨ, ਮਰਦਾਨਿਆਂ ਰਬਾਬ ਛੇੜ।

ਰਬਾਬ ਦੀਆਂ ਸੁਰਾਂ ਨੇ ਗੁਰੂ ਨਾਨਕ ਨੂੰ ਸਿਰਜਨਾਤਨਕ ਮੰਡਲਾਂ ਵਿਚ ਪਹੁੰਚਾ ਦਿੱਤਾ।ਸ਼ਬਦਾਂ ਵਿਚ ਰਾਗ ਤੇ ਤਾਲ ਵੱਲ ਵਿਸ਼ੇਸ਼ ਤੌਰ ਤੇ ਸੰਕੇਤ ਹਨ ਕਿਉਂਕਿ ਗੁਰੂ ਸਾਹਿਬਾਨ ਨੂੰ ਸੰਗੀਤ ਦੀ ਸ਼ਕਤੀ ਦਾ ਪੂਰਾ ਗਿਆਨ ਤੇ ਅਧਿਆਤਮਕ ਬੋਧ ਸੀ। ਸੰਗੀਤ-ਬੱਧ ਕੀਤੀ ਬਾਣੀ ਨੂੰ ਵਿਸ਼ੇਸ਼ ਢੰਗ ਨਾਲ ਗਾਉਣ ਦਾ ਆਦੇਸ਼ ਦਿੱਤਾ ਗਿਆ ਹੈ।

ਭਾਈ ਸੁਮੰਦ ਸਿੰਘ ਇਸ ਕੀਰਤਨ ਪਰੰਪਰਾ ਦਾ ਸਭ ਤੋਂ ਵੱਡਾ ਰਾਗੀ ਸੀ। ਗੁਰਬਾਣੀ ਦਾ ਇਹ ਮਹਾਨ ਰਾਗੀ ਇਕ ਰੌਸ਼ਨ ਮੀਨਾਰ ਬਣ ਗਿਆ। ਉਸ ਨੇ ਸਾਰੇ ਹਿੰਦੁਸਤਾਨ ਵਿਚ ਕੀਰਤਨ ਕੀਤਾ। ਬਾਣੀ ਦੀ ਅੰਤਰੀਵ ਰੂਹ ਨੂੰ ਪ੍ਰਗਟਾਇਆ ਤੇ ਇਸ ਦੇ ਤੱਤਾਂ ਤੇ ਇਸ ਦੀਆਂ ਬਖ਼ਸ਼ਿਸ਼ਾਂ ਦਾ ਸੰਚਾਰ ਕੀਤਾ ।

ਉਸ ਨੇ ਔਖੀਆਂ ਤਾਲਾਂ , ਗੁੰਝਲਦਾਰ ਬਹਿਰਾਂ ਤੇ ਬੰਦਿਸ਼ਾਂ ਵਰਤ ਕੇ ਸੰਗੀਤ ਨੂੰ ਉੱਚ ਕੋਟੀ ਦੀ ਕਲਾ ਹੀ ਨਹੀ ਬਣਾਇਆ ਸਗੋਂ ਕੀਰਤਨ ਵਿਚ ਇਸ ਨੂੰ ਰੂਹਾਨੀ ਸ਼ਕਤੀ ਦੇ ਤੌਰ ਤੇ ਵਰਤਿਆ । ਤਾਨ ਪਲਟਿਆਂ ਦੀ ਰੌਅ ਵਿਚ ਉਸ ਦੇ ਸੁਰ ਗੁਆਚ ਨਹੀ ਜਾਂਦੇ ਸਗੋਂ ਮੋਤੀਆਂ ਦੀ ਲੜੀ ਵਾਂਗ ਚਮਕਦੇ ਸਨ।

ਬਾਕੀ ਸਫ਼ਾ 27 'ਤੇ



Gary Singh
FOR UNION CITY
CITY COUNCIL

ENDORSEMENTS
Congressmen Eric Swalwell
Alameda County Accessor Fong La
City Councilmember Pat Gacoscos
City Councilmember Jaime Patino
Former City Council Member Jim Navarro
School Board Member Linda Canlas
School Board Member Lance Nishihira
School Board Member Sharan Kaur
School Board Member Jeff Wang
School Board Member Sarabjit Cheema

garypsingh@sbcglobal.net
(510) 861-4783
1275 Atlantic St., Union City, CA 94587

Gary Singh,
The Voice of Small Business

ACCOMPLISHMENTS
- Urged the city manager in 2018 to conduct an audit management study to ensure optimal efficiency in all departments of the city.
- Consistently voted for business growth to increase revenue and prevent unreasonable tax increases.
- Collaborated with the police department and city leaders to strategically tackle crime resulting in a 20% reduction.
- Shown necessary leadership by working with others to maintain standards of excellence in our city.
- As the President of Daily Bowl, I provided the less fortunate with essential needs.

PRIORITIES
- Promoting the economic development and employment retention.
- Maintaining growth and development.
- Bringing new jobs to the community.
- Invest in public safety services.
- Build more affordable work force housing.

RE - ELECT for City Council
Gary Singh
THE VOICE OF SMALL BUSINESS

*Gary Singh is a Union City small business owner and an advocate for other small businesses in our community.*

FOR MORE INFORMATIONS ABOUT GARY SINGH, PLEASE VISIT HIS WEBSITE:
Gary-SinghForCityCouncil.com



On November 3, Remember to VOTE for
Gary Singh for Union City, City Council!

PAID FOR BY GARY SINGH FOR CITY COUNCIL 2020. FPPC #1425084

# ਗੁਰੂ ਗਰੰਥ ਸਾਹਿਬ ਦੇ ਗੁੰਮ ਹੋਏ ਸਰੂਪਾਂ ਦੇ ਮਸਲੇ ਕਾਰਨ ਸ਼੍ਰੋਮਣੀ ਕਮੇਟੀ ਨੂੰ ਢਾਹ ਲਗੀ

## ਪ੍ਰਿਥੀਪਾਲ ਸਿੰਘ ਕਪੂਰ

ਸ਼੍ਰੋਮਣੀ ਕਮੇਟੀ ਦੀ ਪ੍ਰਬੰਧਕ ਪ੍ਰਣਾਲੀ ਵਿਚ ਗੰਭੀਰ ਊਣਤਾਈਆਂ ਦੇ ਸਾਹਮਣੇ ਆਉਣ ਨਾਲ ਖ਼ਾਲਸਾ ਪੰਥ ਵਿਚ ਸਮੂਹਿਕ ਤੌਰ ’ਤੇ ਨਿਰਾਸ਼ਾਜਨਕ ਸਥਿਤੀ ਬਣ ਗਈ ਹੈ। ਬੀਤੇ ਦਿਨੀਂ ਅਖਬਾਰਾਂ ਵਿਚ ਜੋ ਆਪ ਦਾ ਵੇਰਵੇ ਭਰਪੂਰ ਬਿਆਨ ਛਪਿਆ ਹੈ, ਉਸ ਨੇ ਤਾਂ ਇਸ ਨਿਰਾਸ਼ਾ ਨੂੰ ਫ਼ਿਕਰਮੰਦੀ ਵਿਚ ਤਬਦੀਲ ਕਰ ਦਿੱਤਾ ਹੈ। ਇਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸ਼੍ਰੋਮਣੀ ਕਮੇਟੀ ਦੀ ਪ੍ਰਬੰਧਕ ਪ੍ਰਣਾਲੀ ਵਿਚ ਕੋਈ ਨਿਰਧਾਰਤ ਨਿਯਮ ਨਹੀਂ ਹਨ ਅਤੇ ਨਾ ਹੀ ਅਧਿਕਾਰੀਆਂ/ਕਰਮਚਾਰੀਆਂ ਲਈ ਕੋਈ ਸਰਵਿਸ ਰੂਲ ਹਨ। ਸਗੋਂ ਸਾਰਾ ਪ੍ਰਬੰਧ ਅਹੁਦੇਦਾਰਾਂ ਦੇ ਖਬਤ ਜਾਂ ਵਕਤੀ ਤੌਰ ’ਤੇ ਮਨਾਂ ਵਿਚ ਸੁੱਝੀਆਂ ਤਰੰਗਾਂ ਦੇ ਆਧਾਰ ’ਤੇ ਹੀ ਚਲਾਇਆ ਜਾ ਰਿਹਾ ਹੈ। ਕਾਰਜਕਾਰੀ ਕਮੇਟੀ ਦੀ ਇਕੋ ਮੀਟਿੰਗ ਵਿਚ ਮੁੱਖ ਸਕੱਤਰ ਤੋਂ ਲੈ ਕੇ ਸੇਵਾਦਾਰ ਤੱਕ ਕਾਫੀ ਵੱਡੀ ਗਿਣਤੀ ਦੇ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਬਿਨਾਂ ਕਿਸੇ ਮੁਢਲੀ ਜਾਂਚ-ਪੜਤਾਲ ਦੇ ਫ਼ੌਜਦਾਰੀ ਮੁਕੱਦਮੇ ਦਰਜ ਕਰਵਾਉਣ ਦਾ ਫ਼ੈਸਲਾ ਲਿਆ ਗਿਆ ਹੈ। ਜਾਪਦਾ ਹੈ ਕਿ ਪਿੱਛੋਂ ਕਿਸੇ ‘ਸਿਆਣੇ’ ਵਿਅਕਤੀ ਨੇ ਕਿਹਾ ਹੋਵੇਗਾ ਕਿ ਇਸ ਰਸਤੇ ਪੈਣ ਨਾਲ ਸ਼੍ਰੋਮਣੀ ਕਮੇਟੀ ਵਿਰੁੱਧ ਪ੍ਰਬੰਧਕ ਗ਼ੈਰ-ਜ਼ਿੰਮੇਦਾਰੀ ਦੇ ਦੋਸ਼ ਤੇ ਸਰਕਾਰੀ ਦਖ਼ਲਅੰਦਾਜ਼ੀ ਦਾ ਰਾਹ ਖੁੱਲ ਜਾਵੇਗਾ ਤਾਂ ਪ੍ਰਧਾਨ ਸਾਹਿਬ ਨੇ ਫ਼ੈਸਲਾ ਲੈ ਲਿਆ ਕਿ ਸਾਰਾ ਮਾਮਲਾ ‘ਆਪਣੇ ਤੌਰ ’ਤੇ ਮਰਯਾਦਾ ਅਨੁਸਾਰ’ ਹੀ ਨਿਪਟਾ ਲਿਆ ਜਾਵੇਗਾ।

ਇਸ ਸਭ ਕੁਝ ਤੋਂ ਪ੍ਰਬੰਧਕ ਪ੍ਰਣਾਲੀ ਵਿਚ ਅਰਾਜਕਤਾ ਵਾਲੀ ਸਥਿਤੀ ਸਪੱਸ਼ਟ ਹੈ। ਆਡਿਟਰ ਕੋਹਲੀ ਨੂੰ ‘ਗ਼ੈਰ ਜ਼ਿੰਮੇਦਾਰੀ’ ਨਾਲ ਕਾਰਜ ਕਰਨ ਕਰਕੇ ਬਰਖ਼ਾਸਤ ਕੀਤਾ ਗਿਆ ਹੈ। ਦਿਲਚਸਪ ਗੱਲ ਇਹ ਵੀ ਸਾਹਮਣੇ ਆਈ ਹੈ ਕਿ ਕੋਹਲੀ ਨੂੰ ਕਰੋੜਾਂ ਰੁਪਏ ਦੀ ਅਗਾਊਂ ਅਦਾਇਗੀ ਕੀਤੀ ਜਾ ਚੁੱਕੀ ਹੈ ਅਤੇ ਉਨਾਂ ਪੈਸਿਆਂ ਦੀ ਵਾਪਸੀ ਦਾ ਮਾਮਲਾ ਵੀ ਹੈ। ਇਨਾਂ ਸਾਰੇ ਕੇਸਾਂ ਨੂੰ ਪਹਿਲੀ ਨਜ਼ਰੇ ਦੇਖਦਿਆਂ ਹੀ ਪਤਾ ਲੱਗ ਜਾਂਦਾ ਹੈ ਕਿ ਇਹ ਸਭੇ ‘ਅਖਾਉਤੀ ਦੋਸ਼ੀ’ ਹਾਈ ਕੋਰਟ ਵਿਚੋਂ ਪਹਿਲੀ ਪੇਸ਼ੀ ’ਤੇ ਹੀ ਬਹਾਲ ਹੋ ਜਾਣਗੇ, ਕਿਉਂਕਿ ਉਨਾਂ ਵਿਰੁੱਧ ਨਾ ਕੋਈ ਮੁਢਲੀ ਇਨਕੁਆਇਰੀ ਹੋਈ ਹੈ ਅਤੇ ਨਾ ਹੀ ਉਨਾਂ ਨੂੰ ‘ਕਾਰਨ ਦੱਸੋ’ ਨੋਟਿਸ ਦਿੱਤੇ ਗਏ ਹਨ। ਇਸ ਸਮੇਂ ਮੈਨੂੰ ਇਕੋ ਰਾਹ ਠੀਕ ਲਗਦਾ ਹੈ ਕਿ ਕਾਰਜਕਾਰੀ ਕਮੇਟੀ ਇਕ ਉੱਚ-ਪੱਧਰੀ ਇਨਕੁਆਇਰੀ ਕਮੇਟੀ ਬਣਾਏ ਜਿਸ ਨੂੰ ਨਿਰਪੱਖ ਪੜਤਾਲ ਕਰਨ ਦੀ ਖੁੱਲ ਦਿੱਤੀ ਜਾਵੇ। ਇਸ ਕਮੇਟੀ ਵਿਚ ਉਹੀ ਸੱਜਣ ਲਏ ਜਾਣ ਜਿਨਾਂ ਦੀ ਦਿਆਨਤਦਾਰੀ ਉੱਪਰ ਕੋਈ ਵੀ ਵਿਅਕਤੀ ਉਂਗਲੀ ਨਾ ਕਰ ਸਕੇ। ਹੁਣ ਇਹੀ ਤਰੀਕਾ ਸ਼੍ਰੋਮਣੀ ਕਮੇਟੀ ਦਾ ਪੰਥ ਵਿਚ ਮੁੜ ਭਰੋਸਾ/ਵਿਸ਼ਵਾਸ ਬਹਾਲ ਕਰਨ ਦਾ ਰਹਿ ਗਿਆ ਹੈ।

**ਪੰਥਕ ਮੁੱਦਾ**

ਮੈਨੂੰ ਲਗਦਾ ਹੈ ਕਿ ਇਹੋ ਜਿਹੀ ਕੋਈ ਵੀ ਕਾਰਵਾਈ ਕਰਨ ਵੱਲ ਨਾ ਅਹੁਦੇਦਾਰ ਅਤੇ ਨਾ ਹੀ ਰਾਜਨੀਤਕ ਨੇਤਾ ਰੁਚਿਤ ਹੋਣਗੇ। ਉਹ ਤਾਂ ਠੱਪ ਠਪੱਈਏ ਵਾਲੀ ਵਿਧੀ ਨਾਲ ਮਾਮਲਾ ਨਿਪਟਾਉਣ ਵੱਲ ਲੱਗ ਪਏ ਜਾਪਦੇ ਹਨ। ਇਸ ਗੱਲ ਦਾ ਸੰਕੇਤ ਸ਼੍ਰੋਮਣੀ ਕਮੇਟੀ ਦੇ ਕੁਝ ਮੈਂਬਰਾਨ ਨੇ ਇਕ ਟੈਲੀਵਿਜ਼ਨ ਪ੍ਰੋਗਰਾਮ ਵਿਚ ਸ਼ਿਰਕਤ ਕਰਦਿਆਂ ਦਿੱਤਾ ਵੀ ਹੈ। ਉਨਾਂ ਕਿਹਾ ਕਿ ‘ਕੋਈ ਸਰੂਪ ਗੁੰਮ ਨਹੀਂ ਹੋਏ’ । ਇਹ ਜ਼ਰੂਰ ਕਿਸੇ ਨੂੰ ਦਿੱਤੇ ਗਏ ਹੋਣਗੇ ਅਤੇ ਉਨਾਂ ਦੀ ਐਂਟਰੀ ਨਹੀਂ ਹੋਈ ਹੋਵੇਗੀ। ਇਸ ਤੋਂ ਇਹ ਜਾਣਕਾਰੀ ਮਿਲਦੀ ਹੈ ਕਿ ਸ਼੍ਰੋਮਣੀ ਕਮੇਟੀ ਦੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ‘ਭੇਟਾ ਰਹਿਤ’ ਸੰਗਤਾਂ ਨੂੰ ਦੇਣ ਦੇ ਫ਼ੈਸਲੇ ਪਿੱਛੋਂ ਗੁਰੂ ਸਾਹਿਬ ਦੇ ਸਰੂਪ ਕਿਤਾਬਾਂ ਵਾਂਗ ਹੀ ‘ਸਰਦੇ ਪੁਜਦਿਆਂ’ ਨੂੰ ਭੇਟਾ ਕੀਤੇ ਜਾਂਦੇ ਰਹੇ। ਇਹ ਪ੍ਰਥਾ ਵੀ ਤਾਂ ਨਿਰਾਦਰ ਦੇ ਤੁੱਲ ਹੀ ਹੈ। ਇਕ ਹੋਰ ਮੈਂਬਰ ਨੇ ਇਹ ਵੀ ਕਿਹਾ ਕਿ ਕਿਸੇ ਅਧਿਕਾਰੀ/ਕਰਮਚਾਰੀ ਨੇ ਕੋਈ ਜਾਣਬੁੱਝ ਕੇ ਭੁੱਲ ਨਹੀਂ ਕੀਤੀ। ਸਾਨੂੰ ਆਪੇ ਹੀ ਸਾਰਾ ਮਾਮਲਾ ‘ਅੰਦਰੂਨੀ’ ਤੌਰ ’ਤੇ ਨਿਪਟਾ ਲੈਣਾ ਚਾਹੀਦਾ ਹੈ। ਸ਼ਾਇਦ ਇਸ ਪ੍ਰਕਾਰ ਦੀ ਕੋਈ ਵੀ ਕਾਰਵਾਈ ਸੰਗਤ ਦੀ ਤਸੱਲੀ ਨਹੀਂ ਕਰਵਾ ਸਕੇਗੀ। ਸ਼੍ਰੋਮਣੀ ਕਮੇਟੀ ਨੂੰ ਅਜਿਹੇ ਕਾਰਗਰ ਕਦਮ ਚੁੱਕਣੇ ਪੈਣਗੇ ਜਿਨਾਂ ਨਾਲ ਗੁਰੂ ਪੰਥ ਸਮੂਹ ਵਿਚ ਸ਼੍ਰੋਮਣੀ ਕਮੇਟੀ ਦੀ ਭਰੋਸੇਯੋਗਤਾ ਅਤੇ ਇਸ ਦੇ ਅਧਿਕਾਰੀਆਂ/ਕਰਮਚਾਰੀਆਂ ਦੀ ਨਰੋਈ ਸਾਖ ਬਹਾਲ ਕੀਤੀ ਜਾ ਸਕੇ। ਅੱਗੇ ਲਈ ਸ਼੍ਰੋਮਣੀ ਕਮੇਟੀ ਵਿਚ ਅਮਲਾ ਭਰਤੀ ਕਰਨ ਲਈ ਪਰਪੱਕ ਨਿਯਮ/ਵਿਧੀ ਵਿਧਾਨ ਬਣਾਏ ਜਾਣ ਤਾਂ ਜੋ ਸਿਫ਼ਾਰਸ਼ੀ ਭਰਤੀ ’ਤੇ ਪੱਕੀ ਰੋਕ ਲੱਗ ਜਾਵੇ। ਭਰਤੀ ਲਈ ਚੁਣੇ ਉਮੀਦਵਾਰਾਂ ਨੂੰ ਜਾਇਨ ਕਰਾਉਣ ਤੋਂ ਪਹਿਲਾਂ ਇਕ ‘ਓਰੀਐਂਟੇਸ਼ਨ ਕੋਰਸ’ ਲਗਵਾਇਆ ਜਾਵੇ।

- ਸਾਬਕਾ (ਪ੍ਰੋ:) ਵਾਈਸ ਚਾਂਸਲਰ,
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

# ਜੰਗੀ ਮਾਹੌਲ 'ਚ ਬਾਲੀਏ ਅਮਨ ਦੇ ਦੀਵੇ

**- ਡਾ. ਸੁਰਿੰਦਰਪਾਲ ਸਿੰਘ ਮੰਡ**

ਇਹ ਸੱਚ ਹੈ ਕਿ ਹਜ਼ਾਰਾਂ ਕਿਲੋਮੀਟਰ ਲੰਬੇ ਚੀਨ ਬਾਰਡਰ 'ਤੇ ਵਾਦ-ਵਿਵਾਦ ਸੁਭਾਵਿਕ ਹੈ ਤੇ ਝਗੜੇ ਤੋਂ ਬਚਣ ਲਈ ਪਹਿਰੇਦਾਰੀ ਦਾ ਸਥਾਈ ਤੰਤਰ ਅਤੇ ਨਿਸ਼ਾਨਦੇਹੀ ਜ਼ਰੂਰੀ ਹੈ। ਸਾਡੀ ਅੱਧੀ ਆਬਾਦੀ ਤਾਂ ਆਜ਼ਾਦੀ ਦੇ ਸੱਤਰ ਸਾਲਾਂ ਬਾਅਦ ਅਜੇ ਵੀ ਭੁੱਖੀ-ਨੰਗੀ, ਅਨਪੜ੍ਹ ਤੁਰੀ ਫਿਰਦੀ ਐ ਪਰ ਥੋੜ੍ਹੇ ਸਾਲ ਪਹਿਲਾਂ ਜਦ ਯੂਰਪ, ਅਮਰੀਕਾ ਦੇ ਬੈਂਕ ਫੇਲ ਹੋਏ, ਉੱਥੇ ਬੇਰੁਜ਼ਗਾਰੀ ਵਧੀ ਤਾਂ ਭਾਰਤ, ਚੀਨ ਦੋਵਾਂ ਬਾਰੇ ਜ਼ੋਰ-ਸ਼ੋਰ ਨਾਲ ਚਰਚਾ (ਖ਼ਾਸ ਕਰ ਕੇ ਸਾਡੇ ਮੁਲਕ ਵਿਚ) ਹੋਈ ਕਿ ਹੁਣ ਇਨਾਂ ਦੋਵਾਂ ਮੁਲਕਾਂ ਦੀ ਚੜ੍ਹਾਈ ਦਾ ਵਕਤ ਆ ਗਿਆ ਹੈ। ਸੋਚੋ ਕਿ ਜਿਨਾਂ ਨੂੰ ਰੌਂਦ ਕੇ ਆਪਣੀ ਚੜ੍ਹਤ ਦੇ ਸੁਪਨੇ ਵੇਖੇ ਗਏ, ਉਹ ਕਿਤੇ ਕੱਚੀਆਂ ਗੋਲ਼ੀਆਂ ਖੇਡੇ ਨੇ? ਮੇਰਾ ਖ਼ਿਆਲ ਹੈ ਕਿ ਉਨਾਂ ਦੀ ਗਿਣੀ-ਮਿੱਥੀ ਰਣਨੀਤੀ ਹੈ ਕਿ ਭਾਰਤ-ਚੀਨ ਦੇ ਧੁਖਦੇ ਮੱਤਭੇਦਾਂ ਨੂੰ ਫੂਕਾਂ ਮਾਰ ਮਘਾ ਕੇ ਇਨਾਂ ਦੇ ਸਿੰਗ ਫਸਾਉਣੇ। ਉਨਾਂ ਕੋਲ ਐਸਾ ਕਰਨ-ਕਰਾਉਣ ਦੇ ਕਈ ਸੋਮੇ/ਸਾਧਨ ਹਨ। ਪੱਤਰਕਾਰ ਹਨ, ਸਾਰਾ ਦਿਨ ਰੌਲਾ-ਰੱਪਾ ਪਾ ਕੇ ਲੋਕ ਰਾਇ ਬਣਾਉਣ ਲਈ। ਜਾਸੂਸ ਹਨ ਜੋ ਕਿਸੇ ਮੁਲਕ ਦੇ ਪ੍ਰਸ਼ਾਸਨ/ਫ਼ੌਜ 'ਚੋਂ ਬੰਦੇ ਗੰਢਣ-ਵਰਤਣ ਦੀ ਕਲਾ ਦੇ ਮਾਹਿਰ ਹਨ। ਇਨਾਂ ਨੇ ਤਾਂ ਇਰਾਕ ▾▾✂ ਸੱਦਾਮ ਹੁਸੈਨ ਨੂੰ ਹਰਾਉਣ ਲਈ ਉਸ ਦਾ ਬਗਦਾਦ ਦੀ ਰਾਖੀ ਲਈ ਨਿਯੁਕਤ ਫ਼ੌਜੀ ਜਰਨੈਲ ਹੀ ਖ਼ਰੀਦ ਲਿਆ ਸੀ। ਭਾਰਤ ਵੀ ਸੁਚੇਤ ਰਵੇ। ਕੋਈ ਅੰਤਰਰਾਸ਼ਟਰੀ ਅੱਤਵਾਦੀ ਸੰਗਠਨ ਫ਼ਿਲਹਾਲ ਭਾਰਤ ਵਿਰੁੱਧ ਪੱਬਾਂ ਭਾਰ ਨਹੀਂ ਕਿਉਂਕਿ ਭਾਰਤ ਕੌਮਾਂਤਰੀ ਅੱਤਵਾਦ ਦੇ ਫੈਲਣ ਲਈ ਜ਼ਿੰਮੇਵਾਰ ਨਹੀਂ ਹੈ। ਜਿਹੜੇ ਮੁਲਕ ਇਸ ਲਈ ਜ਼ਿੰਮੇਵਾਰ ਹਨ, ਉਹ ਖ਼ੁਦ ਇਸ ਦੇ ਹੱਲ ਕੱਢਣ। ਹੈਰਾਨੀਜਨਕ ਮੋੜ ਕੱਟਦਿਆਂ ਅਮਰੀਕਾ ਨੇ ਤਾਲਿਬਾਨ ਨਾਲ ਸਮਝੌਤਾ ਕਰ ਲਿਆ ਹੈ। ਅਸਲ 'ਚ ਉਹ ਸਿਰਫ਼ ਆਪਣਾ ਹਿੱਤ ਵੇਖਦੇ। ਨਾ ਕਿਸੇ ਦੇ ਮਿੱਤ ਨੇ ਅਤੇ ਨਾ ਹੀ ਪੱਕੇ ਦੁਸ਼ਮਣ। ਪਹਿਲਾਂ ਇਹੀ ਅਲਕਾਇਦਾ/ਤਾਲਿਬਾਨ ਆਪ ਪੈਦਾ ਕੀਤੇ, ਹਥਿਆਰਬੰਦ ਕੀਤੇ, ਰੂਸ ਖ਼ਿਲਾਫ਼ ਵਰਤੇ। ਫਿਰ ਟਵਿਨ ਟਾਵਰਾਂ ਉੱਤੇ ਹਮਲੇ ਤੋਂ ਬਾਅਦ ਉਨਾਂ ਨੂੰ ਮਾਰਨ-ਖ਼ਤਮ ਕਰਨ ਲਈ ਜ਼ੋਰ ਲਾਇਆ ਤੇ ਓਸਾਮਾ ਬਿਨ ਲਾਦੇਨ ਨੂੰ ਮਾਰ ਕੇ ਖਿਸਕਣ ਲਈ ਦੇਰ ਨਾ ਲਾਈ ਅਤੇ ਪਾਕਿਸਤਾਨ ਵੇਂਹਦਾ ਫਿਰਦਾ ਕਿ ਤਾਲਿਬਾਨੀ ਬਿੱਜਾਂ ਸਾਡੇ ਗਲ ਪਾ ਚੱਲੇ। ਕਿੱਥੇ ਗਿਆ ਯਾਰ ਅਮਰੀਕਾ?

ਕਸ਼ਮੀਰ ਨਾਲ ਜੁੜਿਆ ਅਤੇ ਮੁਲਕ ਵਿਚਲਾ ਹੋਰ ਘਟਨਾਕ੍ਰਮ ਸਾਡਾ ਘਰੇਲੂ ਮਸਲਾ ਹੈ। ਲੋੜ ਹੈ ਕਿ ਭਾਰਤ ਸਰਕਾਰ ਆਪਣਾ ਘਰ ਸਾਂਭੇ। ਆਪਣੀ ਸਮੱਸਿਆ ਨੂੰ ਖ਼ੁਦ ਸੰਵੇਦਨਸ਼ੀਲ ਹੋ ਕੇ ਵੇਖੇ, ਸਮਝੇ ਤੇ ਆਪਣਿਆਂ ਵਾਂਗ ਨਜਿੱਠੇ। ਭਾਰਤ ਕਿਸੇ ਦਾ ਲਾਕੜੀ ਨਾ ਬਣੇ। ਆਪਣਾ ਪਾਕਿਸਤਾਨ ਵਾਲਾ ਹਾਲ ਕਰਵਾਉਣ ਤੋਂ ਬਚੇ। ਮਗਰੋਂ ਉਨਾਂ ਵਾਂਢੂੰ ਕਿਸੇ ਨੀ ਪੁੱਛਣਾ। ਉਹ ਤਾਂ ਦੂਜੀ ਸੰਸਾਰ ਜੰਗ 'ਚ ਇਕ-ਦੂਜੇ ਦੇ ਲੱਖਾਂ ਫ਼ੌਜੀ ਮਾਰ ਕੇ, ਦੋ ਸ਼ਹਿਰ ਹੀਰੋਸ਼ੀਮਾ ਅਤੇ ਨਾਗਾਸਾਕੀ ਐਟਮ ਬੰਬਾਂ ਨਾਲ ਸਵਾਹ ਕਰ ਕੇ ਅੱਜ ਫਿਰ ਜਾਪਾਨ ਨਾਲ ਜੱਫੀਆਂ ਪਾ ਰਹੇ ਹਨ। ਰਾਸ਼ਟਰਵਾਦ ਦੇ ਨਾਮ 'ਤੇ ਸ਼ਹੀਦ ਹੋਏ ਫ਼ੌਜੀਆਂ ਦੀਆਂ ਰੂਹਾਂ ਕੀ ਸੋਚਦੀਆਂ ਹੋਣਗੀਆਂ? ਏਸ਼ੀਆ ਦੇ ਲੋਕਾਂ ਨੂੰ ਇਹ ਵੀ ਸਮਝਣਾ ਹੋਵੇਗਾ ਕਿ ਕਿਵੇਂ ਆਪਸ 'ਚ ਦੋ ਸੰਸਾਰ ਜੰਗਾਂ ਲੜ ਕੇ, ਅੱਠ ਕਰੋੜ ਲੋਕ ਮਾਰ-ਮਰਵਾ ਕੇ ਯੂਰਪੀ ਦੇਸ਼ ਯੂਰਪੀ ਯੂਨੀਅਨ ਬਣੇ ਬੈਠੇ ਹਨ ਅਤੇ ਅਸੀਂ ਕੀ ਕਰੀ ਜਾ ਰਹੇ ਹਾਂ? ਹੁਣ ਉਹ ਵੱਡੇ ਹਥਿਆਰ ਵਪਾਰੀ ਹਨ।

ਹਥਿਆਰ ਚੱਲਣਗੇ ਤਾਂ ਹੀ ਵਿਕਣਗੇ। ਇਸ ਲਈ ਅਖਾੜਾ ਹੁਣ ਏਸ਼ੀਆ ਹੈ, ਹਥਿਆਰਾਂ ਦੀ ਮੰਡੀ ਵੀ ਅਤੇ ਪ੍ਰਯੋਗਸ਼ਾਲਾ ਵੀ। ਵੱਡੀ ਤਬਾਹਕੁਨ ਛੇੜ ਕਿਤਿਉਂ ਵੀ ਛਿੜ ਸਕਦੀ ਹੈ।

ਏਸ਼ੀਆ ਮਿਲ-ਬੈਠ ਕੇ ਸੰਭਲ ਜਾਊ ਤਾਂ ਚੰਗਾ ਰਹੂ, ਬਚਜੂ, ਵਰਨਾ...। ਸਾਊਥ ਚੀਨ ਸਮੁੰਦਰ/ਤਾਇਵਾਨ/ਹਾਂਗਕਾਂਗ ਦੇ ਮੁੱਦੇ 'ਤੇ ਚੀਨ ਨਾਲ, ਪਾਬੰਦੀਆਂ ਦੇ ਸਵਾਲ 'ਤੇ ਉੱਤਰੀ ਕੋਰੀਆ ਅਤੇ ਈਰਾਨ ਅਮਰੀਕਾ ਨਾਲ ਜੰਗ ਦੇ ਮੁਹਾਣੇ 'ਤੇ ਖਲੋਤੇ ਨਜ਼ਰ ਆਉਂਦੇ ਹਨ। ਮਗਰਲੇ ਦੋ ਤਾਂ ਸਖ਼ਤ ਪਾਬੰਦੀਆਂ ਦੀ ਮਾਰ ਹੇਠ ਹਨ।

ਰੂਸ ਨਾਲ ਅਮਰੀਕਾ ਦੀਆਂ ਕਦੀ ਨਾ ਮੁੱਕਣ ਵਾਲੀਆਂ ਵਿਰੋਧਤਾਈਆਂ ਹਨ। ਇਜ਼ਰਾਈਲ ਨੂੰ ਹਰ ਬੰਨੇ ਅਮਰੀਕਾ ਦੇ ਪੱਕੇ ਜੋਟੀਦਾਰ ਵਜੋਂ ਕੁੱਦਣਾ ਪੈਣਾ ਹੈ ਪਰ ਅਮਰੀਕਾ ਦਾ ਪੱਕਾ ਜੰਗੀ ਜੋਟੀਦਾਰ ਬਣਨਾ ਸਾਡੇ ਮੁਲਕ ਦੇ ਹਿੱਤ 'ਚ ਨਹੀਂ। ਕਿਉਂਕਿ ਚੀਨ, ਪਾਕਿਸਤਾਨ ਤੋਂ ਇਲਾਵਾ ਭਾਰਤ ਦਾ ਤਾਂ ਕਿਸੇ ਏਸ਼ੀਅਨ ਜਾਂ ਹੋਰ ਕਿਸੇ ਵੀ ਮੁਲਕ ਨਾਲ ਕੋਈ ਝਗੜਾ ਈ ਨੀ। ਪਾਕਿਸਤਾਨ ਭਾਰਤ ਨੂੰ ਹਰਾਉਣ ਜੋਗਾ ਨਹੀਂ ਅਤੇ ਚੀਨ ਨਾਲ ਗੱਲਬਾਤ ਰਾਹੀਂ ਸਰਹੱਦੀ ਮਸਲੇ ਸੁਲਝਣਾ ਸੰਭਵ ਜਾਪਦਾ ਹੈ। ਸੋ ਲੋੜ ਹੈ ਆਪਣੇ ਲੋਕਾਂ ਦੇ ਵਿਕਾਸ ਵੱਲ ਧਿਆਨ ਦੇਣ ਦੀ। ਟਰੰਪ ਦੀ ਆਪਣੀ ਚੋਣ ਵੀ ਹੈ। ਉਹ ਸਰਵੇਖਣਾਂ ਵਿਚ ਹਾਰ ਰਿਹਾ ਹੈ ਅਤੇ ਕਿਸੇ ਸਰਜੀਕਲ ਸਟ੍ਰਾਈਕ ਵਰਗੇ ਚਮਤਕਾਰ ਦੇ ਚੱਕਰ 'ਚ ਵੀ ਜਾਪਦਾ ਹੈ।

ਓਧਰ ਚੀਨ ਦੇ ਐਨ ਗੁਆਂਢ ਰਿਪਬਲਿਕ ਆਫ ਚਾਈਨਾ ਕਹਾਉਂਦੇ ਤਾਇਵਾਨ ਦੀ ਚੋਣਾਂ 'ਚ ਜਿੱਤੀ ਨਵੀਂ ਰਾਸ਼ਟਰਪਤੀ ਨੇ ਮੁਲਕ ਨੂੰ ਹਰ ਤਰਾਂ ਚੀਨ ਤੋਂ ਅਲੱਗ ਆਜ਼ਾਦ ਦੇਸ਼ ਐਲਾਨ ਦਿੱਤਾ ਹੈ ਅਤੇ ਅਮਰੀਕਾ ਨੇ ਤੁਰੰਤ ਕੂਟਨੀਤਕ ਮਾਨਤਾ ਦੇ ਕੇ ਉਸ ਨਾਲ ਹਥਿਆਰ ਵੇਚਣ ਦਾ ਸਮਝੌਤਾ ਕਰ ਲਿਆ ਹੈ। ਇੰਜ ਦੱਖਣੀ ਚੀਨ ਸਮੁੰਦਰ 'ਚ ਕੁੱਲ ਮਿਲਾ ਕੇ ਟਕਰਾਅ ਅਟੱਲ ਜਾਪਦਾ ਹੈ।

ਇਨਾਂ ਹਾਲਤਾਂ 'ਚ ਭਾਰਤ ਲਈ ਆਪਣਾ ਹਿੱਤ ਵੇਖ ਕੇ ਸੰਭਲ ਕੇ ਚੱਲਣ ਦਾ ਵਕਤ ਹੈ ਪਰ ਇਨੀਂ ਦਿਨੀਂ ਹੀ ਅਮਰੀਕਾ-ਭਾਰਤ-ਜਪਾਨ-ਆਸਟ੍ਰੇਲੀਆ ਦਾ ਸਾਂਝਾ ਚੀਨ ਵਿਰੋਧੀ ਰਣਨੀਤਕ ਮੁਹਾਜ਼ ਖੜ੍ਹਾ ਕਰਨ ਦੀਆਂ ਕੋਸ਼ਿਸ਼ਾਂ ਵੀ ਜ਼ੋਰਾਂ 'ਤੇ ਹਨ। ਜਦਕਿ ਚੀਨ ਦੇ ਐਨ ਗੁਆਂਢ ਅਮਰੀਕਾ ਦਾ ਪੁਰਾਣਾ ਜੋਟੀਦਾਰ ਦੱਖਣੀ ਕੋਰੀਆ ਆਪਣਾ ਹਿੱਤ ਵੇਖ ਕੇ ਅਮਨ ਦਾ ਝੰਡਾ ਚੁੱਕੀ ਖੜ੍ਹਾ ਹੈ ਚੁੱਪ। ਪਾਕਿਸਤਾਨ ਬੇਲਪੁਣੇ ਦੀ ਅੱਗ ਵਿਚ ਝੁਲਸ ਕੇ ਸਵਾਦ ਵੇਖ ਚੁੱਕਾ ਹੈ ਤੇ ਚੁੱਪ ਹੈ। ਇਜ਼ਰਾਈਲ ਦੇ ਲੋਕਾਂ ਨੇ ਵੀ ਟਕਰਾਅ ਦੇ ਸ਼ੌਕੀਨ ਨੇਤਨਯਾਹੂ ਨੂੰ ਸਾਲ 'ਚ ਤਿੰਨ ਵਾਰ ਹੋਈਆਂ ਚੋਣਾਂ 'ਚ ਜਿੱਤਣ ਨਹੀਂ ਦਿੱਤਾ ਹੈ। ਸਾਡੇ ਖ਼ਬਰਾਂ ਦੇ ਚੈਨਲਾਂ ਉੱਤੇ ਚੀਨ ਨਾਲ ਜੰਗ ਦੇ ਚਾਅ ਵਰਗੀਆਂ ਗੱਲਾਂ ਬੇਸਮਝੀ ਹੈ? ਮੇਰੇ ਪਿਤਾ ਤੇ ਸਕੇ ਤਾਏ ਨੇ ਚੀਨ ਨਾਲ ਜੰਗ ਲੜੀ ਸੀ। ਅਜੇ ਤਾਂ ਸਰਕਾਰ ਨੂੰ ਕੋਰੋਨਾ ਨਾਲ ਨਜਿੱਠਣਾ ਵੀ ਇਕ ਚੁਣੌਤੀ ਵਾਂਗ ਦਿਸ ਰਿਹਾ ਹੈ। ਆਰਥਿਕ ਸਥਿਤੀ ਵੀ ਬਹੁਤ ਚਿੰਤਾਜਨਕ ਅਤੇ ਡਾਵਾਂਡੋਲ ਹੈ। ਤਾਜ਼ਾ ਖ਼ਬਰ ਹੈ ਕਿ ਵਿਕਾਸ ਦਰ ਜ਼ੀਰੋ ਪ੍ਰਤੀਸ਼ਤ ਤੋਂ ਵੀ ਥੱਲੇ ਚਲੀ ਗਈ ਹੈ। ਹਮਲਾਵਰਾਂ ਨਾਲ ਢਾਣੀ ਬਣ ਕੇ ਬੜ੍ਹਕਾਂ ਮਾਰਨ ਵਾਲਾ ਟਾਈਮ ਨਹੀਂ ਇਹ।

ਕਿਉਂਕਿ ਅਨੇਕਾਂ ਸਰਕਾਰੀ ਅਦਾਰੇ (ਏਅਰ ਇੰਡੀਆ, ਐੱਲਆਈਸੀ, ਬੀਐੱਸਐੱਨਐੱਲ, ਰੇਲਵੇ, ਏਅਰ ਪੋਰਟ, ਬੈਂਕਾਂ, ਭਾਰਤ ਪੈਟਰੋਲੀਅਮ ਅਤੇ ਕਈ ਹੋਰ) ਤਾਂ ਪ੍ਰਾਈਵੇਟਾਂ ਨੂੰ ਵੇਚੇ ਜਾ ਰਹੇ ਨੇ। ਵੇਚ ਕੇ ਸਰਕਾਰ ਦਾ ਰੁਟੀਨ ਖ਼ਰਚਾ ਚਲਾਉਣ ਦਾ ਜੁਗਾੜ ਕੀਤਾ ਜਾ ਰਿਹਾ ਹੈ। ਸਰਕਾਰ ਦਾ 'ਨਾ ਮੁੜਨ ਵਾਲਾ (ਮਰ ਚੁੱਕਾ)' ਕਰਜ਼ਾ (ਐੱਨਪੀਏ) ਦਸ ਲੱਖ ਕਰੋੜ ਤਕ ਪੁੱਜ ਚੁੱਕਾ ਹੈ ਅਤੇ ਸਾਲ ਦੇ ਅੰਤ ਤਕ ਪੰਦਰਾਂ ਲੱਖ ਕਰੋੜ ਤਕ ਪੁੱਜਣ ਦੀ ਸੰਭਾਵਨਾ ਹੈ। ਦੇਸ਼ ਵਾਸੀਆਂ ਨੂੰ ਇਹ ਵੀ ਜ਼ਰੂਰ ਪਤਾ ਹੋਣਾ ਚਾਹੀਦਾ ਹੈ ਕਿ ਦਸ ਲੱਖ ਰੁਪਏ 'ਚ ਨਵੀਂ ਡਿਸਪੈਂਸਰੀ ਅਤੇ ਪੰਜਾਹ ਲੱਖ 'ਚ ਨਵੀਂ ਸਕੂਲ ਇਮਾਰਤ ਬਣ ਸਕਦੀ ਹੈ ਤੇ ਇੰਜ ਇਕੱਲੇ ਛੱਤੀ ਰਾਫੇਲ ਜਹਾਜ਼ਾਂ ਦੇ ਪੈਸਿਆਂ ਨਾਲ ਹਿੰਦੁਸਤਾਨ 'ਚ ਇਕ ਲੱਖ ਅਠਾਰਾਂ ਹਜ਼ਾਰ ਨਵੀਆਂ ਸਕੂਲ ਇਮਾਰਤਾਂ ਤੇ ਜਾਂ ਫਿਰ ਪੰਜ ਲੱਖ ਨੱਬੇ ਹਜ਼ਾਰ ਨਵੀਆਂ ਡਿਸਪੈਂਸਰੀਆਂ ਬਣਾਈਆਂ ਜਾ ਸਕਦੀਆਂ ਹਨ। ਵਕਤ ਦੀ ਲੋੜ ਹੈ ਕਿ ਸਾਡੀ ਸਰਕਾਰ ਆਪਣੀਆਂ ਸਰਹੱਦਾਂ ਅਤੇ ਅੰਦਰੂਨੀ ਹਾਲਾਤ ਦੀ ਸਖ਼ਤ ਨਿਗਰਾਨੀ ਅਤੇ ਪਹਿਰੇਦਾਰੀ ਨੂੰ ਯਕੀਨੀ ਬਣਾਉਂਦਿਆਂ ਆਪਣੀਆਂ ਅਸਲ ਸਮੱਸਿਆਵਾਂ (ਗ਼ਰੀਬੀ, ਬੇਰੁਜ਼ਗਾਰੀ, ਕਿਸਾਨੀ, ਵਿੱਦਿਆ, ਸਿਹਤ ਸੇਵਾਵਾਂ, ਵਿਕਾਸ, ਵਪਾਰ, ਭ੍ਰਿਸ਼ਟਾਚਾਰ, ਭਾਈਚਾਰਾ, ਮਹਿੰਗਾਈ, ਵਾਤਾਵਰਨ, ਧਰਤੀ ਹੇਠਲਾ ਪਾਣੀ, ਪ੍ਰਦੂਸ਼ਣ ਅਤੇ ਅਮਨ-ਚੈਨ) ਬਾਰੇ ਡੂੰਘੀ ਚਿੰਤਾ ਕਰੇ ਅਤੇ ਕੋਈ ਚੱਜ ਦਾ ਨਤੀਜਾ ਕੱਢ ਕੇ ਵਿਖਾਵੇ। ਭਾਰਤ ਵਰਗੇ ਮੁਲਕ ਲਈ ਇਸ ਵੇਲੇ ਅਮਨ ਅਤੇ ਵਿਕਾਸ 'ਤੇ ਸਾਰਾ ਧਿਆਨ ਕੇਂਦਰਿਤ ਕਰਨ ਤੋਂ ਵਧੀਆ ਹੋਰ ਕੋਈ ਬਦਲ ਨਹੀਂ ਹੈ।

# ਸਾਹਿਤਕ ਮੈਗਜ਼ੀਨ ਸਿਰਜਣਾ ਦੀ ਡਿਜੀਟਲ ਆਰਕਾਈਵ ਦੀ ਆਨਲਾਈਨ ਸ਼ੁਰੂਆਤ

**ਸੁਖਵੰਤ ਹੁੰਦਲ**

ਅੱਧੀ ਸਦੀ ਤੋਂ ਵੱਧ ਸਮੇਂ ਤੋਂ ਡਾ: ਰਘਬੀਰ ਸਿੰਘ ਦੀ ਸੰਪਾਦਕੀ ਹੇਠ ਲਗਾਤਾਰ ਛਪਣ ਵਾਲੇ ਪੰਜਾਬੀ ਦੇ ਤਿਮਾਹੀ ਮੈਗਜ਼ੀਨ ਸਿਰਜਣਾ ਦੀ ਡਿਜੀਟਲ ਆਰਕਾਈਵ 7 ਸਤੰਬਰ 2020 ਤੋਂ ਆਨਲਾਈਨ ਸ਼ੁਰੂ ਹੋ ਗਈ ਹੈ। ਸਿਰਜਣਾ ਦਾ ਪਹਿਲਾ ਅੰਕ ਅਗਸਤ 1965 ਵਿੱਚ ਛਪਿਆ ਸੀ ਅਤੇ ਉਦੋਂ ਤੋਂ ਲੈ ਕੇ ਹੁਣ ਤੱਕ ਇਸ ਦੇ 196 ਅੰਕ ਨਿਕਲ ਚੁੱਕੇ ਹਨ।

ਸਿਰਜਣਾ ਨੂੰ ਛਾਪਣ ਪਿੱਛੇ ਕੰਮ ਕਰਦੇ ਮਕਸਦ ਬਾਰੇ ਡਾ: ਰਘਬੀਰ ਸਿੰਘ ਲਿਖਦੇ ਹਨ ਕਿ ਸਿਰਜਣਾ ਸਾਹਵੇਂ ਇਹ ਗੱਲ ਹਮੇਸ਼ਾਂ ਸਪਸ਼ਟ ਰਹੀ ਹੈ ਕਿ "ਸਾਹਿਤ-ਰਚਨਾ ਨੂੰ ਸੁਹਜ ਤੇ ਕਲਾ ਦੀਆਂ ਲੋੜਾਂ ਪੂਰੀਆਂ ਕਰਨ ਦੇ ਨਾਲ ਨਾਲ ਜੀਵਨ ਦੀ ਡੂੰਘੀ ਤੇ ਅਰਥਪੂਰਨ ਸਮਝ ਪ੍ਰਦਾਨ ਕਰਨ ਦਾ ਵਾਹਨ ਬਣਨਾ ਚਾਹੀਦਾ ਹੈ।" ਇਸ ਕਰਕੇ ਹੀ ਆਪਣੀ ਅੱਧੀ ਸਦੀ ਤੋਂ ਵੱਧ ਲੰਮੇ ਸਫਰ ਦੌਰਾਨ ਸਿਰਜਣਾ ਪ੍ਰਗਤੀਵਾਦੀ ਅਤੇ ਮਾਨਵਵਾਦੀ ਪੰਜਾਬੀ ਸਾਹਿਤ ਦੇ ਅਦਾਨ ਪ੍ਰਦਾਨ ਲਈ ਇਕ ਕੀਮਤੀ ਅਤੇ ਬਹੁਤ ਹੀ ਜ਼ਰੂਰੀ ਮੰਚ ਪ੍ਰਦਾਨ ਕਰਦਾ ਆਇਆ ਹੈ।

ਇਸ ਆਰਕਾਈਵ ਵਿੱਚ ਸਿਰਜਣਾ ਦੇ ਸੰਨ 2017 ਤੱਕ ਛਪੇ ਅੰਕ (ਪਹਿਲੇ ਸਾਲਾਂ ਦੇ ਕੁੱਝ ਅੰਕਾਂ ਨੂੰ ਛੱਡ ਕੇ) ਅਤੇ ਉਨਾਂ ਅੰਕਾਂ ਵਿੱਚ ਛਪੀਆਂ ਲਿਖਤਾਂ ਦੀ ਸੂਚੀ ਦਿੱਤੀ ਗਈ ਹੈ। ਇਸ ਦੇ ਨਤੀਜੇ ਵੱਜੋਂ ਹੁਣ ਸਿਰਜਣਾ ਦੇ ਇਹ ਅੰਕ ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਵਸਦੇ ਪੰਜਾਬੀ ਪਾਠਕ ਨੂੰ 'ਮਾਊਸ' ਦੇ ਇਕ ਕਲਿੱਕ ਨਾਲ ਪ੍ਰਾਪਤ ਹੋ ਸਕੇਣਗੇ। ਸਿਰਜਣਾ ਦੇ ਹਰ ਅੰਕ ਵਿੱਚ ਛਪੀਆਂ ਲਿਖਤਾਂ ਦੀ ਸੂਚੀ ਇਸ ਆਰਕਾਈਵ ਦੀ ਵਰਤੋਂ ਕਰਨ ਵਾਲੇ ਲੋਕਾਂ ਲਈ ਇੱਛਤ ਸਮੱਗਰੀ ਨੂੰ ਲੱਭਣਾ ਸੌਖਾ ਬਣਾਵੇਗੀ।

ਇਹ ਆਰਕਾਈਵ ਕੈਨੇਡਾ ਵਸਦੇ ਪੰਜਾਬੀ ਲੇਖਕ ਸੁਖਵੰਤ ਹੁੰਦਲ ਨੇ ਤਿਆਰ ਕੀਤੀ ਹੈ। ਉਨਾਂ ਨੇ ਕਿਹਾ ਕਿ "ਪਿਛਲੇ 55 ਸਾਲਾਂ ਦੌਰਾਨ ਸਿਰਜਣਾ ਵਿੱਚ ਛਪੀਆਂ ਕਈ ਰਚਨਾਵਾਂ ਕਿਤਾਬੀ ਰੂਪ ਵਿੱਚ ਨਾ ਛਪਣ ਕਾਰਨ ਇਕ ਤਰਾਂ ਨਾਲ ਪੰਜਾਬੀ ਸਾਹਿਤਕ ਦ੍ਰਿਸ਼ ਤੋਂ ਅਲੋਪ ਹੋ ਗਈਆਂ ਸਨ। ਹੁਣ ਇਸ ਡਿਜੀਟਲ ਆਰਕਾਈਵ ਦੇ ਆਨਲਾਈਨ ਹੋਣ ਨਾਲ ਉਹ ਸਾਰੀਆਂ ਲਿਖਤਾਂ ਇਕ ਵਾਰ ਫਿਰ ਪੰਜਾਬੀ ਸਾਹਿਤਕ ਦ੍ਰਿਸ਼ ਦਾ ਹਿੱਸਾ ਬਣ ਜਾਣਗੀਆਂ।" ਉਨਾਂ ਅੱਗੇ ਕਿਹਾ "ਮੈਂ ਡਾ: ਰਘਬੀਰ ਸਿਘ ਹੋਰਾਂ ਦਾ ਬਹੁਤ ਧੰਨਵਾਦੀ ਹਾਂ ਜਿਨਾਂ ਨੇ ਮੈਨੂੰ ਇਹ ਡਿਜੀਟਲ ਆਰਕਾਈਵ ਬਣਾਉਣ ਦੀ ਇਜਾਜ਼ਤ ਦਿੱਤੀ ਅਤੇ ਮੈਨੂੰ ਆਸ ਹੈ ਕਿ ਪੰਜਾਬੀ ਸਾਹਿਤ ਦੇ ਵਿਦਿਆਰਥੀਆਂ ਅਤੇ ਖੋਜਾਰਥੀਆਂ ਨੂੰ ਇਹ ਆਰਕਾਈਵ ਪਸੰਦ ਆਵੇਗੀ।"

ਇਸ ਆਰਕਾਈਵ ਨੂੰ ਪੰਜਾਬੀ ਸਾਹਿਤਕ ਜਗਤ ਵੱਲੋਂ ਪ੍ਰਸ਼ੰਸਾਮਈ ਹੁੰਗਾਰਾ ਮਿਲਿਆ ਹੈ। ਇਸ ਬਾਰੇ ਸੋਸ਼ਲ ਮੀਡੀਏ 'ਤੇ ਪਾਈ ਇਕ ਸੂਚਨਾ ਦੇ ਜੁਆਬ ਵਿੱਚ ਬਹੁਤ ਸਾਰੇ ਪੰਜਾਬੀ ਲੇਖਕਾਂ, ਪਾਠਕਾਂ ਅਤੇ ਸਾਹਿਤ ਪ੍ਰੇਮੀਆਂ ਨੇ ਇਸ ਆਰਕਾਈਵ ਦੇ ਬਣਨ ਨੂੰ ਇਕ ਵਧੀਆ ਉਦਮ ਕਹਿੰਦਿਆਂ ਸਿਰਜਣਾ ਦੇ ਸੰਪਾਦਕ ਡਾ: ਰਘਬੀਰ ਸਿੰਘ ਦੇ ਸਿਰੜ ਅਤੇ ਘਾਲਣਾ ਨੂੰ ਪ੍ਰਣਾਮ ਕੀਤਾ ਹੈ।

ਇਹ ਆਰਕਾਈਵ ਹੇਠਾਂ ਦਿੱਤੇ ਲਿੰਕ 'ਤੇ ਦੇਖੀ ਜਾ ਸਕਦੀ ਹੈ:

**www.sirjanaarchives.wordpress.com**



### ਦੇਸ਼ ਜਲ ਰਿਹਾ ਹੈ - ਨੀਰੋ ਬੰਸਰੀ ਬਜਾ ਰਿਹਾ ਹੈ !

# ਸੰਸਦ ਇਜਲਾਸ 'ਚ ਲੋਕ ਵਿਰੋਧੀ ਕਾਨੂੰਨਾਂ ਦਾ ਪਾਸ ਹੋਣਾ ਅਤਿਅੰਤ ਘਾਤਕ

**✪ ਮੋਦੀ ਸਰਕਾਰ ਵੱਲੋਂ ਸੂਬਿਆਂ ਦੀਆਂ ਤਾਕਤਾਂ ਖੋਹਣ ਦੇ ਯਤਨ ✪ ਕਿਸਾਨ ਵਿਰੋਧੀ ਤਿੰਨ ਆਰਡੀਨੈਂਸ ਤੋਂ ਕਿਸਾਨ ਜਥੇਬੰਦੀਆਂ ਲਗਾਤਾਰ ਚਿੰਤਤ**



- ਗੁਰਮੀਤ ਸਿੰਘ ਪਲਾਹੀ
9815802070

ਅੱਜ ਜਦੋਂ ਸੰਯੁਕਤ ਰਾਸ਼ਟਰ ਦੇ ਵਿਸ਼ਵ ਭੋਜਨ ਪ੍ਰੋਗਰਾਮ ਦੇ ਮੁਤਾਬਿਕ ਵਿਕਾਸਸ਼ੀਲ ਦੇਸ਼ਾਂ ਵਿਚ ਭੁੱਖ ਨਾਲ ਜੂਝਣ ਵਾਲਿਆਂ ਦੀ ਸੰਖਿਆ ਇਸ ਸਾਲ ਦੁਗਣੀ ਹੋ ਕੇ 26.5 ਕਰੋੜ ਹੋ ਜਾਣ ਦਾ ਖਦਸ਼ਾ ਹੈ, ਕਰੋਨਾ ਮਹਾਂਮਾਰੀ ਨੇ ਆਰਥਿਕ ਨਾ-ਬਰਾਬਰੀ ਹੋਰ ਵਧਾ ਦਿੱਤੀ ਹੈ, ਭੋਜਨ ਤੱਕ ਪਹੁੰਚ ਮੁਸ਼ਕਿਲ ਹੋ ਗਈ ਹੈ, ਆਮਦਨ ਘਟਣ ਨਾਲ ਕਰੋੜਾਂ ਲੋਕ ਚਿੰਤਾ ਵਿਚ ਹਨ ਕਿ ਉਹ ਆਪਣੀਆਂ ਭੋਜਨ ਲੋੜਾਂ ਪੂਰੀਆਂ ਕਿਵੇਂ ਕਰਨ, ਉਦੋਂ ਭਾਰਤੀ ਹਾਕਮ ਆਪਣੇ ਇਕੋ ਅਜੰਡੇ 'ਇਕ ਦੇਸ਼ ਅਤੇ ਹਰ ਚੀਜ਼ ਇਕੋ ਜਿਹੀ' ਨੂੰ ਲਾਗੂ ਕਰਨ ਲਈ ਕਰੋਨਾ ਆਫ਼ਤ ਦੀ ਆੜ 'ਚ ਤਰਲੋ ਮੱਛੀ ਹੋਏ ਪਏ ਹਨ। ਇਸ ਅਜੰਡੇ ਦੀ ਪੂਰਤੀ ਲਈ 14 ਸਤੰਬਰ ਤੋਂ ਸ਼ੁਰੂ ਪਾਰਲੀਮੈਂਟ ਦੇ ਇਜਲਾਸ ਵਿਚ ਸਰਕਾਰ ਵੱਲੋਂ ਯਤਨ ਹੋ ਰਿਹਾ ਹੈ ਕਿ ਸੰਘਵਾਦ ਨੂੰ ਮਜ਼ਬੂਤ ਕਰਕੇ ਸੂਬਿਆਂ ਦੀਆਂ ਤਾਕਤਾਂ ਹਥਿਆਈਆਂ ਜਾਣ ਅਤੇ ਦੇਸ਼ ਨੂੰ ਚਲਾਉਣ ਲਈ ਇਕੋ ਡਿਕਟੇਟਰਾਨਾ ਹੁਕਮ ਲਾਗੂ ਕੀਤੇ ਜਾਣ। ਭਾਰਤ ਸਰਕਾਰ ਦਾ ਯਤਨ ਉਹਨਾਂ ਸ਼ਾਂਤਾ ਕੁਮਾਰ ਕਮੇਟੀ ਦੀਆਂ ਵਿਵਾਦਪ੍ਰਸਤ ਸਿਫਾਰਸ਼ਾਂ ਨੂੰ ਅਮਲ ਵਿਚ ਲਿਆਉਣਾ ਹੈ, ਜਿਹਨਾਂ ਦਾ ਅਸਰ ਸਿੱਧੇ ਤੌਰ ਤੇ ਸਰਕਾਰੀ ਖਰੀਦ ਵਿਚ ਕਮੀ, ਸਰਵਜਨਕ ਵੰਡ ਪ੍ਰਣਾਲੀ, ਘੱਟੋ ਘੱਟ ਲਾਗਤ ਮੁੱਲ ਅਤੇ ਭੋਜਨ ਸੁਰੱਖਿਆ ਉੱਤੇ ਪਵੇਗਾ। ਪਾਰਲੀਮੈਂਟ ਦੇ ਇਸ ਸੈਸ਼ਨ ਵਿਚ ਗਿਆਰਾਂ ਆਰਡੀਨੈਸਾਂ ਨੂੰ ਕਾਨੂੰਨ ਬਣਾਇਆ ਜਾਣਾ ਹੈ, ਜਿਸ ਵਿਚੋਂ ਪ੍ਰਮੁੱਖ ਕਿਸਾਨ ਆਰਡੀਨੈਂਸ ਹਨ, ਅਤੇ ਜਿਹਨਾਂ ਦਾ ਪੂਰੇ ਦੇਸ਼ ਭਰ ਵਿਚ ਭਰਪੂਰ ਵਿਰੋਧ ਹੋ ਰਿਹਾ ਹੈ। ਇਹ ਗੱਲ ਹਰ ਉਸ ਦੇਸ਼ ਪ੍ਰੇਮੀ ਤੇ ਦੇਸ਼ ਹਿਤੈਸ਼ੀ ਦੇ ਗਲੇ ਵਿਚੋਂ ਨਹੀਂ ਉਤਰ ਰਹੀ ਕਿ ਅੱਜ ਜਦੋਂ ਦੇਸ਼ ਆਰਥਿਕ ਤਬਾਹੀ, ਵਧਦੀ ਮਹਾਂਮਾਰੀ ਦਾ ਸਾਹਮਣਾ ਕਰ ਰਿਹਾ ਹੈ ਤਾਂ ਦੇਸ਼ ਦੀ ਕੇਂਦਰੀ ਸਰਕਾਰ, ਸੂਬਿਆਂ ਦੇ ਸਬੰਧਾਂ ਨੂੰ ਬਦਲਣ ਲਈ ਘਾਤਕ ਕੋਸ਼ਿਸ਼ ਕਿਉਂ ਕਰ ਰਹੀ ਹੈ ? ਭਾਰਤੀ ਸੰਵਿਧਾਨ ਵਿਚ ਕੇਂਦਰ ਸਰਕਾਰ ਅਤੇ ਸੂਬਿਆਂ ਦੀਆਂ ਸਰਕਾਰਾਂ ਵਿਚ ਸ਼ਕਤੀਆਂ ਦੀ ਵੰਡ ਕੀਤੀ ਹੋਈ ਹੈ। ਦੇਸ਼ ਵਿਚ ਸਮੇਂ-ਸਮੇਂ ਵੱਖੋ ਵੱਖਰੀਆਂ ਸਿਆਸੀ ਪਾਰਟੀਆਂ ਨੇ ਦੇਸ਼ ਵਿਚ ਰਾਜ ਕੀਤਾ ਹੈ ਅਤੇ ਦੇਸ਼ ਦੀ ਸੰਘੀ ਪ੍ਰਣਾਲੀ ਦਾ ਆਦਰ ਸਤਿਕਾਰ ਤਾਂ ਭਾਵੇਂ ਕੀਤਾ ਹੈ ਅਤੇ ਕੇਂਦਰ ਵੱਲੋਂ ਸੂਬਿਆਂ ਨੂੰ ਮਿਲੇ ਅਧਿਕਾਰਾਂ ਵਿਚ ਬੇਲੋੜੀ ਦਖਲ ਅੰਦਾਜ਼ੀ ਕੀਤੀ ਹੈ। ਇਸ ਵਿਚ ਕਾਂਗਰਸ ਵੀ ਉਤਨੀ ਹੀ ਦੋਸ਼ੀ ਹੈ, ਜਿੰਨੀ ਭਾਜਪਾ ਜਾਂ ਹੋਰ ਸਰਕਾਰਾਂ ਪਰ ਮੋਦੀ ਰਾਜ ਵੇਲੇ ਤਾਂ ਸੂਬਿਆਂ ਦੀਆਂ ਤਾਕਤਾਂ ਨੂੰ ਹੜੱਪਣਾ ਸਿਖਰਾਂ ਤੇ ਪੁੱਜਿਆ ਹੋਇਆ ਹੈ।

ਮੋਦੀ ਸਰਕਾਰ ਨੇ ਆਪਣੀਆਂ ਕਾਨੂੰਨ ਅਤੇ ਕਾਰਜਕਾਰੀ ਸ਼ਕਤੀਆਂ ਰਾਹੀਂ ਸੂਬਿਆਂ ਦੀਆਂ ਤਾਕਤਾਂ ਖੋਹਣ ਲਈ ਲਗਾਤਾਰ ਹਮਲੇ ਕੀਤੇ ਹੋਏ ਹਨ ਅਤੇ ਕੇਂਦਰ ਸਰਕਾਰ ਵਿਚ ਉਹਨਾਂ ਦੀਆਂ ਭਾਈਵਾਲ ਪਾਰਟੀਆਂ, ਜਿਹੜੀਆਂ ਕਦੇ ਸੂਬਿਆਂ ਨੂੰ ਵੱਧ ਅਧਿਕਾਰ ਦਿੱਤੇ ਜਾਣ ਲਈ ਸੰਘਰਸ਼ਸ਼ੀਲ ਰਹੀਆਂ ਹਨ, ਉਹ ਦੜ ਵੱਟ ਕੇ ਚੁੱਪਚਾਪ ਇਹ ਤਮਾਸ਼ਾ ਵੇਖ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ (ਬ) ਉਹਨਾਂ ਵਿਚੋਂ ਇੱਕ ਹੈ, ਜਿਹੜਾ ਕਦੇ ਭਾਰਤੀ ਸੰਵਿਧਾਨ ਦੀਆਂ ਸਾੜਦਾ ਰਿਹਾ, ਕਦੇ ਕੇਂਦਰ ਵਿਰੁੱਧ ਵੱਧ ਅਧਿਕਾਰਾਂ ਲਈ ਦੇਸ਼ 'ਚ ਉੱਚੀ ਆਵਾਜ਼ ਨਾਲ ਲੜਦਾ ਰਿਹਾ, ਅੱਜ ਬੇਬੱਸੀ ਦੀ ਹਾਲਤ ਵਿਚ ਚੁੱਪ ਚਾਪ 'ਸੂਬਿਆਂ ਦੇ ਅਧਿਕਾਰਾਂ' ਦੀ ਸੰਘੀ ਘੁੱਟੀ ਜਾਂਦੀ ਇਕ ਤਮਾਸ਼ਬੀਨ ਵਾਂਗਰ ਵੇਖ ਰਿਹਾ ਹੈ।

ਮੋਦੀ ਸਰਕਾਰ ਵੱਲੋਂ ਇਸ ਸੈਸ਼ਨ ਵਿਚ ਜਿਹੜੇ ਸਭ ਤੋਂ ਵੱਧ ਘਾਤਕ ਆਰਡੀਨੈਸਾਂ ਨੂੰ ਕਾਨੂੰਨੀ ਦਰਜਾ ਦਿੱਤਾ ਜਾ ਰਿਹਾ ਹੈ, ਉਹਨਾਂ ਵਿਚ ਕਿਸਾਨ ਵਿਰੋਧੀ ਤਿੰਨ ਆਰਡੀਨੈਂਸ ਹਨ, ਜਿਹਨਾਂ ਤਹਿਤ ਕਿਸਾਨ ਨੂੰ ਫਸਲ ਖੁਲੀ ਮੰਡੀ 'ਚ ਵੇਚਣ ਸਬੰਧੀ, ਸਰਕਾਰੀ ਖਰੀਦ ਦੇ ਨਾਲ ਕਾਰਪੋਰੇਟ ਸੈਕਟਰ ਨੂੰ ਫਸਲਾਂ ਦੀ ਖਰੀਦ ਕਰਨ ਅਤੇ ਭੰਡਾਰਨ ਕਰਨ ਦੀ ਖੁਲ ਦਿੱਤਾ ਜਾਣਾ ਆਦਿ ਸ਼ਾਮਲ ਹੈ। ਕਿਸਾਨਾਂ ਦੀ ਫਸਲ ਖਰੀਦਣ ਸਬੰਧੀ ਸੂਬਾ ਸਰਕਾਰਾਂ ਵੱਲੋਂ ਮੰਡੀਆਂ ਬਣਾਈਆਂ ਗਈਆਂ ਹਨ, ਸਰਕਾਰੀ ਖਰੀਦ ਲਈ ਝੋਨਾ, ਕਣਕ ਆਦਿ ਫਸਲਾਂ ਦੇ ਘੱਟੋ ਘੱਟ ਮੁੱਲ ਨੀਅਤ ਹਨ। ਪਰ ਇਸ ਆਰਡੀਨੈਂਸ ਦੇ ਆਉਣ ਨਾਲ ਪੰਜਾਬ, ਹਰਿਆਣਾ, ਮੱਧ ਪ੍ਰਦੇਸ, ਛਤੀਸਗੜ ਵਰਗੇ ਸੂਬਿਆਂ ਦੇ ਕਿਸਾਨ ਬੁਰੀ ਤਰਾਂ ਪ੍ਰਭਾਵਿਤ ਹੋਣਗੇ। ਸਾਂਤਾ ਕੁਮਾਰ ਕਮੇਟੀ ਸੰਭਵ ਤੌਰ ਤੇ ਇਕ ਦੋ ਸਾਲ ਤਾਂ ਮੰਡੀਆਂ ਦੀ ਥਾਂ ਉਹਨਾਂ ਦੇ ਘਰੋਂ ਕਣਕ, ਝੋਨਾ ਕਾਰਪੋਰੇਟ ਸੈਕਟਰ ਜਾਂ ਵੱਡੇ ਵਪਾਰੀ ਚੁੱਕ ਲੈਣਗੇ, ਭਾਅ ਵੀ ਵੱਧ ਦੇ ਦੇਣਗੇ, ਪਰ ਬਾਅਦ 'ਚ ਆਪਣੀ ਮਰਜ਼ੀ ਅਨੁਸਾਰ ਭਾਅ ਦੇਣਗੇ, ਜਿਸ ਬਾਰੇ ਪੰਜਾਬ ਦੀ ਕਾਂਗਰਸੀ ਸਰਕਾਰ, ਪੰਜਾਬ ਦੀਆਂ ਕੁਝ ਸਿਆਸੀ ਪਾਰਟੀਆਂ ਤੇ ਕਿਸਾਨ ਜਥੇਬੰਦੀਆਂ ਲਗਾਤਾਰ ਚਿੰਤਤ ਹਨ। ਅਤੇ ਭਰਵਾਂ ਰੋਸ ਪ੍ਰਗਟ ਕਰ ਰਹੀਆਂ ਹਨ। ਪਰ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਪੰਜਾਬ ਦੀ ਸ਼੍ਰੋਮਣੀ ਅਕਾਲੀ ਦਲ (ਬ) ਧਿਰ, ਜਿਹਦਾ ਅਧਾਰ ਹੀ ਕਿਸਾਨ ਹਨ, ਉਹ ਕਿਸਾਨ ਵਿਰੋਧੀ ਧਿਰ ਨਾਲ ਖੜ ਕੇ ਬਿਆਨਬਾਜੀ ਕਰ ਰਹੀ ਹੈ ਅਤੇ ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਇਹ ਆਰਡੀਨੈਂਸ ਕਿਸਾਨ ਵਿਰੋਧੀ ਆਰਡੀਨੈਂਸ ਹੋਣ ਦੇ ਬਾਵਜੂਦ ਹਰਿਆਣਾ ਤੇ ਮੱਧ ਪ੍ਰਦੇਸ਼ ਦੀਆਂ ਸੂਬਾ ਸਰਕਾਰ ਮੂੰਹ ਤੇ ਚੇਪੀ ਲਾ ਕੇ ਬੈਠੀਆਂ ਹਨ ਭਾਵ ਕੁਝ ਬੋਲ ਨਹੀਂ ਰਹੀਆਂ। ਬਿਨਾਂ ਸ਼ੱਕ ਦੇਸ਼ ਭਰ 'ਚ ਇਹਨਾਂ ਤਿੰਨ ਆਰਡੀਨੈਂਸਾਂ ਦਾ ਵਿਰੋਧ ਕਿਸਾਨ ਕਰ ਰਹੇ ਹਨ, ਉਹ ਇਸ ਖਦਸ਼ੇ ਵਿਚ ਹਨ ਕਿ ਫਸਲਾਂ ਦੀ ਘੱਟੋ ਘੱਟ ਕੀਮਤ ਆਉਣ ਵਾਲੇ ਸਮੇਂ 'ਚ ਖਤਮ ਕਰ ਦਿੱਤੀ ਜਾਏਗੀ ਪਰ ਮੋਦੀ ਸਰਕਾਰ ਕਿਸਾਨਾਂ ਤੇ ਸੂਬਾ ਸਰਕਾਰਾਂ ਵੱਲੋਂ ਵਿਰੋਧ ਕੀਤੇ ਜਾਣ 'ਤੇ ਵੀ ਇਸ ਆਰਡੀਨੈਂਸ ਨੂੰ 'ਏ ਪੀ ਐਮ ਸੀ' ਐਕਟ ਦਾ ਰੂਪ ਦੇ ਕੇ ਸੂਬਿਆਂ ਦੀਆਂ ਤਾਕਤਾਂ ਨੂੰ ਆਪਣੇ ਪਾਰਲੀਨੈਂਟ ਵਿਚਲੇ ਬਹੁਮਤ ਨਾਲ ਲੋਕ ਰਾਏ ਦੇ ਉਲਟ ਜਾ ਕੇ ਪਾਸ ਕਰ ਦੇਵੇਗੀ। ਜਾਪਦਾ ਹੈ ਡਾ: ਸਵਾਮੀਨਾਥਨ ਦੀ ਰਿਪੋਰਟ ਤੋਂ ਸਰਕਾਰ ਨੇ ਕਿਨਾਰਾ ਕਰ ਲਿਆ ਹੈ, ਜੋ ਕਿਸਾਨਾਂ ਨੂੰ ਫ਼ਸਲਾਂ ਉਤੇ ਲਾਗਤ ਤੋਂ ਉਪਰ 50 ਫ਼ੀਸਦੀ ਵੱਧ ਦੇਣ ਦੀ ਵਕਾਲਤ ਕਰਦਾ ਹੈ। ਦੂਜਾ ਮਹੱਤਵਪੂਰਨ ਮੁੱਦਾ "ਜ਼ਰੂਰੀ ਵਸਤਾਂ" ਆਰਡੀਨੈਂਸ ਸਬੰਧੀ ਹੈ। ਜ਼ਰੂਰੀ ਵਸਤਾਂ ਕਾਨੂੰਨ ਤਹਿਤ ਸੂਬਿਆਂ ਨੂੰ ਇਹ ਅਧਿਕਾਰ ਦਿੱਤਾ ਗਿਆ ਹੈ ਕਿ ਉਹ ਜਮਾਂਖੋਰੀ, ਕਾਲਾਬਜ਼ਾਰੀ ਰੋਕਣ ਲਈ ਜ਼ਰੂਰੀ ਕਦਮ ਚੁੱਕਦਿਆਂ ਅੰਨ ਦਾ ਵੱਡਾ ਸਟਾਕ ਕਰਨ ਤੋਂ ਕਿਸੇ ਵੀ ਵਪਾਰੀ ਨੂੰ ਰੋਕਣ ਅਤੇ ਉਹਨਾਂ ਦੀ ਸੀਮਾ ਤਹਿ ਕਰਨ। ਪਰ ਕੇਂਦਰ ਵੱਲੋਂ ਆਰਡੀਨੈਂਸ ਜਾਰੀ ਕਰਕੇ ਉਹਨਾਂ ਦੇ ਅਧਿਕਾਰਾਂ 'ਚ ਕਟੌਤੀ ਕਰ ਦਿੱਤੀ ਗਈ ਹੈ। ਜੇਕਰ ਇਹ ਆਰਡੀਨੈਂਸ ਕਾਨੂੰਨ ਬਣ ਜਾਂਦਾ ਹੈ ਤਾਂ ਇਸ ਕਾਨੂੰਨ ਰਾਹੀਂ ਜਮਾਂਖੋਰ ਦੀਆਂ ਪੌਂ ਬਾਰਾਂ ਹੋ ਜਾਣਗੀਆਂ।

ਇਸੇ ਤਰਾਂ ਸੂਬਿਆਂ ਦੀਆਂ ਸਰਕਾਰਾਂ ਦੇ ਅਧਿਕਾਰਾਂ ਨੂੰ ਸੱਟ ਮਾਰਦਿਆਂ ਇਕ ਆਰਡੀਨੈਂਸ ਜਾਰੀ ਕੀਤਾ ਹੈ ਜਿਸ ਅਨੁਸਾਰ ਜ਼ਿਲਾ ਕੇਂਦਰੀ ਸਹਿਕਾਰੀ ਬੈਂਕਾਂ ਅਤੇ ਸ਼ਹਿਰੀ ਸਹਿਕਾਰੀ ਬੈਂਕਾਂ ਨੂੰ ਕੇਂਦਰ ਸਰਕਾਰ ਅਧੀਨ ਲੈ ਲਿਆ ਗਿਆ ਹੈ। ਅਤੇ ਕੇਂਦਰੀ ਰਿਜ਼ਰਵ ਬੈਂਕ ਨੂੰ ਇਸ ਦੀ ਦੇਖ-ਰੇਖ ਸੌਂਪੀ ਗਈ ਹੈ। ਇਸ ਆਰਡੀਨੈਂਸ ਦੀ ਭਾਵਨਾ ਇਹੋ ਹੈ ਕਿ ਸੂਬਾ ਸਰਕਾਰਾਂ ਕੋਲ ਜੋ ਸਹਿਕਾਰੀ ਬੈਂਕਾਂ ਦੀ ਮੈਂਬਰੀ, ਢਾਂਚੇ ਅਤੇ ਵਿੱਤੀ ਢਾਂਚੇ 'ਚ ਬਦਲਾਅ ਲਈ ਸ਼ਕਤੀਆਂ ਸਨ, ਉਹ ਵਾਪਿਸ ਲੈ ਲਈਆਂ ਹਨ ਤੇ ਉਹਨਾਂ ਉੱਤੇ ਕੇਂਦਰ ਦਾ ਗਲਬਾ ਵਧਾ ਦਿੱਤਾ ਹੈ। ਬੇਸ਼ੱਕ ਇਹਨਾਂ ਸਹਿਕਾਰੀ ਬੈਂਕਾਂ ਵਿਚ ਬਹੁਤਿਆਂ ਦਾ ਪ੍ਰਦਰਸ਼ਨ ਚੰਗਾ ਸੀ। ਕੁਝ ਇਕ ਖਰਾਬ ਪ੍ਰਦਰਸ਼ਨ ਵੀ ਕਰ ਰਹੀਆਂ ਸਨ। ਪਰ ਇਹ ਆਰਡੀਨੈਂਸ ਜੇਕਰ ਕਾਨੂੰਨ ਬਣਦਾ ਹੈ ਤਾਂ ਇਹ ਸੂਬਿਆਂ ਦੇ ਅਧਿਕਾਰਾਂ ਉੱਤੇ ਸਿੱਧਾ ਹਮਲਾ ਹੈ। ਪਰ ਸਵਾਲ ਪੈਦਾ ਹੁੰਦਾ ਹੈ ਕਿ ਸਾਰੇ ਬੈਂਕਾਂ, ਵਿੱਤੀ ਕੰਪਨੀਆਂ, ਜਿਹੜੀਆਂ ਰਿਜ਼ਰਵ ਬੈਂਕ ਅਧੀਨ ਕੰਮ ਕਰਦੀਆਂ ਹਨ ਅਤੇ ਉਥੇ ਸਰਕਾਰ ਦੀ ਦਖਲ ਅੰਦਾਜ਼ੀ ਵੀ ਕਾਫੀ ਹੈ। ਸਰਕਾਰ ਤੇ ਰਿਜ਼ਰਵ ਬੈਂਕ ਦੀ ਨੱਕ ਦੇ ਹੇਠ ਵੱਡੇ ਘੁਟਾਲੇ ਹੁੰਦੇ ਹਨ ਤਾਂ ਕੀ ਇਹ ਤਰਕ ਠੀਕ ਹੈ ਕਿ ਬਹੁਤੇ ਰਾਜ ਜਿਥੇ ਜ਼ਿਲਾ ਸਹਿਕਾਰੀ ਬੈਂਕਾਂ ਅਤੇ ਸ਼ਹਿਰੀ ਸਹਿਕਾਰੀ ਬੈਂਕਾਂ ਹਨ, ਉਹਨਾਂ 'ਚ ਘੁਟਾਲਿਆਂ ਦੇ ਡਰੋਂ ਇਹ ਕਾਨੂੰਨ ਪਾਸ ਕੀਤਾ ਜਾ ਰਿਹਾਹੈ ? ਪਾਰਲੀਮੈਂਟ ਦੇ ਮਾਨਸੂਨ ਸੈਸ਼ਨ 2020 ਵਿਚ,23 ਬਿੱਲ ਪਾਸ ਕੀਤੇ ਜਾਣੇ ਹਨ, ਜਿਹਨਾ ਵਿੱਚ ਗਿਆਰਾਂ ਉਹਨਾਂ ਆਰਡੀਨੈਂਸਾਂ ਨੂੰ ਕਾਨੂੰਨ ਦੀ ਸ਼ਕਲ ਦਿੱਤੀ ਜਾਏਗੀ, ਜਿਹੜੇ ਪਿਛਲੇ ਛੇ ਮਹੀਨਿਆਂ ਦੌਰਾਨ ਮੋਦੀ ਸਰਕਾਰ ਵੱਲੋਂ ਜਾਰੀ ਕੀਤੇ ਗਏ ਹਨ, ਕਿਉਂਕਿ ਇਹ ਜ਼ਰੂਰੀ ਹੁੰਦਾ ਹੈ ਕਿ ਆਰਡੀਨੈਂਸ ਜਾਰੀ ਹੋਣ ਦੇ 6 ਮਹੀਨਿਆਂ ਦੇ ਅੰਦਰ-ਅੰਦਰ ਇਹਨਾਂ ਨੂੰ ਪਾਰਲੀਮੈਂਟ ਦੇ ਦੋਨਾਂ ਸਦਨਾਂ ਵਿਚ ਪਾਸ ਕਰਵਾਇਆ ਜਾਵੇ ਨਹੀਂ ਤਾਂ ਇਹ ਖਤਮ ਗਿਣੇ ਜਾਂਦੇ ਹਨ। ਪਹਿਲਾਂ ਆਰਡੀਨੈਂਸ 9 ਅਪ੍ਰੈਲ ਨੂੰ ਜਾਰੀ ਹੋਇਆ, ਜਿਹੜਾ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਕੇਂਦਰੀ ਵਜ਼ਾਰਤ ਦੀ ਤਨਖਾਹ ਵਿਚ ਇਕ ਸਾਲ ਕਰੋਨਾ ਆਫ਼ਤ ਕਾਰਨ 30 ਫੀਸਦੀ ਕਟੌਤੀ ਕਰਨ ਸਬੰਧੀ ਹੈ। ਦੂਜਾ ਆਰਡੀਨੈਂਸ ਮੈਂਬਰ ਪਾਰਲੀਮੈਂਟਾਂ, ਪੈਨਸ਼ਨਰ ਐਮ.ਪੀਜ਼. ਦੀ ਤਨਖਾਹ ਵਿਚ 30 ਫੀਸਦੀ ਕਟੌਤੀ ਇਕ ਸਾਲ ਅਤੇ ਐਮ. ਪੀ. ਲੈਡ ਸਬੰਧੀ ਵਿਕਾਸ ਕਾਰਜਾਂ ਫੰਡਾਂ ਵਿਚ 30ਫੀਸਦੀ ਕਟੌਤੀ ਕਰਨ ਸਬੰਧੀ ਹੈ। ਤੀਜਾ ਆਰਡੀਨੈਂਸ ਕਰੋਨਾ ਯੋਧਿਆਂ ਜਿਹਨਾਂ 'ਚ ਡਾਕਟਰ ਤੇ ਹੋਰ ਅਮਲਾ ਸ਼ਾਮਲ ਹੈ ਉਸ ਉਤੇ ਹਮਲਾ ਕਰਨ ਵਾਲਿਆਂ ਨੂੰ ਸਤ ਸਾਲ ਸਜ਼ਾ ਦੇਣ ਦਾ ਪ੍ਰਾਵਾਧਾਨ ਹੈ। ਚੌਥਾ, ਪੰਜਵਾਂ ਅਤੇ ਛੇਵਾਂ ਆਰਡੀਨੈਂਸ ਜ਼ਰੂਰੀ ਵਸਤਾਂ, ਕਿਸਾਨਾਂ ਦੀ ਖੁਲੀ ਮੰਡੀ 'ਚ ਫਸਲ ਵੇਚਣ, ਘੱਟੋ ਘੱਟ ਕੀਮਤ ਆਦਿ ਸਬੰਧੀ ਹੈ ਜਦਕਿ ਛੇਵਾਂ ਸਤਵਾਂ ਅੱਠਵਾਂ ਆਰਡੀਨੈਂਸ ਹੋਮਿਉਪੈਥੀ ਸੈਂਟਰਲ ਕੌਂਸਲ (ਸੋਧ) ਇੰਡੀਅਨ ਮੈਡੀਕਲ ਸੈਂਟਰਲ ਕੌਂਸਲ (ਸੋਧ) ਟੈਕਸੇਸ਼ਨ ਅਤੇ ਹੋਰ ਕਾਨੂੰਨਾਂ 'ਚ ਸੋਧ ਸਬੰਧੀ ਹੈ ਜਦਕਿ ਬਾਕੀ ਬਿੱਲ ਬੈਂਕਿੰਗ ਰੈਗੂਲੇਸ਼ਨ ਸਬੰਧੀ ਹਨ। ਦੇਸ਼ ਦੀ ਵਿਰੋਧੀ ਧਿਰ ਕਿਸਾਨ ਵਿਰੋਧੀ ਆਰਡੀਨੈਂਸਾਂ ਅਤੇ ਬੈਂਕਿੰਗ ਬਿੱਲਾਂ ਨੂੰ ਕਨੂੰਨ ਬਨਣ ਦਾ ਵਿਰੋਧ ਕਰੇਗੀ। ਪਰ ਇਹਨਾਂ ਆਰਡੀਨੈਂਸਾਂ, ਬਿੱਲਾਂ, ਕਾਨੂੰਨਾਂ ਵਿਚ ਕੇਂਦਰ ਸਰਕਾਰ ਵੱਲੋਂ ਵੱਧ ਅਧਿਕਾਰ ਪ੍ਰਾਪਤ ਕਰਨ ਤੋਂ ਬਿਨਾਂ ਦੇਸ਼ ਦੀ ਮੰਦੀ ਹਾਲਤ, ਭੁੱਖ ਨਾਲ ਨਿਪਟਣ, ਬੱਚਿਆਂ ਦੇ ਵੱਧ ਰਹੇ ਕੁਪੋਸ਼ਨ, ਬੇਰੁਜ਼ਗਾਰੀ ਸਬੰਧੀ ਕਿਧਰੇ ਵੀ ਨਾ ਕੋਈ ਬਿੱਲ ਹੈ, ਨਾ ਕੋਈ ਦੇਸ਼ ਨੂੰ ਦਰਪੇਸ਼ ਸਮੱਸਿਆਵਾਂ ਪ੍ਰਤੀ ਬਹਿਸ ਕਰਨ ਲਈ ਸਮਾਂ ਜਾਂ ਚਿੰਤਾ। ਦੇਸ਼ ਇਸ ਸਮੇਂ ਯੁੱਧ ਅਤੇ ਭੈੜੇ ਵਾਤਾਵਰਨ ਵਰਗੇ ਵੱਡੇ ਮਸਲੇ ਹਨ। ਕਰੋਨਾ ਸਮੇਂ ਜਿਹੜੇ ਲੋਕ ਆਫ਼ਤ ਮਾਰੇ ਸ਼ਹਿਰ ਛੱਡ ਗਏ, ਜਿਹਨਾਂ ਦੀਆਂ ਨੌਕਰੀਆਂ ਖੁਸ ਗਈਆਂ, ਛੋਟੇ ਕਾਰੋਬਾਰੀਆਂ ਦੇ ਰੁਜ਼ਗਾਰ ਜਾਂਦੇ ਰਹੇ, ਮਜ਼ਦੂਰ ਪਿੰਡਾਂ 'ਚ ਦੁਬਕ ਕੇ ਰਹਿ ਗਏ, ਉਹਨਾਂ ਬਾਰੇ ਸੈਸ਼ਨ ਵਿਚ ਵਿਚਾਰ-ਚਰਚਾ ਨਾ ਕਰਨਾ, ਪ੍ਰਸ਼ਨ-ਕਾਲ ਨਾ ਰੱਖਣਾ ਅਤੇ ਬਿਆਨਬਾਜੀ ਕਰਕੇ ਪ੍ਰਧਾਨ ਮੰਤਰੀ ਵੱਲੋਂ ਇਹ ਕਹਿ ਦੇਣਾ ਕਿ ਪਿਛਲੇ ਛੇ ਸਾਲਾਂ 'ਚ ਗਰੀਬਾਂ ਲਈ ਜਿਹੜੇ ਕੰਮ ਕੀਤੇ ਗਏ ਹਨ, ਉਤਨੇ ਪਹਿਲੇ ਸਾਲਾਂ ਵਿਚ ਕਦੇ ਨਹੀਂ ਹੋਏ, ਆਪਣੇ ਮੂੰਹ ਮੀਆਂ ਮਿੱਠੂ ਬਨਣਾ ਹੈ ਜਦਕਿ ਅਸਲੀਅਤ ਕੁਝ ਹੋਰ ਹੈ, ਅੰਕੜੇ ਕੁਝ ਹੋਰ ਬੋਲਦੇ ਹਨ।

ਦੇਸ਼ ਦੇ ਮੰਦੜੇ ਹਾਲ ਕਿਸੇ ਤੋਂ ਲੁਕੇ ਛੁਪੇ ਨਹੀਂ ਹਨ। ਵਿਰੋਧੀਆਂ ਨੂੰ ਹਾਕਮ ਧਿਰ ਨੁਕਰੇ ਲਾ ਰਹੀ ਹੈ। ਸਾਜ਼ਿਸ਼ਾਨਾ ਵਿਰੋਧੀ ਧਿਰ ਦੇ ਆਗੂਆਂ ਉੱਤੇ ਝੂਠੇ ਕੇਸ ਦਰਜ਼ ਕੀਤੇ ਜਾ ਰਹੇ ਹਨ, ਦਿੱਲੀ ਦੰਗਾ ਭੜਕਾਉਣ 'ਚ ਦੇਸ਼ ਦੇ ਵੱਡੇ ਨੇਤਾਵਾਂ ਸੀਤਾ ਰਾਮ ਯੇਚੁਰੀ, ਯੋਗੇਂਦਰ ਯਾਦਵ, ਜਯਤੀ ਘੋਸ਼, ਅਪੂਰਵਾਨੰਦ, ਰਾਹੁਲ ਰੋਏ ਦਾ ਨਾਮ ਸ਼ਾਮਲ ਕਰ ਦਿੱਤਾ ਗਿਆ। ਦੇਸ਼ ਦੇ ਚੋਣਵੇਂ ਬੁਧੀਜੀਵੀਆਂ ਉਤੇ ਕੇਸ ਦਰਜ ਕਰਕੇ ਉਹਨਾਂ ਨੂੰ ਜੇਲੀਂ ਡੱਕਿਆ ਗਿਆ ਹੈ। ਮਨਮਰਜ਼ੀ ਦੇ ਆਰਡੀਨੈਂਸ, ਬਿੱਲ, ਕਾਨੂੰਨ ਜਿਹਨਾਂ 'ਚ ਨੋਟਬੰਦੀ, ਜੀ.ਐਸ.ਟੀ., ਬਹੁ-ਚਰਚਿਤ ਨਾਗਰਿਕਤਾ ਬਿੱਲ, ਜੰਮੂ-ਕਸ਼ਮੀਰ 'ਚੋਂ ਧਾਰਾ ਖਤਮ ਕਰਨਾ, ਜੰਮੂ-ਕਸ਼ਮੀਰ ਵਿਚੋਂ ਪੰਜਾਬੀ ਭਾਸ਼ਾ ਨੂੰ ਨਵੀਂ ਭਾਸ਼ਾ ਨੀਤੀ ਤਹਿਤ ਬਾਹਰ ਕੱਢ ਦੇਣਾ ਆਦਿ ਜਾਰੀ ਕਰਕੇ ਘੱਟ ਗਿਣਤੀਆਂ, ਕਿਸਾਨਾਂ, ਮਜ਼ਦੂਰਾਂ ਦੇ ਵਿਰੋਧੀ ਮੌਜੂਦਾ ਸਰਕਾਰ ਪੈਂਤੜਾ ਅਖਤਿਆਰ ਕਰੀ ਬੈਠੀ ਹੈ। ਸਰਕਾਰ ਨੂੰ ਤਾਂ ਇਸ ਗੱਲ ਦਾ ਵੀ ਫ਼ਿਕਰ ਨਹੀਂ ਕਿ ਡੀਜ਼ਲ ਪੈਟਰੋਲ ਨਿੱਤ ਮਹਿੰਗਾ ਹੋ ਰਿਹਾ ਹੈ।

ਰੁਪਏ ਦੀ ਕੀਮਤ, ਡਾਲਰ ਦੇ ਮੁਕਾਬਲੇ ਘੱਟ ਰਹੀ ਹੈ ਅਤੇ ਹੁਣ 73.53 ਰੁਪਏ ਇਕ ਡਾਲਰ ਤੱਕ ਪੁੱਜ ਗਈ ਹੈ। ਮੂਡੀਜ਼ ਇਨਵੈਸਟਰਜ਼ ਸਰਵਿਸ ਨੇ ਚਾਲੂ ਵਿੱਤੀ ਵਰੇ 'ਚ ਭਾਰਤ ਦੇ ਕੁਲ ਘਰੇਲੂ ਉਤਪਾਦ ਦਰ (ਜੀ.ਡੀ.ਪੀ.) 'ਚ 11.5 ਫੀਸਦੀ ਕਮੀ ਆਉਣ ਦਾ ਅਨੁਮਾਨ ਜ਼ਾਹਰ ਕੀਤਾ ਹੈ। ਇਸ ਏਜੰਸੀ ਅਨੁਸਾਰ ਹਾਲਾਂਕਿ 2021-22 'ਚ ਭਾਰਤੀ ਅਰਥਚਾਰਾ 10.6ਫੀਸਦੀ ਦੀ ਵਿਕਾਸ ਦਰ ਹਾਸਲ ਕਰੇਗਾ। ਪਰ ਚਾਲੂ ਵਿੱਤੀ ਵਰੇ ਦੌਰਾਨ ਭਾਰਤ ਦਾ ਕਰਜ਼ਾ ਕੁੱਲ ਜੀ.ਡੀ.ਪੀ. ਦਾ 90ਫੀਸਦੀ ਹੋ ਜਾਏਗਾ ਜੋ ਪਿਛਲੇ ਸਾਲ 77ਪੀਸਦੀ ਸੀ ਅਤੇ ਜੀ.ਡੀ.ਪੀ. ਦਾ ਕੁਲ ਘਾਟਾ 7.5 ਫੀਸਦੀ ਹੋ ਜਾਏਗਾ। ਜੋ ਕਿ ਪਿਛਲੇ ਸਾਲ 4.6 ਫੀਸਦੀ ਸੀ। ਇਥੇ ਇਹ ਦੱਸਣਾ ਬਣਦਾ ਹੈ ਕਿ ਅਪ੍ਰੈਲ-ਜੂਨ 2020 ਦੀ ਤਿਮਾਹੀ ਦੌਰਾਨ ਦੇਸ਼ ਦੀ ਜੀ.ਡੀ.ਪੀ. 'ਚ 23.9 ਫੀਸਦੀ ਦਾ ਘਾਟਾ ਦਰਜ ਕੀਤਾ ਗਿਆ।

ਜਦ ਦੇਸ਼ ਦੇ ਹਾਲਾਤ ਕੰਗਾਲੀ ਵੱਲ ਜਾ ਰਹੇ ਹੋਣ ਤੇ ਦੇਸ਼ ਦੇ ਹਾਕਮ 14 ਲੱਖ ਪਰਿਵਾਰਾਂ ਨੂੰ ਰੁਜ਼ਗਾਰ ਦੇਣ ਵਾਲੀ ਰੇਲਵੇ ਦਾ ਨਿੱਜੀਕਰਨ ਕਰਨ ਦੇ ਮਨਸੂਬੇ ਬਣਾ ਰਹੇ ਹੋਣ ਤੇ ਏਅਰ ਇੰਡੀਆ ਸਮੇਤ ਦੇਸ਼ ਦੀਆਂ ਹੋਰ ਦੋ ਦਰਜਨ ਸੰਸਥਾਵਾਂ ਨੂੰ ਪ੍ਰਾਈਵੇਟ ਹੱਥਾਂ 'ਚ ਸੌਂਪਣ ਦੀਆਂ ਤਿਆਰੀਆਂ ਕਰ ਰਹੇ ਹੋਣ ਤਾਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਦੇਸ਼ ਕਿੱਧਰ ਨੂੰ ਜਾ ਰਿਹਾ ਹੈ ? ਇਹੋ ਜਿਹੇ ਹਾਲਾਤ ਦੇਸ਼ ਨੂੰ ਤਬਾਹ ਕਰਨ ਵੱਲ ਕੋਝੇ-ਵੱਡੇ ਕਦਮ ਹਨ। ਜੇਕਰ ਲੋਕ ਵਿਰੋਧੀ ਬਿੱਲ ਪਾਰਲੀਮੈਂਟ ਵਿਚ ਪਾਸ ਹੋ ਜਾਂਦੇ ਹਨ ਤਾਂ ਇਹ ਸੂਬਿਆਂ ਦੇ ਅਧਿਕਾਰ ਖੋਹਣ ਵੱਲ ਵੱਡਾ ਭੈੜਾ ਕਦਮ ਤਾਂ ਹੋਣਗੇ ਹੀ ਪਰੰਤੂ ਲੋਕ ਵਿਰੋਧੀ ਅਤੇ ਰਾਸ਼ਟਰ ਨੂੰ ਤਬਾਹ ਕਰਨ ਦੇ ਬਰਾਬਰ ਹੋਣਗੇ।

Website Design & Development
➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✓ WEB DEVELOPMENT
✓ WEB DESIGNING
✓ WEB RE-DESIGN
✓ LOGO DESIGN
✓ SEO SERVICES
✓ TECHNICAL SUPPORT
Web Media Art
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
info@webmediaart.com
www.webmediaart.com



MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed

# ਸ਼ਹੀਦ ਭਾਈ ਸਤਪਾਲ ਸਿੰਘ ਢਿੱਲੋ ਜਨਰਲ ਸਕੱਤਰ ਸਿੱਖ ਸਟੂਡੈਂਟਸ ਫੈਡਰੇਸ਼ਨ

## (ਸ਼ਹੀਦੀ 14 ਸਤੰਬਰ 1990)

- ਲਵਸ਼ਿੰਦਰ ਸਿੰਘ ਡੱਲੇਵਾਲ
00447825813301

ਸ਼ਹੀਦ ਭਾਈ ਸਤਪਾਲ ਸਿੰਘ ਢਿੱਲੋ ਦਾ ਜਨਮ 3 ਅਪਰੈਲ 1961 ਨੂੰ ਜਲੰਧਰ ਜਿਲੇ ਦੇ ਪਿੰਡ ਡੱਲੇਵਾਲ ਦੇ ਵਸਨੀਕ ਸ੍ਰ, ਕਰਮ ਸਿੰਘ ਦੇ ਘਰੇ ਮਾਤਾ ਕਰਤਾਰ ਕੌਰ ਦੀ ਕੁੱਖੋਂ ਹੋਇਆ । ਸਤਪਾਲ ਸਿੰਘ ਨੇ ਮੁੱਢਲੀ ਵਿਦਿਆ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਪ੍ਰਪਾਤ ਕੀਤੀ ਉਪਰੰਤ 1973 ਵਿੱਚ ਹਾਇਰ ਸੈਕੰਡਰੀ ਸਕੂਲ ਅੱਟਾ ਵਿਖੇ ਦਾਖਲਾ ਲਿਆ ਅਤੇਂ ਗਿਆਰਵੀਂ ਜਮਾਤ ਦਾ ਇਮਿਤਿਹਾਨ ਪਾਸ ਕੀਤਾ। ਕਪੂਰਥਲਾ ਦੇ ਰਣਧੀਰ ਕਾਲਜ ਵਿੱਚ ਜਦੋਂ ਦਾਖਲਾ ਲੈ ਕੇ ਬੀ.ਏ ਦਾ ਦੂਜਾ ਸਾਲ ਪੂਰਾ ਕੀਤਾ ਅਤੇ ਤੀਜੇ ਸਾਲ ਭਾਵ ਫਾਈਨਲ ਦੀਆਂ ਕਲਾਸਾਂ ਅੰਰਭ ਹੋਣ ਤੋਂ ਕੁੱਝ ਮਹੀਨੇ ਬਆਦ ਹੀ ਭਾਵ 4 ਅਗਸਤ 1982 ਨੂੰ ਧਰਮ ਯੁੱਧ ਮੋਰਚੇ ਦਾ ਅਗਾਜ਼ ਹੋ ਗਿਆ। ਦੂਜੇ ਪਾਸੇ ਸ਼ਹੀਦ ਭਾਈ ਅਮਰੀਕ ਸਿੰਘ ਜੀ ਪ੍ਰਧਾਨ ਨੇ ਫੈਡਰੇਸ਼ਨ ਦਾ ਪੁਨਰ ਗਠਨ ਵੀ ਅੰਰਭ ਕਰ ਦਿੱਤਾ ਤਾਂ ਕਿ ਸਿੱਖ ਨੌਜਵਾਨਾਂ ਨੂੰ ਇੱਕ ਲੜੀ ਵਿੱਚ ਪਰੋ ਕੇ ਮੋਰਚੇ ਨੂੰ ਸਫਲ ਬਣਾਇਆ ਜਾ ਸਕੇ। ਇਸੇ ਕੜੀ ਅਧੀਨ ਹੀ ਫੈਡਰੇਸ਼ਨ ਦਾ ਤੱਤਕਲੀਨ ਮੀਤ ਪ੍ਰਧਾਨ ਹਰਿੰਦਰ ਸਿੰਘ ਕਾਹਲੋਂ ਰਣਧੀਰ ਕਾਲਜ ਆਇਆ ਜਿਸ ਨੇ ਨੌਜਵਾਨਾਂ ਨੂੰ ਇਕੱਤਰ ਕਰਕੇ ਕਾਲਜ ਦਾ ਯੂਨਿਟ ਬਣਾਇਆ ਜਿਸ ਵਿੱਚ ਭਾਈ ਸਤਪਾਲ ਸਿੰਘ ਨੂੰ ਜਨਰਲ ਸਕੱਤਰ ਬਣਾਇਆ ਗਿਆ। ਭਾਈ ਅਮਰੀਕ ਸਿੰਘ ਜੀ ਨੇ ਆਪ ਦੀ ਮਿਹਨਤ ਅਤੇ ਲਗਨ ਨੂੰ ਦੇਖਦਿਆਂ ਜਲਦੀ ਹੀ ਕਪੂਰਥਲਾ ਦਾ ਜਿਲਾ ਜਨਰਲ ਸਕੱਤਰ ਬਣਾ ਦਿੱਤਾ, ਇਸ ਵਧੀ ਜ਼ਿਮੇਵਾਰੀ ਨੂੰ ਤਨ ਦੇਹੀ ਨਾਲ ਨਿਭਾਉਦਿਆਂ ਭਾਈ ਢਿੱਲੋਂ ਨੇ ਫਗਵਾੜਾ ਦੇ ਸਮੂਹ ਕਾਲਜਾਂ ਵਿੱਚ ਫੈਡਰੇਸ਼ਨ ਦੇ ਯੂਨਿਟ ਬਣਾਉਣ ਲਈ ਯਤਨ ਅੰਰਭ ਦਿੱਤੇ। ਜਿੱਥੇ ਕਿ ਕਾਮਰੇਡਾਂ ਦੀ ਐਸ.ਐਫ.ਆਈ ਦਾ ਜ਼ੋਰ ਸੀ ਜੋ ਕਿ ਧਰਮ ਨੂੰ ਫਜ਼ੂਲ ਤੇ ਆਏ ਦਿਨ ਸਿੱਖ ਧਰਮ ਦੇ ਖਿਲਾਫ ਜ਼ਹਿਰ ਉਗਲਦੇ ਰਹਿੰਦੇ ਤੇ ਸਿੱਖਾਂ ਦੇ ਖਿਲਾਫ ਊਲ ਜਲੂਲ ਬੋਲਦੇ ਰਹਿੰਦੇ। ਭਾਈ ਸਤਪਾਲ ਸਿੰਘ ਢਿੱਲੋ ਨੇ ਵੀਚਾਰਾਂ ਤੇ ਮਿਹਨਤ ਨਾਲ ਵਿਦਿਆਰਥੀਆਂ ਨੂੰ ਪ੍ਰੇਰ ਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਵੱਡੇ ਪੱਧਰ ਤੇ ਭਰਤੀ ਕਰਕੇ ਯੂਨਿਟ ਬਣਾਇਆ ਤੇ ਪੰਜਾਬ ਤੇ ਸਿੱਖ ਵਿਰੋਧੀ ਤਾਕਤਾਂ ਨੂੰ ਭਾਜ ਦਿੱਤੀ। ਜਦੋਂ ਫੈਡਰੇਸ਼ਨ ਤੇ ਸਰਕਾਰ ਨੇ ਪਬੰਦੀ ਲਗਾਈ ਤਾਂ ਇਸ ਦਾ ਸਮੂਹਿਕ ਤੌਰ ਤੇ ਜਬਰਦਸਤ ਵਿਰੋਧ ਕੀਤਾ ਗਿਆ। ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆ ਦੇ ਬਚਨਾਂ ਕਿ ਹਰੇਕ ਪਿੰਡ ਵਿੱਚ ਤਿੰਨ ਸਿੱਖ ਨੌਜਵਾਨ ਤਿਆਰ ਬਰ ਤਿਆਰ ਹੋ ਕੇ ਕਮਰਕੱਸੇ ਕਰੋ, ਤਿੰਨ ਰਿਵਾਲਵਰ ਅਤੇ ਵਧੀਆ ਮੌਟਰ ਸਾਇਕਲ ਦਾ ਪ੍ਰਬੰਧ ਕਰੋ। ਮਹਾਂਪੁਰਖ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆ ਨੇ ਹਿਦਾਇਤ ਵੀ ਕੀਤੀ ਕਿ ਹਥਿਆਰ ਰੱਖਕੇ ਕਿਸੇ ਤੇ ਜ਼ੁਲਮ ਕਰਨਾ ਪਾਪ ਹੈ ਅਤੇ ਹਥਿਆਰ ਰੱਖ ਕੇ ਆਪਣਾ ਹੱਕ ਨਾ ਲੈਣਾ ਉਸ ਤੋਂ ਵੀ ਵੱਡਾ ਪਾਪ ਹੈ। ਇਹਨਾਂ ਬਚਨਾਂ ਅਨੁਸਾਰ ਭਾਈ ਸਤਪਾਲ ਸਿੰਘ ਢਿੱਲੋ ਨੇ ਮੋਟਰ ਸਾਇਕਲ ਤੇ ਆਪਣੇ ਪਿੰਡ ਦੇ ਨੌਜਵਾਨਾਂ ਦਾ ਤਿਆਰ ਬਰ ਤਿਆਰ



ਦਸਤਾ ਵੀ ਬਣਾਇਆ। ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਤੇ ਭਾਰਤੀ ਫੌਜ ਵਲੋਂ ਕੀਤੇ ਅੱਤ ਵਹਿਸ਼ੀ ਹਮਲੇ ਮਗਰੋਂ ਖਾਲਿਤਾਨ ਦੀ ਪ੍ਰਾਪਤੀ ਨੂੰ ਕੌਮੀ ਨਿਸ਼ਾਨਾ ਮਿਥਿਆ ਗਿਆ।

ਜਿਸ ਵਿੱਚ ਭਾਈ ਸਤਪਾਲ ਸਿੰਘ ਢਿੱਲੋਂ ਨੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਸਿੱਖ ਵਿਰੋਧੀਆਂ ਨੂੰ ਢੁੱਕਵੀਂਆਂ ਸਜ਼ਾਵਾਂ ਦਿੱਤੀਆਂ। ਭਾਈ ਸਾਹਿਬ ਦੀਆਂ ਵਧੀਆਂ ਸਰਗਰਮੀਆਂ ਨੂੰ ਦੇਖਦੇ ਹੋਏ ਪੰਜਾਬ ਪੁਲਿਸ ਨੇ 25 ਫਰਵਰੀ 1985 ਨੂੰ ਗ੍ਰਿਫਤਾਰ ਕਰਨ ਲਈ ਵੱਡੇ ਪੱਧਰ ਤੇ ਰੇਡ ਕੀਤੀ ਪਰ ਭਾਈ ਸਤਪਾਲ ਸਿੰਘ ਦਾ ਪਿੰਡ ਵਾਸੀਆਂ ਦੇ ਸਹਿਯੋਗ ਤੇ ਪਿਆਰ ਸਦਕਾ ਪੁਲਿਸ ਦੇ ਹੱਥ ਆਉਣ ਤੋਂ ਬਚਾ ਹੋ ਗਿਆ, ਇਸ ਪੁਲਿਸ ਛਾਪੇ ਤੋਂ ਦੋ ਦਿਨ ਬਾਅਦ (ਭਾਈ ਹਰਮਿੰਦਰ ਸਿੰਘ ਸਪੁੱਤਰ ਗੁਰਦੇਵ ਸਿੰਘ ਅਤੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਸਪੁੱਤਰ ਅਵਤਾਰ ਸਿੰਘ) ਵੀ ਰੂਪੋਸ਼ ਹੋ ਗਏ ਅਤੇ ਕੌਮ ਦੇ ਦੋਖੀਆਂ ਨੂੰ ਸੋਧਾ ਲਾਉਣ ਦੇ ਨਾਲ ਨਾਲ ਨੌਜਵਾਨਾਂ ਨੂੰ ਵੀ ਜਥੇਬੰਦ ਕਰਦੇ ਰਹੇ । 22 ਸਤੰਬਰ 1995 ਵਾਲੇ ਦਿਨ ਨਡਾਲਾ ਤੋਂ ਆਪ ਨੂੰ ਗ੍ਰਿਫਤਾਰ ਕਰਨ ਉਪਰੰਤ ਸਖਤ ਤਸੀਹੇ ਦਿੱਤੇ ਗਏ ਅਤੇ ਮਗਰੋਂ ਜਲੰਧਰ ਜੇਹਲ ਵਿੱਚ ਭੇਜ ਦਿੱਤਾ ਗਿਆ। ਡੇਢ ਮਹੀਨੇ ਬਾਅਦ ਨਵੰਬਰ ਮਹੀਨੇ ਦੀ 9 ਤਰੀਕ ਨੂੰ ਭਾਈ ਸਤਪਾਲ ਸਿੰਘ ਦੇ ਦੋਵੇਂ ਰੂਪੋਸ਼ ਸਾਥੀ ਭਾਈ ਹਰਮਿੰਦਰ ਸਿੰਘ ਲਾਲਾ ਅਤੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵੀ ਪੁਲਿਸ ਨੇ ਗ੍ਰਿਫਤਾਰ ਕਰ ਲਏ। ਇਸ ਸਮੇ ਭਾਈ ਸਤਪਾਲ ਸਿੰਘ ਢਿੱਲੋ ਨੂੰ 8 ਕੇਸਾਂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੂੰ 6 ਕੇਸਾਂ ਅਤੇ ਭਾਈ ਹਰਮਿੰਦਰ ਸਿੰਘ ਨੂੰ 7 ਕੇਸਾਂ ਵਿੱਚ ਚਾਰਜ ਕੀਤਾ ਗਿਆ ਸੀ। ਇਹਨਾਂ ਕੇਸਾਂ ਵਿੱਚ ਕਾਂਗਰਸੀ ਆਗੂ ਮਾਸਟਰ ਸੁਖਦੇਵ ਸਿੰਘ ਰੁੜਕੀ, ਪੁਲਿਸ ਦੇ ਸਬ ਇੰਸਪੈਕਟਰ ਹਰਦਿਆਲ ਸਿੰਘ ਚੱਕ ਦਾਨਾ, ਕੇਨਰਾ ਬੈਂਕ ਕਪੂਰਥਲਾ ਵਿੱਚ ਬੈਂਕ ਡਾਕਾ ਅਤੇ ਇੱਕ ਕਤਲ, ਬਿਲਗਾ ਕਤਲ ਕਾਂਡ ਅਤੇ ਆਰਮਜ਼ ਐਕਟ ਦੇ ਕੇਸ ਸਨ।

ਭਾਈ ਸਤਪਾਲ ਸਿੰਘ ਢਿੱਲੋ ਦੀਆਂ ਬਾਕੀ ਕੇਸਾਂ ਵਿੱਚ ਜ਼ਮਾਨਤਾਂ ਮੰਜੂਰ ਹੋ ਗਈਆਂ ਅਤੇ ਸੱਤ ਅਪਰੈਲ 1986 ਨੂੰ ਪੁਲੀਸ ਇੰਸਪੈਕਟਰ ਹਰਦਿਆਲ ਸਿੰਘ ਦੇ ਕਤਲ ਦੇ ਮੁਕੱਦਮੇ ਵਿੱਚੋਂ ਬਰੀ ਹੋਣ ਤੇ ਰਿਹਾਈ ਹੋ ਗਈ। ਜਲੰਧਰ ਜਿਲੇ ਦਾ ਪ੍ਰਧਾਨ ਅਤੇ ਮਗਰੌਂ ਕੌਮੀ ਜਥੇਬੰਦਕ ਸਕੱਤਰ ਬਣਾ ਦਿੱਤਾ ਗਿਆ। ਇਸ ਵਕਤ ਫੈਡਰੇਸ਼ਨ ਦੇ ਪ੍ਰਧਾਨ ਭਾਈ ਗੁਰਜੀਤ ਸਿੰਘ ਜੀ ਸਨ । ਜਿਹਨਾਂ ਦੇ ਨਾਲ ਮਿਲ ਕੇ ਆਪ ਜੀ ਨੇ ਫੈਡਰੇਸ਼ਨ ਨੂੰ ਸੁਚੱਜੀ ਅਗਵਾਈ ਦਿੱਤੀ। ਦਸ ਸਤੰਬਰ 1987 ਨੂੰ ਭਾਈ ਸਤਪਾਲ ਸਿੰਘ ਢਿੱਲੋਂ ਨੂੰ ਚੰਡੀਗੜ ਪੁਲੀਸ ਨੇ ਉਸ ਵਕਤ ਗ੍ਰਿਫਤਾਰ ਕਰ ਲਿਆ ਜਦੋਂ ਉਹ ਅਖਬਾਰ ਨੂੰ ਇੱਕ ਪ੍ਰੈੱਸ ਨੋਟ ਦੇਣ ਜਾ ਰਿਹਾ ਸੀ । ਪਹਿਲਾਂ ਬੁੜੈਲ ਅਤੇ ਮਗਰੋਂ ਨਾਭਾ ਜੇਲ ਵਿੱਚ ਭੇਜ ਦਿੱਤਾ ਗਿਆ । ਜਿੱਥੇ ਭਾਈ ਸਤਪਾਲ ਸਿੰਘ ਦੇ ਗਰੁੱਪ ਵਿੱਚ ਸ਼ਾਮਲ ਸਾਥੀ ਪਹਿਲਾਂ ਤੋਂ ਹੀ ਬੰਦ ਸਨ । ਅੱਠ ਜਨਵਰੀ 1990 ਨੂੰ ਆਪਦੀ ਰਿਹਾਈ ਹੋਈ । ਇਸ ਸਮੇਂ ਫੈਡਰਸ਼ਨ ਦੇ ਪ੍ਰਧਾਨ ਭਾਈ ਦਲਜੀਤ ਸਿੰਘ ਬਿੱਟੂ ਸਨ ਜਿਹਨਾਂ ਦੇ ਮੋਢੇ ਨਾਲ ਮੋਢਾ ਡਾਹ ਕੇ ਅਨੇਕਾਂ ਪੰਥਕ ਕਾਰਜ ਕੀਤੇ । ਸ਼ਹੀਦ ਭਾਈ ਸਤਪਾਲ ਸਿੰਘ ਢਿੱਲੋ ਐਮ,ਏ ਪਾਸ ਸੀ।

14 ਸਤੰਬਰ 1990 ਵਾਲੇ ਦਿਨ ਜਲੰਧਰ ਵਿੱਚ ਰੂਪੋਸ਼ ਖਾੜਕੂਆਂ ਦੀ ਮੀਟਿੰਗ ਰੱਖੀ ਗਈ ਸੀ । ਭਾਈ ਸਤਪਾਲ ਸਿੰਘ ਢਿੱਲੋਂ ਨੇ ਪਟਿਆਲੇ ਤੋਂ ਇਸ ਮੀਟਿੰਗ ਵਿੱਚ ਭਾਗ ਲੈਣ ਵਾਸਤੇ ਆਉਣਾ ਸੀ। ਜਦੋਂ ਭਾਈ ਸੱਤਪਾਲ ਸਿੰਘ ਢਿਲੋਂ ਅਤੇ ਬਲਬੀਰ ਸਿੰਘ ਚੀਮਾ ਸਕੂਟਰ ਤੇ ਜਾ ਰਹੇ ਸੀ ਤਾਂ ਪੁਲਿਸ ਕੈਟ ਸੁਖਵਿੰਦਰ ਕਾਕਾ ਨੇ ਆਪਣੇ ਸਾਥੀ ਕੈਟਾਂ ਦੇ ਨਾਲ ਪਿੱਛਾ ਕਰਕੇ ਨਕੋਦਰ ਚੌਂਕ ਜਲੰਧਰ ਵਿੱਖੇ ਪਿੱਛਿਉਂ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ। ਪੁਲਿਸ ਤੇ ਕਾਲੀਆਂ ਬਿੱਲੀਆਂ ਨੇ ਭਾਈ ਸਾਹਿਬ ਨੂੰ ਸਕੂਟਰ ਤੇ ਜਾਂਦੇ ਨੂੰ ਨਕੋਦਰ ਚੌਂਕ ਜਲੰਧਰ ਵਿੱਚ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ । ਆਪ ਦੀ ਸ਼ਹੀਦੀ ਨਾਲ ਖਾੜਕੂ ਲਹਿਰ ਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ।



# ਸਮਾਜ ਵਿਚ ਵਧ ਰਿਹਾ ਤਣਾਅ ਡੇਰਿਆਂ ਦੇ ਫੈਲਣ ਦਾ ਵੱਡਾ ਕਾਰਨ

**- ਜਸਪਾਲ ਸਿੰਘ ਸਿੱਧੂ**

ਡੇਰਾਵਾਦ ਦੇ ਫੈਲਣ ਦੇ ਬੜੇ ਪ੍ਰਤੱਖ ਸਮਾਜਕ ਕਾਰਨ ਹਨ, ਜਿਨਾਂ ਨੂੰ ਸਮਝੇ ਬਗੈਰ ਇਸ ਦੇ ਫੈਲਣ ਦੇ ਕਾਰਨ ਨਹੀਂ ਸਮਝ ਆ ਸਕਦੇ। ਅੱਜਕੱਲ ਚਾਹੇ ਸ਼ਹਿਰ ਹੋਣ ਤੇ ਚਾਹੇ ਪਿੰਡ, ਜਿਸ ਤਰਾਂ ਦੀ ਲੋਕਾਂ ਦੀ ਤਰਜ਼ੇ ਜ਼ਿੰਦਗੀ ਬਣ ਰਹੀ ਹੈ, ਜਿਸ ਤਰਾਂ ਦੀਆਂ ਸਮੱਸਿਆਵਾਂ ਸਮਾਜ ਵਿਚ ਪੈਦਾ ਹੋ ਰਹੀਆਂ ਹਨ, ਉਨਾਂ ਨੇ ਲੋਕਾਂ ਅੰਦਰ ਕਿੰਨੇ ਹੀ ਪ੍ਰਕਾਰ ਦੀਆਂ ਮਾਨਸਿਕ ਗੁੰਝਲਾਂ ਪੈਦਾ ਕਰ ਦਿੱਤੀਆਂ ਹਨ। ਜਿਉਂ ਜਿਉਂ ਜ਼ਿੰਦਗੀ ਦੀ ਦੌੜ ਤੇਜ਼ ਹੋ ਰਹੀ ਹੈ, ਤਿਉਂ ਤਿਉਂ ਇਹ ਗੁੰਝਲਾਂ ਵੀ ਵਧ ਰਹੀਆਂ ਹਨ ਅਤੇ ਨਾਲੋਂ ਨਾਲ ਡੇਰੇ ਵੀ ਫੈਲ ਰਹੇ ਹਨ।

ਇਹ ਘਰ ਘਰ ਦੀ ਗੱਲ ਹੈ। ਹਰ ਬੰਦੇ ਦੀ ਜ਼ਿੰਦਗੀ ਵਿਚ ਅਜਿਹੀਆਂ ਸਮੱਸਿਆਵਾਂ ਹੁੰਦੀਆਂ ਹਨ, ਜਿਨਾਂ ਦਾ ਹੱਲ ਨਾ ਕਿਸੇ ਸਰਕਾਰੀ ਮਹਿਕਮੇ ਕੋਲ ਹੁੰਦਾ ਹੈ, ਨਾ ਕਿਸੇ ਡਾਕਟਰ ਕੋਲ ਹੁੰਦਾ ਹੈ, ਨਾ ਕਿਸੇ ਲੀਡਰ ਕੋਲ ਹੁੰਦਾ ਹੈ। ਕਿਸੇ ਦੇ ਬੱਚਾ ਨਹੀਂ ਹੋ ਰਿਹਾ ਹੁੰਦਾ, ਕਿਸੇ ਦੇ ਘਰ ਵਿਚ ਕਲੇਸ਼ ਰਹਿੰਦਾ ਹੈ, ਕਿਸੇ ਦਾ ਕੰਮ ਨਹੀਂ ਚੱਲ ਰਿਹਾ, ਕਿਸੇ ਨੂੰ ਕੋਈ ਅਜਿਹੀ ਬਿਮਾਰੀ ਹੈ, ਜਿਸ ਦਾ ਇਲਾਜ ਨਹੀਂ ਹੈ। ਕੋਈ ਜ਼ਿੰਦਗੀ ਦੀਆਂ ਅਜਿਹੀਆਂ ਸਮੱਸਿਆਵਾਂ ਕਾਰਨ ਮਾਨਸਿਕ ਤੌਰ 'ਤੇ ਡੋਲ ਚੁੱਕਿਆ ਹੈ। ਅਜਿਹੇ ਲੋਕ ਕੀ ਕਰਨ? ਪੱਛਮ ਵਿਚ ਲੋਕ ਮਾਨਸਿਕ ਰੋਗਾਂ ਦੇ ਮਾਹਿਰਾਂ ਕੋਲ ਚਲੇ ਜਾਂਦੇ ਹਨ। ਕੋਈ ਕਿਸੇ ਰਿਲੇਸ਼ਨਸ਼ਿਪ ਕੰਨਸਲਟੈਂਟ ਦੀ ਸਲਾਹ ਲੈਂਦਾ ਹੈ। ਪਰ ਸਾਡੇ ਸਮਾਜ ਵਿਚ ਅਜਿਹੀਆਂ ਨਾ ਸਹੂਲਤਾਂ ਹਨ ਅਤੇ ਨਾ ਇਸ ਤਰਾਂ ਦੀ ਚੇਤਨਾ ਹੈ। ਕਈ ਮਾਨਸਿਕ ਸਮੱਸਿਆਵਾਂ ਸਾਡੇ ਕਲਚਰ ਨਾਲ ਜੁੜੀਆਂ ਹਨ। ਮਿਸਾਲ ਦੇ ਤੌਰ 'ਤੇ ਕੋਈ ਪਰਿਵਾਰ ਸਿਰਫ ਇਸ ਕਰਕੇ ਪ੍ਰੇਸ਼ਾਨ ਹੁੰਦਾ ਹੈ ਕਿ ਉਨਾਂ ਦੇ ਮੁੰਡਾ ਨਹੀਂ ਹੋ ਰਿਹਾ। ਉਨਾਂ ਨੂੰ ਨਾ ਕੋਈ ਡਾਕਟਰ ਸਮਝਾ ਸਕਦਾ ਹੈ, ਨਾ ਕੋਈ ਲੀਡਰ ਅਤੇ ਨਾ ਕੋਈ ਕਿਤਾਬ ਪੜ ਕੇ ਉਹ ਆਪਣੀ ਇਸ ਮਾਨਸਿਕ ਗੁੰਝਲ ਤੋਂ ਮੁਕਤ ਹੋ ਸਕਦੇ ਹਨ। ਅਜਿਹੇ ਮਾਨਸਿਕ ਸੰਕਟਾਂ ਵਿਚ ਫਸੇ ਲੋਕ ਹੀ ਕਿਸੇ ਸੰਤ, ਕਿਸੇ ਡੇਰੇਦਾਰ ਦਾ ਸਹਾਰਾ ਲੱਭਦੇ ਹਨ। ਅਜਿਹੇ ਲੋਕਾਂ ਨੂੰ ਇਹ ਕਹਿ ਕੇ ਸਮਝਾਇਆ ਨਹੀਂ ਜਾ ਸਕਦਾ ਕਿ ਤੁਸੀਂ ਸ਼ਬਦ ਗੁਰੂ ਦੇ ਲੜ ਲੱਗੋ ਜਾਂ ਬਾਣੀ ਦਾ ਪਾਠ ਕਰੋ। ਇਸ ਤਰਾਂ ਦੀ ਮਾਨਸਿਕ ਹਾਲਤ ਵਿਚ ਡੋਲ ਰਹੇ ਆਦਮੀ ਨੂੰ ਇਨਸਾਨੀ ਛੂਹ ਦੀ ਲੋੜ ਹੁੰਦੀ ਹੈ ਅਤੇ ਇਸ ਲੋੜ ਦੀ ਪੂਰਤੀ ਲਈ ਡੇਰੇ ਵਿਚ ਆ ਜਾਂਦੇ ਹਨ। ਸਮਾਜ ਦੀਆਂ, ਲੋਕਾਂ ਦੀਆਂ ਇਸ ਤਰਾਂ ਦੀਆਂ ਗੁੰਝਲਾਂ ਅਤੇ ਸਮੱਸਿਆਵਾਂ ਨੂੰ ਮੁਖਾਤਿਬ ਹੋਣ ਦਾ ਕੋਈ ਢੰਗ ਲੱਭੇ ਤੋਂ ਬਗੈਰ ਡੇਰਾਵਾਦ ਦੀ ਸਮੱਸਿਆ ਦਾ ਨਾ ਕੋਈ ਇਲਾਜ ਹੈ ਅਤੇ ਨਾ ਇਸ ਨੂੰ ਸਮਝਿਆ ਜਾ ਸਕਦਾ ਹੈ। ਪੱਛਮੀ ਮੁਲਕਾਂ ਵਿਚ ਮਨੋਚਕਿਤਸਾ ਹਸਪਤਾਲਾਂ ਅਤੇ ਮਾਨਸਿਕ ਰੋਗਾਂ ਦੇ ਡਾਕਟਰਾਂ ਦਾ ਵਿਸ਼ਾਲ ਤੰਤਰ ਬਣ ਗਿਆ ਹੈ, ਸਾਡੇ ਲੋਕਾਂ ਕੋਲ ਡੇਰੇ ਹੀ ਹਨ। ਇਸ ਕਰਕੇ ਡੇਰਾਵਾਦ ਫੈਲਣ ਦੀਆਂ ਗੱਲਾਂ ਨੂੰ ਲੈ ਕੇ ਝੂਰਨ ਅਤੇ ਖਫਾ ਹੋਣ ਦੀ ਬਜਾਏ ਸਭ ਤੋਂ ਪਹਿਲਾਂ ਇਹ ਸਮਝਣਾ ਚਾਹੀਦਾ ਹੈ ਕਿ ਲੋਕ ਕਿਸ ਕਾਰਨ ਡੇਰਿਆਂ ਵੱਲ ਜਾਂਦੇ ਹਨ। ਪੰਜਾਬ ਵਿਚ ਜਾਂ ਸਿੱਖਾਂ ਵਿਚ ਡੇਰਾਵਾਦ ਜ਼ਿਆਦਾ ਫੈਲਣ ਦੇ ਕੁੱਝ ਹੋਰ ਕਾਰਨ ਵੀ ਹਨ। ਸਾਡੇ ਗੁਰਦੁਆਰੇ ਨਾ ਸਿਰਫ ਚੌਧਰ ਵਾਲੀ ਅਤੇ ਭ੍ਰਿਸ਼ਟ ਸਿਆਸਤ ਦਾ ਅੱਡਾ ਬਣੇ ਹਨ, ਬਲਕਿ ਇਨਾਂ ਵਿਚ ਜਾਤੀ ਹੰਕਾਰ ਨਾਲ ਭਰੇ ਹੋਏ ਲੋਕ ਵੀ ਅੱਗੇ ਆ ਗਏ ਹਨ, ਜਿਹੜੇ ਗਰੀਬਾਂ ਅਤੇ ਪਛੜੀਆਂ ਜਾਤਾਂ ਦੇ ਲੋਕਾਂ ਨੂੰ ਨੇੜੇ ਨਹੀਂ ਲੱਗਣ ਦਿੰਦੇ। ਪੰਜਾਬ ਦੀ ਆਬਾਦੀ ਵਿਚ ਇਕ ਤਿਹਾਈ ਦਲਿਤਾਂ ਦੀ ਆਬਾਦੀ ਹੈ। ਜੇ ਸਮਾਜ ਦੇ ਐਨੇ ਵੱਡੇ ਤਬਕੇ ਨੂੰ ਗੁਰਦੁਆਰਿਆਂ ਵਾਲੇ ਅਣਡਿੱਠ ਕਰਨਗੇ ਤਾਂ ਉਨਾਂ ਕਿਤੇ ਤਾਂ ਜਾਣਾ ਹੀ ਹੈ। ਜੇ ਉਨਾਂ ਨੂੰ ਗੁਰਦੁਆਰਿਆਂ ਵਾਲੇ ਨੀਵੇਂ ਸਮਝਣਗੇ ਤਾਂ ਉਹ ਡੇਰਿਆਂ 'ਤੇ ਚਲੇ ਜਾਣਗੇ।

ਸਿੱਖ ਧਰਮ ਇਕ ਖੁੱਲਾ ਅਤੇ ਉਦਾਰ ਧਰਮ ਸੀ। ਸਾਰੀ ਦੁਨੀਆਂ ਦੇ ਧਿਆਨ ਦਾ ਕੇਂਦਰ ਬਣਿਆ ਹੋਇਆ ਹੈ। ਪਰ ਅਸੀਂ ਸਿੱਖ ਧਰਮ ਨੂੰ ਅਜਿਹਾ ਧਰਮ ਬਣਾਉਣ ਤੁਰ ਪਏ ਹਾਂ, ਜਿਸ ਵਿਚ ਪਾਬੰਦੀਆਂ ਹੀ ਪਾਬੰਦੀਆਂ ਹੋਣ। ਜਿਸ ਵਿਚ ਜ਼ਰਾ ਜਿੰਨੀ ਵੀ ਸਹਿਣਸ਼ੀਲਤਾ ਨਾ ਹੋਵੇ। ਜਿਸ ਵਿਚ ਨਿੱਕੀ ਜਿਹੀ ਗੱਲ 'ਤੇ ਤਿੱਖਾ ਅਤੇ ਹਿੰਸਕ ਪ੍ਰਤੀਕਰਮ ਹੋਵੇ। ਇਸ ਤਰਾਂ ਦਾ ਰੁਝਾਨ ਜਿੱਥੇ ਇਕ ਪਾਸੇ ਡੇਰਾਵਾਦ ਦੇ ਫੈਲਣ ਦਾ ਕਾਰਨ ਬਣੇਗਾ, ਦੂਜੇ ਪਾਸੇ ਕਦੇ ਵੀ ਡੇਰਾਵਾਦ ਦੀ ਸਮੱਸਿਆ ਦਾ ਕੋਈ ਪੱਕਾ ਹੱਲ ਨਹੀਂ ਲੱਭ ਸਕੇਗਾ। ਇਸ ਕਰਕੇ ਡੇਰਾਵਾਦ ਦੀ ਸਮੱਸਿਆ ਬਾਰੇ ਕੋਈ ਵੀ ਉਤੇਜਕ ਪ੍ਰਤੀਕਰਮ ਕਰਨ ਦੀ ਥਾਂ ਆਤਮ ਚਿੰਤਨ ਕਰਨ।

ਸਮਾਜ ਦੀਆਂ, ਲੋਕਾਂ ਦੀਆਂ ਇਸ ਤਰਾਂ ਦੀਆਂ ਗੁੰਝਲਾਂ ਅਤੇ ਸਮੱਸਿਆਵਾਂ ਨੂੰ ਮੁਖਾਤਿਬ ਹੋਣ ਦਾ ਕੋਈ ਢੰਗ ਲੱਭੇ ਤੋਂ ਬਗੈਰ ਡੇਰਾਵਾਦ ਦੀ ਸਮੱਸਿਆ ਦਾ ਨਾ ਕੋਈ ਇਲਾਜ ਹੈ ਅਤੇ ਨਾ ਇਸ ਨੂੰ ਸਮਝਿਆ ਜਾ ਸਕਦਾ ਹੈ। ਪੱਛਮੀ ਮੁਲਕਾਂ ਵਿਚ ਮਨੋਚਕਿਤਸਾ ਹਸਪਤਾਲਾਂ ਅਤੇ ਮਾਨਸਿਕ ਰੋਗਾਂ ਦੇ ਡਾਕਟਰਾਂ ਦਾ ਵਿਸ਼ਾਲ ਤੰਤਰ ਬਣ ਗਿਆ ਹੈ, ਸਾਡੇ ਲੋਕਾਂ ਕੋਲ ਡੇਰੇ ਹੀ ਹਨ। ਇਸ ਕਰਕੇ ਡੇਰਾਵਾਦ ਫੈਲਣ ਦੀਆਂ ਗੱਲਾਂ ਨੂੰ ਲੈ ਕੇ ਝੂਰਨ ਅਤੇ ਖਫਾ ਹੋਣ ਦੀ ਬਜਾਏ ਸਭ ਤੋਂ ਪਹਿਲਾਂ ਇਹ ਸਮਝਣਾ ਚਾਹੀਦਾ ਹੈ ਕਿ ਲੋਕ ਕਿਸ ਕਾਰਨ ਡੇਰਿਆਂ ਵੱਲ ਜਾਂਦੇ ਹਨ। ਪੰਜਾਬ ਵਿਚ ਜਾਂ ਸਿੱਖਾਂ ਵਿਚ ਡੇਰਾਵਾਦ ਜ਼ਿਆਦਾ ਫੈਲਣ ਦੇ ਕੁੱਝ ਹੋਰ ਕਾਰਨ ਵੀ ਹਨ। ਸਾਡੇ ਗੁਰਦੁਆਰੇ ਨਾ ਸਿਰਫ ਚੌਧਰ ਵਾਲੀ ਅਤੇ ਭ੍ਰਿਸ਼ਟ ਸਿਆਸਤ ਦਾ ਅੱਡਾ ਬਣੇ ਹਨ, ਬਲਕਿ ਇਨਾਂ ਵਿਚ ਜਾਤੀ ਹੰਕਾਰ ਨਾਲ ਭਰੇ ਹੋਏ ਲੋਕ ਵੀ ਅੱਗੇ ਆ ਗਏ ਹਨ, ਜਿਹੜੇ ਗਰੀਬਾਂ ਅਤੇ ਪਛੜੀਆਂ ਜਾਤਾਂ ਦੇ ਲੋਕਾਂ ਨੂੰ ਨੇੜੇ ਨਹੀਂ ਲੱਗਣ ਦਿੰਦੇ। ਪੰਜਾਬ ਦੀ ਆਬਾਦੀ ਵਿਚ ਇਕ ਤਿਹਾਈ ਦਲਿਤਾਂ ਦੀ ਆਬਾਦੀ ਹੈ। ਜੇ ਸਮਾਜ ਦੇ ਐਨੇ ਵੱਡੇ ਤਬਕੇ ਨੂੰ ਗੁਰਦੁਆਰਿਆਂ ਵਾਲੇ ਅਣਡਿੱਠ ਕਰਨਗੇ ਤਾਂ ਉਨਾਂ ਕਿਤੇ ਤਾਂ ਜਾਣਾ ਹੀ ਹੈ। ਜੇ ਉਨਾਂ ਨੂੰ ਗੁਰਦੁਆਰਿਆਂ ਵਾਲੇ ਨੀਵੇਂ ਸਮਝਣਗੇ ਤਾਂ ਉਹ ਡੇਰਿਆਂ 'ਤੇ ਚਲੇ ਜਾਣਗੇ।

# ਇਮਿਊਨਿਟੀ ਸਿਸਟਮ ਵਾਇਰਸ ਨੂੰ ਕਿਵੇਂ ਕੰਟਰੋਲ ਕਰਦੇ

**- ਵਿਜੈ ਗਰਗ**

ਕੋਈ ਵਾਇਰਸ, ਬੈਕਟੀਰੀਆ ਜਾਂ ਹੋਰ ਕੀਟਾਣੂ ਸਰੀਰ ਅੰਦਰ ਵੜਨ ਦੀ ਕੋਸ਼ਿਸ਼ ਕਰਦੇ ਹਨ ਤਾਂ ਇੱਕ ਸਿਸਟਮ ਰਾਹੀਂ ਉਨਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਸਰੀਰ ਦੇ ਵੱਖੋ-ਵੱਖ ਹਿੱਸਿਆਂ ਵਿਚ ਜੜੇ ਯੰਤਰ, ਇਹ ਫੈਸਲਾ ਲੈਂਦੇ ਹਨ ਕਿ ਇਹ ਕੀਟਾਣੂ ਸਰੀਰ ਲਈ ਠੀਕ ਹਨ ਜਾਂ ਨਹੀਂ। ਫੇਰ ਉਨਾਂ ਨੂੰ ਉੱਥੋਂ ਹੀ ਨਿੱਛ ਰਾਹੀਂ ਜਾਂ ਖੰਘ ਰਾਹੀਂ ਬਾਹਰ ਕੱਢਣ ਜਾਂ ਸਰੀਰ ਦੇ ਲਿੰਫੈਟਿਕ ਸਿਸਟਮ (ਹੱਡੀਆਂ ਦਾ ਮਾਦਾ, ਤਿਲੀ, ਥਾਈਮਸ, ਲਿੰਫ ਨੋਡ-ਗਿਲਟੀਆਂ) ਰਾਹੀਂ ਤਿਆਰ ਕੀਤੇ ਸੈੱਲਾਂ ਨਾਲ ਮਾਰਨ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ ਜਾਂਦੀ ਹੈ।

ਹੱਡੀਆਂ ਦੇ ਮਾਦੇ ਵਿੱਚੋਂ ਚਿੱਟੇ ਸੈੱਲ ਤਿਆਰ ਹੁੰਦੇ ਹਨ ਜਿਨਾਂ ਦਾ ਕੰਮ ਕੀਟਾਣੂਆਂ ਨਾਲ ਲੜਨਾ ਹੈ। ਤਿਲੀ ਵੀ ਕੀਟਾਣੂ ਮਾਰਦੀ ਹੈ। ਥਾਈਮਸ ਵਿਚ ਟੀ-ਸੈੱਲ ਬਣਦੇ ਹਨ ਜੋ ਕੀਟਾਣੂ ਲੱਦੇ ਸੈੱਲਾਂ ਨੂੰ ਮਾਰਦੇ ਹਨ। ਲਿੰਫ ਨੋਡ ਵਿਚ ਫੌਜੀ ਸੈੱਲ ਤਿਆਰ ਵੀ ਹੁੰਦੇ ਹਨ ਤੇ ਜਮਾਂ ਵੀ ਹੁੰਦੇ ਰਹਿੰਦੇ ਹਨ। ਬੀ-ਸੈੱਲ ਐਂਟੀਬਾਡੀ ਤਿਆਰ ਕਰਦੇ ਹਨ ਅਤੇ ਕੀਟਾਣੂਆਂ ਉੱਤੇ ਹਮਲਾ ਬੋਲਦੇ ਹਨ। ਟੀ-ਸੈਲ ਉਨਾਂ ਨੂੰ ਮਾਰ ਮੁਕਾਉਂਦੇ ਹਨ।

ਜਿਵੇਂ ਹੀ ਬੈਕਟੀਰੀਆ, ਵਾਇਰਸ, ਉੱਲੀ, ਕੈਂਸਰ ਸੈੱਲ ਆਦਿ ਦੇ ਬਾਹਰਵਾਰ ਲੱਗੇ ਪ੍ਰੋਟੀਨ ਘੁੰਮਦੇ ਫਿਰਦੇ ਜਾਂ ਟਿਕੇ ਹੋਏ ਇਮਿਊਨ ਸੈੱਲਾਂ ਨਾਲ ਜੁੜਦੇ ਹਨ ਤਾਂ ਝਟਪਟ ਅੱਗੇ ਇਸ ਕੀਟਾਣੂ ਬਾਰੇ ਜਾਣਕਾਰੀ ਭੇਜ ਦਿੱਤੀ ਜਾਂਦੀ ਹੈ।

ਜੇ ਕੀਟਾਣੂ ਪਹਿਲੀ ਵਾਰ ਸਰੀਰ ਅੰਦਰ ਵੜਿਆ ਹੋਵੇ ਤਾਂ ਉਸ ਬਾਰੇ ਪਹਿਲਾਂ ਸਾਰੀ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ ਕਿ ਕਿਵੇਂ ਮਾਰਨਾ ਹੈ ਜਾਂ ਕਾਬੂ ਕਰਨਾ ਹੈ। ਜੇ ਦੂਜੀ ਵਾਰ ਵੜਿਆ ਹੋਵੇ ਤਾਂ ਪਹਿਲਾਂ ਦੇ ਤਿਆਰ ਹੋਏ ਫੌਜੀ ਸੈੱਲ ਝਟਪਟ ਕੀਟਾਣੂ ਨੂੰ ਮਾਰ ਮੁਕਾਉਂਦੇ ਹਨ।

ਕਦੇ ਕਦਾਈਂ ਸਰੀਰ ਦੇ ਫੌਜੀ ਸੈੱਲ ਆਪਣੇ ਹੀ ਸੈੱਲਾਂ ਉੱਪਰਲੀ ਪ੍ਰੋਟੀਨ ਉੱਤੇ ਹੱਲਾ ਬੋਲ ਦਿੰਦੇ ਹਨ। ਇਸ ਨੂੰ 'ਆਟੋ ਇਮਿਊਨ ਰਿਸਪੌਂਸ' ਕਹਿੰਦੇ ਹਨ। ਅਡੈਪਟਿਵ ਦਾ ਕੰਮ ਹੁੰਦਾ ਹੈ ਐਂਟੀਬਾਡੀਜ਼ ਬਣਾਉਣੀਆਂ ਤੇ ਇਕ ਖ਼ਾਸ ਕਿਸਮ ਦੇ ਕੀਟਾਣੂ ਮਾਰ ਮੁਕਾਉਣੇ ਜੋ ਪਹਿਲਾਂ ਬੀਮਾਰੀ ਕਰ ਚੁੱਕੇ ਹੋਣ। ਇਹ ਪਹਿਲੇ ਹੱਲੇ ਉੱਤੇ ਨਹੀਂ ਬਲਕਿ ਕੀਟਾਣੂਆਂ ਦੇ ਦੂਜੇ ਹੱਲੇ ਉੱਤੇ ਕੰਮ ਸ਼ੁਰੂ ਕਰਦੇ ਹਨ। ਨੱਕ ਪਿੱਛਲੇ ਐਡੀਨਾਈਡ ਗ੍ਰੰਥੀਆਂ, ਹੱਡੀਆਂ ਦਾ ਮਾਦਾ, ਗਿਲਟੀਆਂ (ਲਿੰਫ ਨੋਡ), ਲਿੰਫੈਨਿਕ ਨਸਾਂ, ਅੰਤੜੀਆਂ ਵਿਚਲੇ ਪਾਇਰ ਪੈਚ, ਤਿਲੀ, ਟੌਂਸਿਲ, ਥਾਈਮਸ (ਛਾਤੀ ਵਿਚਲਾ ਗਲੈਂਡ) ਆਦਿ ਸਭ ਸਰੀਰ ਦੇ ਇਮਿਊਨ ਸਿਸਟਮ ਦਾ ਹੀ ਹਿੱਸਾ ਹਨ।

ਜਦੋਂ ਕਿਸੇ ਨੂੰ ਐਂਟੀਬਾਇਓਟਿਕ ਦਵਾਈਆਂ ਖਾਣ ਲਈ ਦਿੱਤੀਆਂ ਜਾਂਦੀਆਂ ਹਨ ਤਾਂ ਇਹ ਸਰੀਰ ਅੰਦਰ ਵੜੇ ਬੈਕਟੀਰੀਆ ਕੀਟਾਣੂ ਮਾਰ ਸਕਦੀਆਂ ਹਨ ਪਰ ਵਾਇਰਸ ਜਾਂ ਉੱਲੀ ਨਹੀਂ। ਜੇ ਬੇਲੋੜੀਆਂ ਐਂਟੀਬਾਇਓਟਿਕ ਦਵਾਈਆਂ ਖਾਧੀਆਂ ਜਾਣ ਤਾਂ ਉਹ ਕਿਸੇ ਬੈਕਟੀਰੀਆ ਨੂੰ ਮਾਰ ਹੀ ਨਹੀਂ ਸਕਦੀਆਂ ਪਰ ਸਰੀਰ ਉਨਾਂ ਵਿਰੁੱਧ ਆਪਣੇ ਐਂਟੀਬਾਡੀ ਸੈੱਲ ਬਣਾ ਲੈਂਦਾ ਹੈ ਜਿਸ ਕਰ ਕੇ ਦੁਬਾਰਾ ਲੋੜ ਪੈਣ ਉੱਤੇ ਇਹ ਦਵਾਈਆਂ ਬੇਅਸਰ ਹੋ ਜਾਂਦੀਆਂ ਹਨ। ਜੇ ਗਲਤ ਦਵਾਈ ਦੇ ਦਿੱਤੀ ਜਾਵੇ ਤਾਂ ਬੈਕਟੀਰੀਆ ਕੀਟਾਣੂ ਜ਼ਿਆਦਾ ਜ਼ਹਿਰੀ ਹੋ ਜਾਂਦੇ ਹਨ ਅਤੇ ਦਵਾਈ ਉਨਾਂ ਉੱਤੇ ਅਸਰ ਕਰਦੀ ਹੀ ਨਹੀਂ।

ਜੇ ਅਸਰ ਕਰਦੀ ਦਵਾਈ ਪੂਰੇ ਸਮੇਂ ਲਈ ਨਾ ਖਾਧੀ ਜਾਵੇ ਤਾਂ ਵੀ ਬੈਕਟੀਰੀਆ ਕੀਟਾਣੂ ਦੁਬਾਰਾ ਵਧ ਕੇ ਤਗੜਾ ਹੱਲਾ ਕਰ ਦਿੰਦੇ ਹਨ ਜਿੱਥੇ ਉਹ ਦਵਾਈ ਬੇਅਸਰ ਸਾਬਤ ਹੋ ਜਾਂਦੀ ਹੈ। ਇੰਜ ਹੀ ਜੇ ਲੋੜੋਂ ਵੱਧ ਸਮੇਂ ਤੱਕ ਦਵਾਈ ਖਾਧੀ ਜਾਵੇ, ਤਾਂ ਵੀ ਇਹੋ ਕੁੱਝ ਹੁੰਦਾ ਹੈ।

ਅੱਜ ਤੱਕ ਸਰੀਰ ਅੰਦਰਲੇ ਇਮਿਊਨਿਟੀ ਸਿਸਟਮ ਦੇ ਜਾਲ ਅਤੇ ਉਸ ਦੇ ਕੰਮ ਕਰਨ ਦੇ ਢੰਗ ਬਾਰੇ ਪੂਰੀ ਜਾਣਕਾਰੀ ਨਹੀਂ ਮਿਲ ਸਕੀ ਹੈ। ਇਹ ਵੀ ਪਤਾ ਨਹੀਂ ਲੱਗ ਸਕਿਆ ਕਿ ਇੱਕੋ ਵੇਲੇ ਇਸ ਸਿਸਟਮ ਦਾ ਕਿੰਨਾ ਹਿੱਸਾ ਹਰਕਤ ਵਿਚ ਆਇਆ ਹੈ ਤੇ ਕਿੰਨੀ ਦੇਰ ਰਹੇਗਾ!

ਜੇ ਇਮਿਊਨ ਸਿਸਟਮ ਲੋੜੋਂ ਵੱਧ ਹਰਕਤ ਵਿਚ ਆ ਜਾਵੇ ਤਾਂ ਆਪਣੇ ਹੀ ਸਰੀਰ ਦੇ ਸੈੱਲਾਂ ਨੂੰ ਖਾਣ ਲੱਗ ਪੈਂਦਾ ਹੈ। ਇਸ ਦੇ ਨਤੀਜੇ ਵਜੋਂ ਕਈ ਭਿਆਨਕ ਬੀਮਾਰੀਆਂ ਸ਼ੁਰੂ ਹੋ ਸਕਦੀਆਂ ਹਨ ਜਿਨਾਂ ਲਈ ਪੂਰੀ ਉਮਰ ਦਵਾਈ ਖਾਣੀ ਪੈ ਸਕਦੀ ਹੈ, ਜਿਵੇਂ ਸ਼ੱਕਰ ਰੋਗ, ਰਿਊਮੈਟਾਇਡ ਆਰਥਰਾਈਟਿਸ, ਲਿਊਪਸ ਆਦਿ। ਸਦੀਆਂ ਤੋਂ ਖੋਜੀ ਡਾਕਟਰ ਇਸ ਬਾਰੇ ਕਿਆਸ ਲਾ ਰਹੇ ਹਨ ਕਿ ਸ਼ਾਇਦ ਕੋਈ ਖ਼ੁਰਾਕ, ਕਿਸੇ ਤਰਾਂ ਦੀ ਇਨਫੈਕਸ਼ਨ ਜਾਂ ਕਿਸੇ ਕਿਸਮ ਦੇ ਪਾਣੀ ਜਾਂ ਹਵਾ ਵਿਚਲੇ ਮਾੜੇ ਤੱਤ ਆਦਿ ਇਸ ਦੇ ਕਾਰਣ ਹੋਣਗੇ। ਪਰ ਹਾਲੇ ਤੱਕ ਇੱਕ ਵੀ ਕਿਆਸ ਸਾਬਤ ਨਹੀਂ ਹੋ ਸਕਿਆ। ਹੋ ਸਕਦਾ ਹੈ ਕਿ ਇਨਾਂ ਤੋਂ ਇਲਾਵਾ ਕੋਈ ਹੋਰ ਕਾਰਨ ਹੋਵੇ ਜਾਂ ਸਾਰੇ ਕਾਰਨ ਇਕੱਠੇ ਅਸਰ ਕਰਦੇ ਹੋਣ!

**ਕੀ ਲੋੜੋਂ ਵੱਧ ਵਿਟਾਮਿਨ ਜਾਂ ਮਿਨਰਲ ਤੱਤ ਇਮਿਊਨ ਸਿਸਟਮ ਦਾ ਕੰਮ ਵਧਾ ਸਕਦੇ ਹਨ ?**

ਸਭ ਤੋਂ ਜ਼ਰੂਰੀ ਨੁਕਤਾ ਇਹ ਹੈ ਕਿ ਇਮਿਊਨ ਸਿਸਟਮ ਨੂੰ ਆਪਣਾ ਕੰਮ-ਕਾਰ ਕਰਨ ਦਿੱਤਾ ਜਾਵੇ ਤੇ ਉਸ ਵਿਚ ਕੋਈ ਰੋਕ ਜਾਂ ਅੜਚਨ ਨਾ ਪਾਈ ਜਾਵੇ।

ਜੇ ਮਦਦ ਕੀਤੀ ਜਾ ਸਕਦੀ ਹੈ ਤਾਂ ਕੀਟਾਣੂਆਂ ਦੇ ਹਮਲੇ ਨੂੰ ਘਟਾ ਕੇ ਕੀਤੀ ਜਾ ਸਕਦੀ ਹੈ। ਮਿਸਾਲ ਵਜੋਂ, ਹੱਥ ਸਾਫ਼ ਰੱਖੇ ਜਾਣ! ਜੇ ਲੋੜੋਂ ਵੱਧ ਸੈਨੇਟਾਈਜ਼ਰ ਵਰਤੇ ਜਾਣ ਤਾਂ ਚਮੜੀ ਉੱਤੇ ਪਏ ਚੰਗੇ ਬੈਕਟੀਰੀਆ ਖ਼ਤਮ ਹੋ ਜਾਣਗੇ, ਜੋ ਇਮਿਊਨ ਸਿਸਟਮ ਦੀ ਮਦਦ ਕਰਨ ਲਈ ਬੈਠੇ ਹੁੰਦੇ ਹਨ। ਇਨਾਂ ਦਾ ਕੰਮ ਹੁੰਦਾ ਹੈ ਮਾੜੇ ਬੈਕਟੀਰੀਆ ਨੂੰ ਚਮੜੀ ਰਾਹੀਂ ਸਰੀਰ ਅੰਦਰ ਵੜਨ ਹੀ ਨਾ ਦਿੱਤਾ ਜਾਵੇ। ਇੰਜ ਇਮਿਊਨ ਸਿਸਟਮ ਦੀ ਆਪੇ ਹੀ ਕੁਦਰਤੀ ਤੌਰ ਉੱਤੇ ਮਦਦ ਹੋ ਜਾਂਦੀ ਹੈ।

1. ਸਾਬਣ ਨਾਲ ਜਾਂ ਸਾਫ਼ ਪਾਣੀ ਨਾਲ ਦਿਨ ਵਿਚ ਕਈ ਵਾਰ ਹੱਥ ਧੋਣ ਨਾਲ ਵੀ ਕਈ ਚੰਗੇ ਬੈਕਟੀਰੀਆ ਚਿਪਕੇ ਰਹਿੰਦੇ ਹਨ। ਜੇ ਇਹ ਨਾ ਰਹਿਣ ਤਾਂ ਮਾੜੇ ਬੈਕਟੀਰੀਆ ਵੱਡੀ ਗਿਣਤੀ ਵਿਚ ਸਰੀਰ ਉੱਤੇ ਹੱਲਾ ਬੋਲ ਸਕਦੇ ਹਨ ਜਿਨਾਂ ਲਈ ਸਰੀਰ ਦੇ ਸੈੱਲ ਤਿਆਰ ਨਹੀਂ ਹੁੰਦੇ।

2. ਖਾਣਾ ਚੰਗੀ ਤਰਾਂ ਪਕਾ ਕੇ ਖਾਧਾ ਜਾਵੇ ਤਾਂ ਵੀ ਬਹੁਤ ਸਾਰੇ ਮਾੜੇ ਕੀਟਾਣੂ ਖ਼ਤਮ ਹੋ ਸਕਦੇ ਹ

3 ਰੋਜ਼ਾਨਾ 40 ਮਿੰਟ ਕਸਰਤ ਕਰਦੇ ਰਹਿਣ ਨਾਲ ਸਾਰਾ ਸਰੀਰ ਹੀ ਚੁਸਤ ਹੋ ਜਾਂਦਾ ਹੈ ਤੇ ਇਸੇ ਨਾਲ ਹੀ ਇਮਿਊਨ ਸਿਸਟਮ ਵੀ। ਇੰਜ ਭਾਰ ਕਾਬੂ ਵਿਚ ਰਹਿੰਦਾ ਹੈ ਤੇ ਮੋਟਾਪੇ ਤੋਂ ਹੋ ਰਹੀਆਂ ਬੀਮਾਰੀਆਂ ਤੋਂ ਵੀ ਬਚਾਓ ਹੋ ਜਾਂਦਾ ਹੈ।

4 ਬਲੱਡ ਪ੍ਰੈੱਸ਼ਰ ਨਾ ਵਧਣ ਦਿੱਤਾ ਜਾਵੇ ਅਤੇ ਤਣਾਓ ਘੱਟ ਸਹੇੜਿਆ ਜਾਵੇ। ਤਣਾਓ ਸਾਡੇ ਪੂਰੇ ਸਰੀਰ ਦਾ ਨਾਸ ਮਾਰ ਦਿੰਦਾ ਹੈ ਤੇ ਇਮਿਊਨ ਸਿਸਟਮ ਨੂੰ ਠੱਪ ਕਰ ਦਿੰਦਾ ਹੈ।5 ਪੂਰੀ ਨੀਂਦਰ ਲੈਣ ਨਾਲ ਸਰੀਰ ਦੇ ਸੈੱਲਾਂ ਨੂੰ ਰਿਪੇਅਰ ਕਰਨ ਦਾ ਸਮਾਂ ਮਿਲ ਜਾਂਦਾ ਹੈ।

ਚਮੜੀ, ਸਾਹ ਦੇ ਰਾਹ ਤੇ ਮੂੰਹ ਅੰਦਰਲੀ ਪਰਤ ਵਾਇਰਸ ਲਈ ਰੋਕਾ ਬਣ ਕੇ ਖੜੇ ਹਨ।

ਜਦੋਂ ਵੱਡੀ ਗਿਣਤੀ ਵਾਇਰਸ ਹੱਲਾ ਬੋਲ ਕੇ ਇਹ ਰਾਹ ਲੰਘ ਜਾਣ ਤਾਂ ਇੰਨੇਟ ਇਮਿਊਨਿਟੀ ਕੰਮ ਸ਼ੁਰੂ ਕਰ ਦਿੰਦੀ ਹੈ। ਇਸ ਵਿਚ ਕੁੱਝ ਕੈਮੀਕਲ ਤੇ ਬਾਕੀ ਸਰੀਰ ਦੇ ਸੈੱਲ ਰਲ ਮਿਲ ਕੇ ਵਾਇਰਸ ਨੂੰ ਢਾਅ ਲੈਂਦੇ ਹਨ। ਜੇ ਵਾਇਰਸ ਬਹੁਤ ਜ਼ਿਆਦਾ ਮਾਤਰਾ ਵਿਚ ਹੋਵੇ ਤਾਂ ਸਰੀਰ ਦੇ ਸੈੱਲ ਤੇ ਪ੍ਰੋਟੀਨ ਰਲ ਕੇ ਕੁੱਝ ਦਿਨਾਂ ਜਾਂ ਹਫਤਿਆਂ ਵਿਚ ਐਂਟੀਬਾਡੀ ਤਿਆਰ ਕਰ ਲੈਂਦੇ ਹਨ ਤੇ ਫੇਰ ਵਾਇਰਸ ਨੂੰ ਮਾਰ ਮੁਕਾਉਂਦੇ ਹਨ।

ਜੇ ਸਰੀਰ ਦਾ ਸਾਰਾ ਸਿਸਟਮ ਫੇਲ ਹੋ ਜਾਵੇ ਅਤੇ ਵਾਇਰਸ ਉਸ ਤੋਂ ਵੀ ਕਿਤੇ ਵੱਧ ਹੋਵੇ ਤਾਂ ਮੌਤ ਹੋ ਸਕਦੀ ਹੈ।

ਧਿਆਨ ਰਹੇ ਕਿ ਟੀ-ਸੈੱਲ ਵੱਲੋਂ ਬਣਾਈ ਫੌਜ ਸਿਰਫ਼ ਉਸੇ ਹਮਲੇ ਵਿਚ ਵੜੀ ਵਾਇਰਸ ਵਿਰੁੱਧ ਹੀ ਅਸਰਦਾਰ ਸਾਬਤ ਹੁੰਦੀ ਹੈ। ਮਿਸਾਲ ਵਜੋਂ ਜੇ ਕੋਵਿਡ 19 ਖ਼ਿਲਾਫ਼ ਸੈੱਲ ਤਿਆਰ ਹੋ ਚੁੱਕੇ ਹਨ ਤਾਂ ਉਹ ਇਨਫਲੂਐਂਜ਼ਾ ਵਾਇਰਸ ਵਿਰੁੱਧ ਅਸਰ ਨਹੀਂ ਵਿਖਾਉਣਗੇ। ਉਸ ਵਾਸਤੇ ਸਰੀਰ ਨੂੰ ਵੱਖ ਐਂਟੀਬਾਡੀ ਬਣਾਉਣੇ ਪੈਂਦੇ ਹਨ।

ਜੇ ਖੰਘ ਜ਼ੁਕਾਮ ਨਾਲ ਬੁਖ਼ਾਰ, ਸਿਰ ਪੀੜ, ਬਲਗਮ ਜਾਂ ਬੇਹੋਸ਼ੀ ਹੁੰਦੀ ਹੈ ਤਾਂ ਇਹ ਸਾਰਾ ਕੁੱਝ ਵਾਇਰਸ ਸਦਕਾ ਨਹੀਂ ਹੁੰਦਾ ਬਲਕਿ ਵਾਇਰਸ ਵਿਰੁੱਧ ਸਰੀਰ ਨੇ ਜੋ ਜੰਗ ਵਿੱਢੀ ਹੁੰਦੀ ਹੈ, ਉਸੇ ਇੰਨੇਟ ਇਮਿਊਨਿਟੀ ਸਦਕਾ ਇਹ ਲੱਛਣ ਦਿਸਦੇ ਹਨ ਕਿ ਸਰੀਰ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੋਇਆ ਹੈ।

ਇਮਿਊਨਿਟੀ ਵਧਣ ਦਾ ਮਤਲਬ ਹੈ ਕਿ ਇਹ ਲੱਛਣ ਹੋਰ ਜ਼ਿਆਦਾ ਵੱਧ ਦਿਸਣਗੇ ਨਾ ਕਿ ਘੱਟ ਹੋ ਜਾਣਗੇ।

ਚੁਫ਼ੇਰੇ ਇਸ਼ਤਿਹਾਰਬਾਜ਼ੀ ਵਿਚ ਇਮਿਊਨਿਟੀ ਦੇ ਨਾਂ ਉੱਤੇ ਖ਼ਰਬਾਂ ਦੇ ਵਪਾਰ ਵਿਚ ਇਮਿਊਨਿਟੀ ਵਧਾਉਣ ਦੇ ਜੋ ਨੁਸਖ਼ੇ ਦੱਸੇ ਜਾ ਰਹੇ ਹਨ ਉਹ ਬੀਮਾਰੀ ਦੇ ਲੱਛਣ ਰੋਕਣ ਬਾਰੇ ਰੌਲਾ ਪਾ ਰਹੇ ਹਨ। ਇਸ ਦਾ ਮਤਲਬ ਇਹ ਹੋਇਆ ਕਿ ਉਹ ਇਮਿਊਨਿਟੀ ਵਧਾ ਨਹੀਂ ਰਹੇ ਸਗੋਂ ਇਮਿਊਨ ਸਿਸਟਮ ਹੀ ਠੱਪ ਕਰਨ ਲੱਗੇ ਹਨ।

ਬੁਖ਼ਾਰ, ਖੰਘ, ਬਲਗਮ, ਸਰੀਰ ਟੁੱਟਣਾ ਤਾਂ ਵਧੀਆ ਲੱਛਣ ਹਨ ਕਿ ਸਾਡੀ ਕੁਦਰਤ ਵੱਲੋਂ ਬਖ਼ਸ਼ੀ ਇਮਿਊਨਿਟੀ ਪਹਿਲਾਂ ਤੋਂ ਹੀ ਤਗੜੀ ਹੈ, ਹੋਰ ਤਗੜੀ ਕਰਨ ਦੀ ਲੋੜ ਨਹੀਂ। ਬੁਖ਼ਾਰ ਵਾਇਰਸ ਨੂੰ ਹੋਰ ਫੈਲਣ ਤੋਂ ਰੋਕ ਕੇ ਉਸ ਨੂੰ ਮਾਰ ਦਿੰਦਾ ਹੈ। ਵਾਇਰਸ ਨੂੰ ਮਾਰਨ ਬਾਅਦ ਜਿਹੜੀ ਉਸ ਦੀ ਗੰਦਗੀ ਇਕੱਠੀ ਹੁੰਦੀ ਹੈ ਉਸ ਨਾਲ ਸਰੀਰ ਟੁੱਟਦਾ ਮਹਿਸੂਸ ਹੁੰਦਾ ਹੈ। ਇਹ ਗੰਦਗੀ ਜਦੋਂ ਨਸਾਂ ਰਾਹੀਂ ਸਰੀਰ ਬਾਹਰ ਧੱਕਦਾ ਹੈ ਤਾਂ ਸੈੱਲ ਉਨਾਂ ਬਚੇ ਖੁਚੇ ਟੋਟਿਆਂ ਨੂੰ ਬਾਹਰ ਕੱਢਣ ਵੇਲੇ ਦਿਮਾਗ਼ ਨੂੰ ਸੁਣੇਹਾ ਭੇਜ ਦਿੰਦਾ ਹੈ ਕਿ ਹੁਣ ਸਫਾਈ ਲਗਭਗ ਮੁਕੰਮਲ ਹੈ। ਇੰਜ ਸਰੀਰ ਸੁਸਤ ਪੈ ਕੇ ਠੀਕ ਹੋਣ ਵੱਲ ਤੁਰ ਪੈਂਦਾ ਹੈ।

ਇਸ ਸਾਰੇ ਦੌਰ ਵਿਚ ਹਰੀ ਚਾਹ ਜਾਂ ਕਿਸੇ ਵੀ ਕਿਸਮ ਦੇ ਜ਼ਿੰਕ, ਵਿਟਾਮਿਨ ਜਾਂ ਹੋਰ ਇਮਿਊਨ ਬੂਸਟਰ ਕਿਤੇ ਕੰਮ ਨਹੀਂ ਆਉਂਦੇ ਕਿਉਂਕਿ ਢਿੱਡ ਵਿਚ ਗਈਆਂ ਇਨਾਂ ਚੀਜ਼ਾਂ ਨੂੰ ਹਜ਼ਮ ਕਰ ਕੇ ਕਿਸੇ ਪਾਸੇ ਲਾਉਣ ਨਾਲੋਂ ਸਰੀਰ ਆਪਣੇ ਇਮਿਊਨ ਸਿਸਟਮ ਦੇ ਕੰਮ ਕਾਰ ਵੱਲ ਪੂਰਾ ਧਿਆਨ ਦੇ ਰਿਹਾ ਹੁੰਦਾ ਹੈ।

ਅਣਗਿਣਤ ਖੋਜਾਂ ਸਾਬਤ ਕਰ ਚੁੱਕੀਆਂ ਹਨ ਕਿ ਜ਼ਿੰਕ ਜਾਂ ਵਿਟਾਮਿਨ ਸੀ ਸਰੀਰ ਵਿਚਲੀ ਕਿਸੇ ਕਿਸਮ ਦੀ ਕਮੀ ਨੂੰ ਠੀਕ ਕਰਨ ਵਿਚ ਭਾਵੇਂ ਥੋੜੀ ਬਹੁਤ ਮਦਦ ਕਰ ਦੇਣ ਪਰ ਵਾਇਰਸ ਦੇ ਮੌਜੂਦਾ ਹੱਲੇ ਦੌਰਾਨ ਬੇਅਸਰ ਹਨ।

ਬਾਕੀ ਸਫ਼ਾ 27 'ਤੇ

# ਪਾਕਿਸਤਾਨ ਹਮਾਰਾ ਹੈ

- ਕਰਤਾਰ ਸਿੰਘ ਦੁੱਗਲ

ਪਹਿਲੇ ਉਸ ਦਾ ਨਾਂ ਰਾਮ ਰੱਖੀ ਸੀ-ਹੁਣ ਉਸ ਦਾ ਨਾਂ ਅੱਲਾ ਰੱਖੀ ਰੱਖ ਦਿੱਤਾ ਗਿਆ। ਉਂਜ ਉਸ ਨੂੰ ਅੱਗੇ ਵੀ ਲੋਕ ਰੱਖੀ ਸੱਦਦੇ ਸਨ, ਹੁਣ ਵੀ ਲੋਕ ਰੱਖੀ ਸੱਦਦੇ ਸਨ।

ਉਸ ਰਾਤ ਜਦੋਂ ਢੋਲ ਵੱਜੇ, ਜਦੋਂ ਨੇਜ਼ੇ ਲਿਸ਼ਕੇ, ਜਦੋਂ ਤਾਰੇ ਟੁੱਟੇ, ਜਦੋਂ ਭੁਚਾਲ ਆਇਆ, ਰੱਖੀ ਪਤਾ ਨਹੀਂ ਕਿਸ ਤਰਾਂ ਸੁੱਤੀ ਸੁੱਤੀ ਉੱਠੀ, ਪਤਾ ਨਹੀਂ ਕਿਸ ਤਰਾਂ ਸੁੱਤੀ ਸੁੱਤੀ ਉਸ ਗਠਿਆਲੀ ਟੱਪੀ, ਪਤਾ ਨਹੀਂ ਕਿਸ ਤਰਾਂ ਸੁੱਤੀ ਸੁੱਤੀ ਪੈਲੀਆਂ ਵਿਚੋਂ ਗੁਜ਼ਰੀ, ਪਤਾ ਨਹੀਂ ਕਿਸ ਤਰਾਂ ਸੁੱਤੀ ਸੁੱਤੀ ਬੇਸੁਧ ਇਕ ਦਰੁੱਘ ਵਿਚ ਜਾ ਪਈ।

ਤੇ ਤਿੰਨ ਪੂਰੀਆਂ ਰਾਤਾਂ, ਤਿੰਨ ਪੂਰੇ ਦਿਨ ਉਥੇ ਉਹ ਦਬਕੀ ਰਹੀ। ਉਹਦੇ ਹੇਠੋਂ ਲਹੂ ਦੀ ਨਿਚੜਦੀ ਲਕੀਰ ਲੰਘ ਗਈ, ਉਹਦੇ ਉੱਤੋਂ ਦੁਨਾਲੀਆਂ ਦੀਆਂ ਗੋਲੀਆਂ ਗੁਜ਼ਰਦੀਆਂ ਰਹੀਆਂ। ਉਹਦੇ ਕੰਨਾਂ ਵਿਚ ਕਈ ਜਾਣੀਆਂ, ਕਈ ਪਛਾਣੀਆਂ, ਕਈ ਇਹੋ ਜਿਹੀਆਂ ਚੀਖਾਂ ਵੀ ਪਈਆਂ, ਜਿਨਾਂ ਨਾਲ ਉਸ ਦੀ ਦੁੱਧ ਦੀ ਸਾਂਝ ਸੀ।

ਤੇ ਫੇਰ ਘੋੜਿਆਂ ਦੀਆਂ ਟਾਪਾਂ, ਫੇਰ ਲਾਰੀਆਂ-ਮੋਟਰਾਂ ਤੇ ਟਰੱਕਾਂ ਦੀ ਗੂੰਜਾਰ ਉਸ ਨੂੰ ਸੁਣਾਈ ਦਿੱਤੀ।

ਅਗਲੀ ਸਵੇਰ ਸਾਰੀ ਦੀ ਸਾਰੀ ਵਾਦੀ ਇੰਜ ਸੀ, ਜਿਵੇਂ ਕਦੀ ਵੀ ਹੁੰਦੀ ਸੀ। ਬਲਦਾਂ ਦੇ ਗਲ ਪਈਆਂ ਟੱਲੀਆਂ ਸਹਿਜੇ ਸਹਿਜੇ ਟੁਣਕਣ ਲੱਗ ਪਈਆਂ। ਇੱਜੜਾਂ ਤੇ ਵੱਗਾਂ ਦੇ ਵੱਗ ਨਿਕਲਣ ਲੱਗ ਪਏ, ਜਿਵੇਂ ਹਮੇਸ਼ਾਂ ਹਰ ਪਿੰਡ ਵਿਚ ਹੁੰਦਾ ਹੈ। ਖੂਹਾਂ ਦੀ ਮਧੁਰ ਗੀਂ-ਗੀਂ ਠੱਕ-ਠੱਕ ਚਵਾਂ ਪਾਸੇ ਗੂੰਜਣੀ ਸ਼ੁਰੂ ਹੋ ਗਈ। ਭੀੜਾਂ ਦੀਆਂ ਭੀੜਾਂ, ਪੰਛੀਆਂ ਦੇ ਡਾਰ ਅਸਮਾਨਾਂ ਵਿਚ ਆ ਗਏ। ਦੁੱਧਾਂ ਵਿਚ ਮਧਾਣੀਆਂ, ਛੁਲਕੀਆਂ, ਵਿਹੜਿਆਂ ਵਿਚੋਂ ਧੂੰਏਂ ਉਠੇ ਤੇ ਮਸੀਤ ਵਿਚੋਂ ਬਾਂਗ ਦੀ ਆਵਾਜ਼ ਆਈ। ਰਾਮ ਰੱਖੀ ਕਿਤਨਾ ਚਿਰ ਉਡੀਕਦੀ ਰਹੀ। ਨਾ ਮੰਦਰ ਵਿਚ ਅੱਜ ਟਣ-ਟਣ ਹੋਈ ਨਾ ਗੁਰਦਵਾਰੇ ਵਿਚੋਂ ਸੰਖ ਦੀ ਸਦਾ ਉਹਦੇ ਕੰਨੀਂ ਪਈ।

ਤੇ ਜਦੋਂ ਪੀਲੀਆਂ ਪੀਲੀਆਂ ਧੁੱਪਾਂ ਨਿਕਲੀਆਂ, ਰਾਮ ਰੱਖੀ ਉੱਠ ਕੇ ਪਿਛੋਕੜ ਆਪਣੇ ਗਵਾਂਢੀਆਂ ਦੇ ਵਿਹੜੇ ਜਾ ਵੜੀ। ਹੱਸਦੇ, ਖੇਡਦੇ ਸਾਰੇ ਦੇ ਸਾਰੇ ਉਹਨੂੰ ਵੇਖ ਕੇ ਹੱਕੇ ਬੱਕੇ ਰਹਿ ਗਏ। ਔਰਤਾਂ ਨੇ ਸੋਚਿਆ ਜਿਵੇਂ ਖੂਨ ਦੀ ਨਦੀ ਵਿਚੋਂ ਰੱਖੀ ਉਮਲ ਆਈ ਹੈ, ਤੇ ਮਰਦਾਂ ਜਾਣਿਆਂ ਜਿਵੇਂ ਉਨਾਂ ਨਾਲ ਕੋਈ ਚਾਲ ਚਲੀ ਗਈ ਹੋਵੇ। ਜਵਾਨ-ਜਹਾਨ ਸ਼ੇਰਬਾਜ਼ ਦਾ ਮੂੰਹ ਭੱਖਣ ਲੱਗ ਪਿਆ। ਉਹਦੀਆਂ ਅੱਖਾਂ ਵਿਚ ਫੇਰ ਇਕ ਵਾਰ ਵਹਿਸ਼ਤ ਆਈ। ਮਸਾਂ ਮਸਾਂ ਢਿਲਕੀਆਂ ਉਹਦੀਆਂ ਰਗਾਂ ਫਿਰ ਤਣ ਗਈਆਂ ਤੇ ਮੰਜੀ ਹੇਠੋਂ ਲਿਸ਼ਕਦੀ ਛਵੀ ਛਿਕ ਕੇ ਉਹ ਡਾਢੇ ਗਜ਼ਬ ਨਾਲ ਉੱਠਿਆ। ਏਸ ਛਵੀ ਨੇ ਕਈ ਧੜ ਚੀਰੇ ਸਨ, ਖੋਪਰੀਆਂ ਮਿੱਧੀਆਂ ਸਨ, ਕਈ ਗਰਦਨਾਂ ਲਾਹੀਆਂ ਸਨ। ਪਰ ਕੋਈ ਦੋ ਕਦਮ ਰੱਖੀ ਤੋਂ ਦੂਰ ਉਹਦੀ ਛਵੀ ਜਿਵੇਂ ਉਘਰੀ ਦੀ ਉਘਰੀ ਰਹਿ ਗਈ। ਰੱਖੀ ਤੇ ਉਹਦੇ ਵਿਚਕਾਰ ਉਹਦੀ ਮਾਂ ਸੀ, ਉਹਦਾ ਪਿਓ ਸੀ, ਉਹਦੀ ਭੈਣ ਸੀ। ਪਤਾ ਨਹੀਂ ਕਿਸ ਤਰਾਂ ਅੱਖ ਦੇ ਫੇਰ ਵਿਚ ਉਹ ਨੱਠ ਕੇ ਰੱਖੀ ਉਤੇ ਆ ਪਏ ਤੇ ਉਹਨੂੰ ਜ਼ਰਬ ਨਾ ਆਣ ਦਿੱਤੀ। ਉਹ ਘੜੀ ਲੰਘ ਗਈ। ਪਰ ਉਸ ਤੋਂ ਬਾਅਦ ਹਮੇਸ਼ਾਂ ਸ਼ੇਰਬਾਜ਼ ਹੈਰਾਨ ਹੁੰਦਾ, ਕਿਵੇਂ ਉਸ ਨੂੰ ਕਹਿਰ ਆ ਸਕਿਆ ਸੀ ਰੱਖੀ ਤੇ। ਉਹਦੀ ਸਪਾਤ ਦੀ ਛਵੀ ਉਸ ਨੂੰ ਹਮੇਸ਼ਾਂ ਸ਼ਰਮਿੰਦਿਆਂ ਕਰਦੀ ਤੇ ਉਹ ਡਾਢਾ ਕੱਚਾ ਹੁੰਦਾ। ਇਕ ਦਿਨ ਉਸ ਨੂੰ ਤੋੜ-ਮਰੋੜ ਕੇ ਖੂਹ ਵਿਚ ਸੁੱਟ ਆਇਆ ਤੇ ਧਰੇਕ ਹੇਠ ਜਿਥੇ ਸ਼ੇਰਬਾਜ਼ ਉਸ ਨੂੰ ਵੱਢਣ ਲਈ ਟੁੱਟਿਆ ਸੀ, ਰੱਖੀ ਕਦੀ ਕਦੀ ਰਾਂਗਲਾ ਪੀੜਾ ਡਾਹ ਕੇ ਬਹਿੰਦੀ, ਜਿਸ ਪੀੜੇ ਨਾਲ ਘੁੰਗਰੂ ਲੱਗੇ ਹੋਏ ਸਨ, ਜਿਸ ਪੀੜੇ ਤੇ ਸ਼ੇਰਬਾਜ਼ ਦੀ ਮਾਂ ਬੈਠੀ ਜਦੋਂ ਉਹ ਵਿਆਹੀ ਹੋਈ ਆਈ ਸੀ, ਜਿਸ ਪੀੜੇ ਤੇ ਸ਼ੇਰਬਾਜ਼ ਦੀ ਦਾਦੀ ਬੈਠੀ ਸੀ, ਜਦੋਂ ਉਹ ਵਿਆਹੀ ਹੋਈ ਆਈ ਸੀ।



ਇਕ ਰੋਜ਼ ਸ਼ੇਰਬਾਜ਼ ਨੇ ਰੱਖੀ ਤੇ ਛਵੀ ਉਘਰੀ, ਅਗਲੇ ਰੋਜ਼ ਗਾਨਾ ਬੰਨ ਕੇ ਉਸ ਨੂੰ ਆਪਣੀ ਤ੍ਰੀਮਤ ਬਣਾ ਲਿਆ। ਰੱਖੀ ਤੇ ਉਸ ਨੂੰ ਹਮੇਸ਼ਾਂ ਚੰਗੀ ਲੱਗਦੀ ਸੀ। ਬਚਪਨ ਵਿਚ ਉਹ ਇਕੱਠੇ ਖੇਡੇ ਸਨ, ਇਕੱਠੇ ਗੁੰਮਦੇ, ਇਕੱਠੇ ਲੱਭਦੇ, ਇਕੱਠੇ ਹੱਸਦੇ, ਤੇ ਫੇਰ ਜਦੋਂ ਉਹ ਵੱਡੀ ਹੋਈ ਸ਼ੇਰਬਾਜ਼ ਨੇ ਹਲ ਵਾਹਦਿਆਂ, ਕਈ ਟੱਪੇ ਉਸ ਦੀ ਯਾਦ ਵਿਚ ਗਾਏ ਸਨ। ਕਈ ਵਾਰ ਉਸ ਦੇ ਸੁਫ਼ਨਿਆਂ ਵਿਚ ਰੱਖੀ ਮੁੜ ਮੁੜ ਆਇਆ ਕਰਦੀ ਸੀ। ਤੇ ਜਦੋਂ ਹੋਰ ਵੱਡੀ ਹੋਈ, ਸ਼ੇਰਬਾਜ਼ ਉਸ ਨੂੰ ਲੁਕ ਛਿਪ ਕੇ ਵੇਖਿਆ ਕਰਦਾ ਸੀ, ਭਾਵੇਂ ਰੱਖੀ ਨੂੰ ਪਤਾ ਸੀ, ਭਾਵੇਂ ਰੱਖੀ ਨੂੰ ਨਹੀਂ ਪਤਾ ਸੀ।

ਸਵੇਰੇ ਸਰਘੀ ਵੇਲੇ ਉੱਠ ਕੇ ਰੱਖੀ ਦੁੱਧ ਚੋਂਦੀ-ਮੱਝੀਆਂ ਦਾ, ਗਾਈਆਂ ਦਾ, ਬੱਕਰੀਆਂ ਦਾ। ਫੇਰ ਦੁੱਧ ਰਿੜਕਦੀ, ਫੇਰ ਸਾਰੇ ਘਰ ਨੂੰ ਸ਼ੀਸ਼ੇ ਵਾਂਗ ਬਣਾ ਲਿਆ ਸੀ। ਸ਼ਾਮੀਂ ਹਰ ਡੰਗਰ ਲਈ ਆਪ ਗੁਤਾਵਾ ਕਰਦੀ, ਆਪਣੇ ਹੱਥੀਂ ਉਨਾਂ ਨੂੰ ਖੁਆਂਦੀ, ਮੱਝੀਆਂ ਦਾ ਦੁੱਧ ਸਵਾਇਆ ਹੋ ਗਿਆ। ਬਲਦ ਦੌੜ ਦੌੜ ਕੇ ਸ਼ੇਰਬਾਜ਼ ਵਰਗੇ ਹਾਲੀਆਂ ਨੂੰ ਥਕਾ ਛੱਡਦੇ। ਆਪਣੇ ਸੱਸ-ਸਹੁਰੇ ਦੇ ਜਿਸ ਤਰਾਂ ਉਹ ਪੈਰ ਧੋ ਧੋ ਪੀਂਦੀ, ਕਦੀ ਉਨਾਂ ਨੂੰ ਪਲੰਘ ਤੋਂ ਨਾ ਲਹਿਣ ਦਿੰਦੀ। ਆਂਢਣਾਂ-ਗੁਆਂਢਣਾਂ ਉਹਨੂੰ ਵੇਖ ਵੇਖ ਹੈਰਾਨ ਹੁੰਦੀਆਂ, ਮੂੰਹ ਵਿਚ ਉਂਗਲਾਂ ਪਾ ਪਾ ਟੁੱਕਦੀਆਂ। ਗੱਲੀ ਮੁਹੱਲੇ ਵਿਚ ਉਹਨੇ ਹਰ ਗੁੱਠ, ਹਰ ਕੋਨੇ ਵਿਚ ਸਹੇਲੀਆਂ ਬਣਾ ਲਈਆਂ, ਤ੍ਰਿੰਞਣਾਂ ਵਿਚ ਉਹ ਸਭ ਨੂੰ ਪਛਾੜਦੀ, ਖਿਚਕਿਲੀ ਮਚਾਈ ਰੱਖਦੀ। ਪਿੰਡ ਵਿਚ ਕਿਸੇ ਨੂੰ ਸਵੈਟਰ ਦਾ ਨਵਾਂ ਨਮੂਨਾ ਸਿਖਾਣਾ ਹੁੰਦਾ, ਰੱਖੀ ਸਿਖਾਂਦੀ। ਕਿਸੇ ਨੂੰ ਅੱਖ ਵਿਚ ਚੁਟਕੀ ਪੁਆਣੀ ਹੁੰਦੀ, ਰੱਖੀ ਕੋਲ ਆਂਦਾ। ਕਿਸੇ ਨੂੰ ਕੋਈ ਭੇਦ ਦੱਸਣਾ ਹੁੰਦਾ, ਰੱਖੀ ਸਾਂਭਦੀ। ਰੱਖੀ ਜਿਸ ਤਰਾਂ ਪਤਾਸੇ ਵਾਂਗ ਘੁਲ ਮਿਲ ਗਈ।

ਟਾਹਲੀਆਂ ਹੇਠਾਂ ਕਦੀ ਕਦੀ ਪੀਂਘਾਂ ਝੂਟਦੀ ਰੱਖੀ ਜਦੋਂ ਦੂਰ ਦੂਰ ਤੱਕ ਹਰਿਆਵਲ ਤੇ ਹਰਿਆਵਲ ਦੇ ਪਿੱਛੇ ਆਪਣੇ ਪਿੰਡ ਦੀਆਂ ਮੱਧਰੀਆਂ ਪਹਾੜੀਆਂ ਵੇਖਦੀ, ਉਹ ਹੈਰਾਨ ਹੁੰਦੀ, ਕਿੰਜ ਲੋਕ ਉੱਥੇ ਟੁਰ ਗਏ ਸਨ। ਆਪਣੀ ਝਨਾ ਦਾ ਮੋਤੀਆਂ ਵਰਗਾ ਪਾਣੀ ਤੱਕ ਕੇ ਉਹਦਾ ਜੀਅ ਕਹਿੰਦਾ-ਬੰਦਾ ਇਥੇ ਹੀ ਮਰ ਜਾਏ। ਉਸ ਨੂੰ ਛੱਡ ਕੇ ਕੋਈ ਕਿਸ ਤਰਾਂ ਕਿਤੇ ਜਾ ਸਕਦਾ ਸੀ। ਉਨਾਂ ਸਿੱਟਿਆਂ ਨੂੰ ਜਿਨਾਂ ਦਾ ਬੀਜ ਉਹਦੇ ਪਿਓ-ਭਰਾਵਾਂ ਨੇ ਪਾਇਆ, ਕਦੀ ਕਦੀ ਉਹ ਗੱਲ ਨਾਲ ਲਾ ਲੈਂਦੀ ਤੇ ਇਕਰਾਰ ਕਰਦੀ, ਕਦੀ ਉਨਾਂ ਨੂੰ ਉਹ ਛੱਡ ਕੇ ਨਹੀਂ ਜਾਵੇਗੀ। ਉਹ ਹੈਰਾਨ ਸੀ ਉਨਾਂ ਗਲੀਆਂ ਨੂੰ ਕਿੰਜ ਕੋਈ ਛੱਡ ਸਕਦਾ ਹੈ ਜਿਥੇ ਕੋਈ ਖੇਡਿਆ ਹੋਵੇ। ਉਨਾਂ ਬੇਰੀਆਂ ਦੇ ਬੇਰ ਜਿਵੇਂ ਹਾਕਾਂ ਮਾਰ ਰਹੇ ਹੁੰਦੇ, ਉਨਾਂ ਨੂੰ ਜਿਹੜੇ ਟੁਰ ਗਏ ਸਨ। ਉਹਨੂੰ ਇਸ ਤਰਾਂ ਕੁਝ ਕੁਝ ਮਹਿਸੂਸ ਹੁੰਦਾ।

ਜਦੋਂ ਇਕ ਵਾਰ ਪਾਕਿਸਤਾਨ ਦਾ ਕੋਈ ਲੀਡਰ ਇਨਾਂ ਦੇ ਪਿੰਡ ਕੋਲੋਂ ਗੁਜ਼ਰਿਆ, ਰੱਖੀ ਸਾਰੀ ਸਵੇਰ ਸਿਹਰੇ ਪਰੋਂਦੀ ਰਹੀ। ਕੜਕਦੀ ਦੁਪਹਿਰ ਵਿਚ ਪਾਕਿਸਤਾਨ ਦਾ ਝੰਡਾ ਫੜ ਔਰਤਾਂ ਦਾ ਇਹਨੇ ਜਲੂਸ ਕੱਢਿਆ ਤੇ ਸੜਕ ਕੰਢੇ ਆਪਣੇ ਕੌਮੀ ਆਗੂ ਦੀ ਇੰਤਜ਼ਾਰ ਵਿਚ "ਪਾਕਿਸਤਾਨ ਹਮਾਰਾ ਹੈ" ਤੇ ਹੋਰ ਕਈ ਗੀਤ ਗਾਂਦੀ ਰਹੀ। ਜਦੋਂ ਲੀਡਰ ਦੀ ਮੋਟਰ ਗੁਜ਼ਰ ਰਹੀ ਸੀ, ਇਸ ਨੇ ਉੱਚੇ ਉੱਚੇ "ਜ਼ਿੰਦਾਬਾਦ" ਦੇ ਨਾਹਰੇ ਲਾਏ ਤੇ ਫੁੱਲਾਂ ਦੀ ਵਰਖਾ ਨਾਲ ਧਰਤੀ ਅੱਟੀ ਗਈ।

ਇੰਜ ਰੱਖੀ ਦੇ ਦਿਨ ਗੁਜ਼ਰ ਰਹੇ ਸਨ, ਇੰਜ ਰੱਖੀ ਦੇ ਹਫ਼ਤੇ ਗੁਜ਼ਰ ਰਹੇ ਸਨ, ਇੰਜ ਰੱਖੀ ਦੇ ਮਹੀਨੇ ਗੁਜ਼ਰ ਰਹੇ ਸਨ, ਜਦੋਂ ਇਕ ਦਿਨ ਗਲੀ ਵਿਚੋਂ ਲੰਘਦਿਆਂ ਉਹਨੂੰ ਪਿੱਛੋਂ ਆਵਾਜ਼ ਆਈ-"ਨੀ ਰੱਖੀਏ!" ਤੇ ਅਗਲੀ ਘੜੀ ਉਸ ਦਾ ਭਰਾ ਉਸ ਦੇ ਗਲ ਨਾਲ ਲੱਗਾ ਹੋਇਆ ਸੀ। ਕਿੰਨਾ ਚਿਰ ਦੋਵੇਂ ਰੋਂਦੇ ਰਹੇ। ਰੱਖੀ ਡਾਢਾ ਉੱਚਾ ਰੋਈ। ਉਸ ਨੂੰ ਇਹ ਵੀ ਭੁੱਲ ਗਿਆ ਕਿ ਨਾਲ ਇਕ ਓਪਰਾ ਆਦਮੀ ਜੋ ਸਿਪਾਹੀ ਜਿਹਾ ਲੱਗਦਾ ਸੀ, ਖਲੋਤਾ ਜਿਸ ਤਰਾਂ ਉਨਾਂ ਦੀ ਇੰਤਜ਼ਾਰ ਕਰ ਰਿਹਾ ਸੀ।

ਅਖੀਰ ਜਦੋਂ ਉਨਾਂ ਦਾ ਵਿਰਾਗ ਲੱਥਾ, ਉਹਦੇ ਭਰਾ ਨੇ ਸਿਪਾਹੀ ਵੱਲ ਇਸ਼ਾਰਾ ਕਰਕੇ ਕਿਹਾ, "ਇਹਨੂੰ ਲੈ ਚਲੋ ਮੇਰੀ ਭੈਣ ਲੱਭ ਪਈ ਏ"

"ਪਰ ਕਿੱਥੇ?"- ਰੱਖੀ ਨੇ ਇਕ ਮਿੰਟ ਬਾਅਦ, ਜਿਸ ਤਰਾਂ ਉਹ ਸੁੱਤੀ ਹੋਈ ਜਾਗੀ ਹੋਵੇ, ਘਬਰਾ ਕੇ ਪੁੱਛਿਆ। ਦੂਰ ਕਿਸੇ ਦੂਰ ਦੇਸ਼ ਵਿਚ ਜਾਣ ਲਈ ਰੱਖੀ ਤਿਆਰ ਨਹੀਂ ਸੀ। ਕੀ ਪਤਾ ਉਥੇ ਇਸ ਪਿੰਡ ਵਰਗੀਆਂ ਘਣੀਆਂ, ਠੰਢੀਆਂ ਛਾਵਾਂ ਹੋਣ ਨਾ ਹੋਣ, ਕੀ ਪਤਾ ਉਥੇ ਏਸ ਪਿੰਡ ਵਰਗੇ ਕਾਗ ਹੋਣ ਨਾ ਹੋਣ ਜੋ ਬਨੇਰਿਆਂ ਤੇ ਆ ਕੇ ਬਹਿ ਜਾਂਦੇ ਤੇ ਫੇਰ ਪਤਾ ਨਹੀਂ ਦਿਲ ਨੂੰ ਕੀ ਕੀ ਹੋਣ ਲੱਗ ਜਾਂਦਾ।

"ਮੈਂ ਨਹੀਂ ਜਾਵਾਂਗੀ ਮੈਂ ਕਦੀ ਨਹੀਂ ਜਾਵਾਂਗੀ।" ਉਸ ਸ਼ਾਮੀ ਜਦੋਂ ਉਹ ਬਾਹਰ ਗਈ, ਉਸ ਟਿੱਬੇ ਨੂੰ ਜਿਸ ਤਰਾਂ ਉਸ ਕਲਾਵੇ ਵਿਚ ਲੈ ਲਿਆ, ਜਿਸ ਟਿੱਬੇ ਤੇ ਖਲੋ ਕੇ ਉਹ ਸ਼ੇਰਬਾਜ਼ ਨੂੰ ਖੇਤਾਂ ਵਿਚ ਕੰਮ ਕਰਦੀ ਵੇਂਹਦੀ ਹੁੰਦੀ ਸੀ। "ਮੈਂ ਨਹੀਂ ਜਾਵਾਂਗੀ", ਇਸ਼ਕਪੇਚੇ ਦੀ ਲਮਕਦੀ ਵੇਲ ਨੂੰ ਉਸ ਪੋਲੇ ਜਿਹੇ ਟੋਹ ਕੇ ਕਿਹਾ। "ਮੈਂ ਕਦੀ ਨਹੀਂ ਜਵਾਂਗੀ", ਉਸ ਨੇ ਵੱਛੇ ਦੀਆਂ ਅੱਖਾਂ ਨਾਲ ਅੱਖਾਂ ਮੇਲ ਉਹਦੀ ਥੁਥਣੀ ਨੂੰ ਚੁੰਮ ਲਿਆ। ਆਪਣੇ ਸੁਫ਼ੇ ਦੀ ਛੱਤ ਹੇਠ ਜਾ ਕੇ ਉਸ ਨੇ ਜ਼ੋਰ ਦਾ ਕਿਹਾ, "ਮੈਂ ਹਮੇਸ਼ਾ ਇਥੇ ਰਹਾਂਗੀ", ਆਪਣੀ ਚੁੱਲ ਕੋਲ ਬੈਠ ਕੇ ਉਹਦਾ ਗੱਚ ਨਾ ਖਲੋਂਦਾ। "ਮੇਰਾ ਆਪਣਾ ਇਹ ਚੌਂਕਾ ਏ", ਉਹ ਚੀਕ ਉੱਠੀ। ਉਸ ਰਾਤ ਪੂਰੇ ਦੀ ਠੰਢੀ ਵਾ ਰੁਮਕ ਰਹੀ ਸੀ। ਰੱਖੀ ਨੇ ਤਾਰਿਆਂ ਨਾਲ ਇਕਰਾਰ ਕੀਤੇ, ਚੰਨ ਦੇ ਤਰਲੇ ਲਏ, ਉੱਠ ਉੱਠ ਬਨੇਰਿਆਂ ਤੇ ਬਹਿ ਕੇ ਸੋਚਦੀ। ਉਸ ਨੇ ਪੀਰਾਂ ਦੀਆਂ ਮੰਨਤਾਂ ਮੰਨੀਆਂ। ਮੂਰਤੀਆਂ ਨੂੰ ਮੰਨਾਣ ਦਾ ਪ੍ਰਣ ਕੀਤਾ। ਸਾਹਮਣੇ ਉਹ ਦਰੁੱਘ ਸੀ, ਜਿੱਥੇ ਪਿਛਲੀ ਵਾਰ ਰੱਖੀ ਜਾ ਪਈ ਸੀ ਤੇ ਉਹਨੂੰ ਕਿਸੇ ਨਹੀਂ ਸੀ ਵੇਖਿਆ। ਹੁਣ ਤੇ ਪਰ ਉਹ ਕਿਤਨੀ ਹੋਰ ਦੀ ਹੋਰ ਹੋ ਗਈ ਸੀ। ਹੁਣ ਕਿਸ ਤਰਾਂ ਉਹ ਛਾਲ ਮਾਰ ਸਕਦੀ ਸੀ। ਉਹ ਸੀਪ ਜਿਸ ਵਿਚ ਕੋਈ ਮੋਤੀ ਹੋਏ, ਕਦੀ ਉਛਲਿਆ ਨਹੀਂ ਕਰਦੀ।

"ਵੇਖ ਸ਼ੇਰਬਾਜ਼ਾ! ਹੁਣ ਤੇਰੀ ਛਵੀ ਨੂੰ ਕੀ ਹੋ ਗਿਆ ਏ?" ਰੱਖੀ ਉਹਨੂੰ ਮੁੜ ਮੁੜ ਕਹਿੰਦੀ ਤੇ ਸ਼ੇਰਬਾਜ਼ ਅਹਿੱਲ ਆਪਣੇ ਪਲੰਘ ਤੇ ਪਿਆ ਹੋਇਆ ਸੀ। ਜਦੋਂ ਦਾ ਨੰਬਰਦਾਰ ਦੇ ਘਰੋਂ ਸ਼ਾਮੀ ਉਹ ਮੁੜਿਆ, ਉਸ ਨੇ ਇਕ ਲਫ਼ਜ਼ ਨਾ ਕੁਇਆ। ਨਾ ਉਸ ਨੇ ਕੁਝ ਖਾਧਾ ਨਾ ਪੀਤਾ। "ਵੇ ਸ਼ੇਰਬਾਜ਼ਾ, ਮੈਂ ਤੇਰੇ ਤੋਂ ਲੱਖ ਵੀਰ ਵਾਰ ਸੁੱਟਾਂਗੀ।" ਸ਼ੇਰਬਾਜ਼ ਤਾਂ ਵੀ ਚੁੱਪ ਸੀ। ਉਹਦੇ ਭਖ਼ ਰਹੇ ਚਿਹਰੇ, ਉਹਦੀਆਂ ਲਾਲ ਹੋ ਰਹੀਆਂ ਅੱਖਾਂ ਵਿਚ ਜਿਸ ਤਰਾਂ ਅੱਥਰੂ ਜੰਮੇ ਹੋਏ ਸਨ। "ਵੇ ਮੇਰਿਆ ਬਾਜ਼ ਸ਼ੇਰਾ, ਆ ਕਿਤੇ ਟੁਰ ਚਲੀਏ", ਆਖ਼ਰ ਝੁੰਝਲਾ ਕੇ ਰੱਖੀ ਨੇ ਕਿਹਾ। ਸ਼ੇਰਬਾਜ਼ ਦੇ ਬਿਸਤਰੇ ਤੋਂ ਜਿਵੇਂ ਸੇਕ ਆ ਰਿਹਾ ਹੋਵੇ। ਉਹ ਚੁੱਪ ਸੀ, ਅਹਿੱਲ ਸੀ, ਬੇਸੁਧ ਪਿਆ ਸੀ।

ਤੇ ਉਹ ਬੋਲਦਾ ਵੀ ਕਿੰਜ? ਨੰਬਰਦਾਰ ਨੇ ਉਹਨੂੰ ਸਭ ਕੁਝ ਦੱਸ ਦਿੱਤਾ ਸੀ। ਰੱਖੀ ਹਿੰਦੂ ਕੁੜੀ ਸੀ, ਜਿਸ ਨੂੰ ਜ਼ਰੂਰ ਹਿੰਦੁਸਤਾਨ ਵਿਚ ਭੇਜਿਆ ਜਾਣਾ ਸੀ। 15 ਅਗਸਤ ਤੋਂ ਬਾਅਦ ਜਿਤਨੇ ਕਲਮੇ ਪੜੇ ਗਏ ਉਨਾਂ ਨਾਲ ਕੋਈ ਮੁਸਲਮਾਨ ਨਹੀਂ ਸੀ ਬਣ ਸਕਿਆ। ਇਹ ਗੱਲ ਆਪਣੀ ਮੁਸਲਮਾਨ ਸਰਕਾਰ ਆਪ ਕਹਿ ਰਹੀ ਸੀ। ਤੇ ਫੇਰ ਇਧਰੋਂ ਹਰ ਹਿੰਦੂ ਕੁੜੀ ਨੂੰ ਭੇਜ ਕੇ ਉਧਰੋਂ ਮੁਸਲਮਾਨ ਕੁੜੀ ਆਣੀ ਸੀ। ਰੱਖੀ ਜਿਹੜੀ ਹਿੰਦੂ ਜੰਮੀ ਸੀ, ਉਹਦੇ ਬਦਲੇ ਇਕ ਇਸਲਾਮ ਵਿਚ ਪੈਦਾ ਹੋਈ ਕੁੜੀ ਨੇ ਏਧਰ ਆਣਾ ਸੀ। ਪਾਕਿਸਤਾਨ ਲਈ ਹਰ ਕੁਰਬਾਨੀ ਦੀ ਲੋੜ ਸੀ।

ਤੇ ਸ਼ੇਰਬਾਜ਼ ਅਹਿੱਲ ਬੇਸੁਧ ਪਿਆ ਸੀ।

ਅਗਲੇ ਰੋਜ਼ ਮਸਾਂ ਅਜੇ ਦਿਹੁੰ ਹੀ ਨਿਕਲਿਆ ਸੀ ਕਿ ਫ਼ੌਜੀ ਲਾਰੀ ਉਨਾਂ ਦੇ ਵਿਹੜੇ ਵਿਚ ਆ ਖਲੋਤੀ। ਲੰਮੀਆਂ ਬੰਦੂਕਾਂ ਲਈ ਸਿਪਾਹੀਆਂ ਨੂੰ ਵੇਖ ਕੇ ਰੱਖੀ ਕੁਰਲਾ ਉੱਠੀ, "ਮੈਂ ਨਹੀਂ ਜਾਣਾ, ਮੈਂ ਕਦੀ ਨਹੀਂ ਜਾਣਾ। ਕੀ ਹੋਇਆ ਜੇ ਇਸ ਦਾ ਨਾਂ ਵੱਟ ਗਿਆ ਏ, ਇਹ ਸਾਡਾ ਆਪਣਾ ਦੇਸ਼ ਹੈ, ਇਹ ਰੁੱਖ ਸਾਡੇ ਆਪਣੇ ਹਨ, ਇਹ ਪੱਤਰ ਸਾਡੇ ਆਪਣੇ ਹਨ, ਅਜੇ ਤੇ ਇਸ ਧਰੇਕ ਨੇ ਵੱਡਾ ਹੋਣਾ ਹੈ ਜਿਸ ਨੂੰ ਮੈਂ ਪਾਣੀ ਦੇ ਦੇ ਪਾਲਦੀ ਰਹੀ", ਤੇ ਉਹਦੀਆਂ ਅੱਖਾਂ ਵਿਚੋਂ ਅੱਥਰੂ ਨਾ ਠਲੇ ਜਾਂਦੇ। "ਵੇ ਸ਼ੇਰਬਾਜ਼, ਤੂੰ ਬੋਲਦਾ ਕਿਉਂ ਨਹੀਂ? ਤੂੰ ਕੂੰਦਾ ਕਿਉਂ ਨਹੀਂ? ਮੈਂ ਤੇਰੀ ਅਮਾਨਤ ਨਾਲ ਕੀ ਕਰਾਂਗੀ?" ਤੇ ਰੱਖੀ ਬੇਹੋਸ਼ ਹੋ ਗਈ।

ਜਿਤਨਾ ਚਿਰ ਸ਼ੇਰਬਾਜ਼ ਤੇ ਰੱਖੀ ਅੰਦਰ ਸੁਫ਼ੇ ਵਿਚ ਰਹੇ ਸਿਪਾਹੀਆਂ ਨੇ ਫੇਰ ਸੋਚਿਆ, ਪੰਚਾਂ ਨੇ ਆਪਣੇ ਦਿਮਾਗ ਲੜਾਏ, ਨੰਬਰਦਾਰ ਦੀ ਰਾਏ ਲੀਤੀ ਗਈ, ਪਰ ਆਪਣੀ ਕੌਮੀ ਸਰਕਾਰ ਦਾ ਹੁਕਮ ਸਾਫ਼ ਸੀ। ਪਾਕਿਸਤਾਨ ਨੇ ਇਨਾਂ ਨਿੱਕੀਆਂ ਨਿੱਕੀਆਂ ਗੱਲਾਂ ਕਰਕੇ ਬਣ ਜਾਣਾ ਸੀ, ਇਨਾਂ ਮਾਮੂਲੀ ਮਾਮੂਲੀ ਗੱਲਾਂ ਕਰਕੇ ਰੁੜ ਜਾਣਾ ਸੀ। ਪਾਕਿਸਤਾਨ ਅਜੇ ਬੱਚਾ ਸੀ ਜਿਸ ਨੂੰ ਹਰ ਕਿਸੇ ਨੇ ਲਡਿਆਣਾ ਸੀ। ਜਿਸ ਦੀਆਂ ਗਲਤ ਗੱਲਾਂ ਨੂੰ ਵੀ ਮੰਨਣਾ ਸੀ।

ਲਾਰੀ ਵਿਹੜੇ ਖਲੋਤੀ ਰਹੀ। ਜਾ ਵੀ ਕਿੰਜ ਸਕਦੀ ਸੀ? ਅਖ਼ੀਰ ਕੋਈ ਦੋ ਘੰਟੇ ਬਾਅਦ ਸੁਫ਼ੇ ਦੇ ਭਿੱਤ ਖੁਲੇ। ਪਹਿਲੇ ਰੱਖੀ ਨਿਕਲੀ ਪਿਛੇ ਸ਼ੇਰਬਾਜ ਸੀ।

ਰੱਖੀ ਨੇ ਲਾਲ ਰੇਸ਼ਮੀ ਜੋੜਾ ਪਾਇਆ ਹੋਇਆ ਸੀ। ਉਹਦੇ ਸਿਰ ਤੇ ਗੋਟਿਆਂ ਕਿਨਾਰੀਆਂ ਵਾਲੀ ਝਿੱਲੀ ਸੀ, ਜਿਹੜੀ ਉਸ ਤੋਂ ਸਾਂਭੀ ਨਹੀਂ ਸੀ ਜਾਂਦੀ। ਉਹਦੇ ਮੱਥੇ ਤੇ ਉਹਦੇ ਕੰਨਾਂ ਵਿਚ ਉਹਦੇ ਨੱਕ ਵਿਚ, ਬਾਹਵਾਂ ਤੇ ਗਲੇ ਵਿਚ, ਪੈਰਾਂ ਤੇ ਕੋਈ ਥਾਂ ਖਾਲੀ ਨਹੀਂ ਸੀ, ਜਿੱਥੇ ਕੋਈ ਗਹਿਣਾ ਨਾ ਹੋਏ, ਜਿਸ ਤਰਾਂ ਸੋਨੇ ਨਾਲ ਲੱਦੀ ਹੋਵੇ। ਸ਼ੇਰਬਾਜ਼ ਦੀ ਦਾਦੀ ਦੇ, ਤੇ ਉਸ ਤੋਂ ਪਹਿਲੇ ਦੇ ਰੱਖੇ ਰੱਖਾਏ ਸਾਰੇ ਜ਼ੇਵਰ ਉਹਨੇ ਰੱਖੀ ਨੂੰ ਪਵਾਏ। ਛੰਮ ਛੰਮ ਕਰਦੀ ਉਹ ਲਾਰੀ ਵਿਚ ਆ ਬੈਠੀ। ਸਾਰੇ ਦੇ ਸਾਰੇ ਲੋਕ ਹੈਰਾਨ ਸਨ। ਸ਼ੇਰਬਾਜ਼ ਫੇਰ ਅੰਦਰ ਗਿਆ। ਉਸ ਨੇ ਉਸ ਦਾ ਰਾਂਗਲਾ ਪੀੜਾ ਲਿਆ ਕੇ ਲਾਰੀ ਵਿਚ ਰੱਖਿਆ। ਫੇਰ ਉਹਦਾ ਸ਼ੀਸ਼ਿਆਂ ਵਾਲਾ ਪਲੰਘ ਰਖਵਾਇਆ। ਫੇਰ ਟਰੰਕ ਰਖਵਾਏ, ਜਿਹੜੇ ਰੱਖੀ ਲਈ ਫੁਲਕਾਰੀਆਂ ਤੇ ਤੇਵਰਾਂ ਦੇ ਭਰੇ ਹੋਏ ਸਨ। ਅਖ਼ੀਰਲੀ ਵਾਰ ਸ਼ੇਰਬਾਜ਼ ਅੰਦਰ ਗਿਆ ਤੇ ਰੱਖੀ ਨੂੰ ਆ ਕੇ ਇਕ ਪੱਖੀ ਤੇ ਇਕ ਛੰਨਾ ਫੜਾਇਆ। ਛੰਨੇ ਉਤੇ ਚਿਤਰਿਆ ਹੋਇਆ ਸੀ, "ਸ਼ੇਰਬਾਜ਼ ਖ਼ਾਨ" ਤੇ ਪੱਖੀ ਤੇ ਰੱਖੀ ਨੇ ਆਪ ਸੂਹੇ ਸਾਵੇ ਧਾਗਿਆਂ ਨਾਲ ਕੱਢਿਆ ਸੀ, "ਪਾਕਿਸਤਾਨ ਹਮਾਰਾ ਹੈ।"

# ਆਜ਼ਾਦੀ ਦਾ ਮੁੱਲ ਸਿਰਾਂ ਦੇ ਗੱਡੇ

ਕੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਕੜੀ - 8

- ਕਰਮ ਸਿੰਘ ਜ਼ਖ਼ਮੀ

"ਇਹ ਸਰਹੰਦ ਭੀ ਪਤਾ ਨਹੀਂ ਅਸਾਡੇ ਪਾਸ ਕਿਤਨੀ ਦੇਰ ਤਕ ਰਹਿੰਦੀ ਹੈ।" ਕਹਿੰਦੇ ਹੋਏ ਕਰਤਾਰ ਸਿੰਘ ਨੇ ਇਕ ਠੰਢਾ ਸਾਹ ਲਿਆ, ਜਿਸ ਵਿਚੋਂ ਨਿਰਾਸ਼ਤਾ ਉਠਦੀ ਜਾਪਦੀ ਸੀ।

"ਵੇਖੋ ਜੀ ਆਜ਼ਾਦੀ ਹਮੇਸ਼ਾ ਆਪਣਾ ਮੁਲ ਮੰਗਦੀ ਹੈ। ਹੋ ਸਕਦਾ ਹੈ ਕਿ ਸਿੱਖਾਂ ਨੂੰ ਕੁਝ ਹੋਰ ਮੁਲ ਤਾਰਨਾ ਪਵੇ, ਪਰੰਤੂ ਮੈਨੂੰ ਨਿਸਚਾ ਹੈ ਕਿ ਇਸ ਦੇਸ਼ ਉੱਪਰ ਰਾਜ ਹੁਣ ਸਿੱਖਾਂ ਨੇ ਹੀ ਕਰਨਾ ਹੈ।" ਤਾਰਾ ਨੇ ਬੜੀ ਗੰਭੀਰਤਾ ਨਾਲ ਆਖਿਆ।

"ਬਾਬਾ ਜੀ ਨੂੰ ਮੈਂ ਹਾਲਾਂ ਤਕ ਨਹੀਂ ਮਿਲਿਆ, ਸੁਣਿਆ ਹੈ ਕਿ ਉਹ ਆਪਣੇ ਦੌਰੇ ਤੋਂ ਮੁੜ ਆਏ ਹਨ ਤੇ ਲੋਹਗੜ੍ਹ ਦੇ ਕਿਲੇ ਵਿਚ ਹਨ।" ਕਰਤਾਰ ਸਿੰਘ ਨੇ ਆਖਿਆ ਉਸ ਦਾ ਇਸ਼ਾਰਾ ਬੰਦਾ ਸਿੰਘ ਬਹਾਦਰ ਵਲ ਸੀ।

"ਉਹਨਾਂ ਦੇ ਦਰਸ਼ਨ ਕਰਨ ਲਈ ਤਾਂ ਮੇਰਾ ਭੀ ਬੜਾ ਦਿਲ ਕਰਦਾ ਹੈ, ਕਲਗੀਆਂ ਵਾਲੇ ਸਤਿਗੁਰਾਂ ਦੀਆਂ ਉਸ ਸ਼ੇਰ ਤੇ ਮੇਹਰਾਂ ਹਨ, ਸਿੱਖ ਪੰਥ ਦਾ ਇਸ ਸਮੇਂ ਉਹ ਸਭ ਤੋਂ ਵੱਡਾ ਜਰਨੈਲ ਹੈ। ਉਸ ਦੇ ਦਰਸ਼ਨਾਂ ਨਾਲ ਜ਼ਰੂਰ ਜੀਵਨ ਸਫਲਾ ਹੋਵੇਗਾ। ਦਿਨੇ ਉਹਨਾਂ ਦੇ ਦਰਸ਼ਨਾਂ ਦਾ ਜ਼ਰੂਰ ਯਤਨ ਕਰੋ।" ਤਾਰਾ ਨੂੰ ਕਰਤਾਰ ਸਿੰਘ ਦੀ ਇਸ ਗਲ ਵਿਚੋਂ ਨਵਾਂ ਉਤਸ਼ਾਹ ਮਿਲਿਆ ਸੀ ਤੇ ਉਹ ਇਸ ਉਤਸ਼ਾਹ ਦਾ ਪ੍ਰਗਟਾਵਾ ਕਰਦੀ ਚਲੀ ਜਾ ਰਹੀ ਸੀ।

"ਚਲੋ ਹੁਣ ਸੌਂ ਜਾਈਏ ਸਵੇਰੇ ਜੋ ਵਾਹਿਗੁਰੂ ਨੂੰ ਮਨਜ਼ੂਰ ਹੋਵੇਗਾ ਹੋ ਜਾਵੇਗਾ।" ਕਰਤਾਰ ਸਿੰਘ ਨੇ ਕਿਹਾ ਤੇ ਮੂਹ ਉਪਰ ਰਜਾਈ ਖਿਚ ਲਈ। ਤਾਰਾ ਨੇ ਭੀ ਉਠ ਕੇ ਦੀਵਾ ਬੁਝਾਇਆ ਤੇ ਆਪਣੇ ਮੰਜੇ ਤੇ ਲੇਟ ਗਈ। ਰਾਤ ਇਸ ਸਮੇਂ ਅੱਧੀ ਤੋਂ ਉਤੇ ਜਾ ਚੁਕੀ ਸੀ। ਛੇਤੀ ਹੀ ਉਹਨਾਂ ਨੂੰ ਨੀਂਦ ਆ ਗਈ। ਉਹ ਸੌਂਕੇ ਉਠੇ ਤਾਂ ਚਿੱਟਾ ਦਿਨ ਚੜਿਆ ਹੋਇਆ ਸੀ। ਪਰੇਮ ਕੌਰ ਦਰਵਾਜ਼ੇ ਵਿਚ ਖੜੀ ਕਹਿ ਰਹੀ ਸੀ—"ਤੁਸੀਂ ਉਠ ਕੇ ਇਸ਼ਨਾਨ ਕਰਕੇ ਕੁਝ ਖਾ ਵੀ ਲਓ, ਸ: ਸ਼ਾਮ ਸਿੰਘ ਨੇ ਕਿਹਾ ਹੈ ਕਿ ਤੁਸੀਂ ਛੇਤੀ ਤਿਆਰ ਹੋ ਜਾਓ।"

"ਕਿਸ ਲਈ ?" ਤਾਰਾ ਨੇ ਇਕ ਅੰਗੜਾਈ ਲੈ ਕੇ ਉਠ ਕੇ ਬੈਠਦੇ ਹੋਏ ਪੁਛਿਆ।

"ਬੀਬੀ ਜੀ ਇਹ ਤਾਂ ਉਹੋ ਹੀ ਜਾਨਣ, ਪਰੰਤ ਉਹ ਤੁਹਾਡੀ ਬਹਾਦਰੀ ਦੀ ਪ੍ਰਸੰਸਾ ਬਹੁਤ ਕਰ ਰਹੇ ਹਨ। ਪਰੇਮ ਕੌਰ ਨੇ ਕਿਹਾ ਤੇ ਇਹ ਕਹਿੰਦੀ ਹੋਈ ਪਿਛੇ ਮੁੜ ਗਈ ਕਿ–"ਮੇਂ ਦਾਲ ਵਾਲੇ ਪਰਾਉਂਠੇ ਲਾਹੁੰਦੀ ਹਾਂ ਤੁਹਾਡੇ ਲਈ ਤੁਸੀਂ ਤਿਆਰ ਹੋ ਜਾਓ।"

ਦੋਹਾ ਨੇ ਵੱਖ ਵੱਖ ਗੁਸਲਖਾਨਿਆਂ ਵਿਚ ਜਾ ਕੇ ਇਸ਼ਨਾਨ ਕੀਤਾ, ਕਪੜੇ ਬਦਲੇ। ਕਰਤਾਰ ਸਿੰਘ ਨੇ ਜਪੁਜੀ ਸਾਹਿਬ ਦਾ ਪਾਠ ਕੀਤਾ ਤੇ ਤਾਰਾ ਸ਼ਰਧਾ ਦੀ ਮੂਰਤੀ ਬਣੀ ਸੁਣਦੀ ਰਹੀ ਪਾਠ ਦੇ ਭੋਗ ਦੇ ਨਾਲ ਹੀ ਪਰੇਮ ਕੌਰ ਸ਼ਾਹਵੇਲਾ ਲੈ ਆਈ। ਹਾਲਾਂ ਉਹ ਸ਼ਾਹ ਵੇਲਾ ਖਾ ਕੇ ਵੇਹਲੇ ਹੀ ਹੋਏ ਸਨ ਕਿ ਸਰਦਾਰ ਸ਼ਾਮ ਸਿੰਘ ਆ ਗਏ। ਕਰਤਾਰ ਸਿੰਘ ਦੇ ਮੰਜੇ ਤੇ ਬੈਠਦੇ ਹੋਏ ਉਹਨਾਂ ਕਿਹਾ—"ਤੁਹਾਡੀ ਗਲ ਠੀਕ ਸਾਬਤ ਹੋਈ ਹੈ। ਸਢੌਰੇ ਤੇ ਹਮਲੇ ਲਈ ਮੁਗਲ ਫੌਜ ਮੁਲਖ਼ਈਏ ਨੂੰ ਲੈ ਕੇ ਅਗੇ ਵਧ ਰਹੀ ਹੈ।"

"ਇਹ ਤਾਂ ਹੋਣਾ ਹੀ ਸੀ, ਸਾਡੇ ਹੱਥ ਮੁਮਤਾਜ ਖਾਨ ਤੇ ਮੁਰਾਦ ਖਾਨ ਪਾਸੋਂ ਇਸਦੇ ਪੂਰੇ ਪੂਰੇ ਸਬੂਤ ਲਗ ਗਏ ਸਨ। ਹੁਣ ਟਾਕਰੇ ਲਈ ਕੀ ਕੀਤਾ ਜਾ ਰਿਹਾ ਹੈ ਪਿਤਾ ਜੀ ?" ਤਾਰਾ ਨੇ ਪੁਛਿਆ।

"ਬਾਬਾ ਜੀ ਜਾਨਣ, ਉਹਨਾਂ ਨੇ ਆਪਣੀ ਜ਼ਿੰਮੇਵਾਰੀ ਹੇਠਾਂ ਤਿਆਰੀ ਸ਼ੁਰੂ ਕਰ ਦਿੱਤੀ ਹੈ। ਇਸ ਜੰਗ ਦੀ ਕਮਾਨ ਬਾਬਾ ਬਿਨੋਦ ਸਿੰਘ ਕਰਨਗੇ।" ਸਰਦਾਰ ਸ਼ਾਮ ਸਿੰਘ ਨੇ ਕਿਹਾ।

"ਜੋ ਵਾਹਿਗੁਰੂ ਦਾ ਹੁਕਮ, ਸਾਡੇ ਲਈ ਕੀ ਹੁਕਮ ਹੈ ?" ਕਰਤਾਰ ਸਿੰਘ ਨੇ ਪੁਛਿਆ।

"ਤੁਹਾਡੀ ਵਲੋਂ ਲਿਆਂਦੀਆਂ ਗਈਆਂ ਸੋਨੇ ਦੀਆਂ ਮੋਹਰਾਂ ਤੇ ਕਾਗਜ਼ ਪਤਰ ਸਾਰੇ ਹੀ ਲੋਹਗੜ ਦੇ ਕਿਲੇ ਵਿਚ ਪੁਜਾ ਦਿਤੇ ਗਏ ਹਨ। ਬਾਬਾ ਜੀ ਤੁਹਾਡੇ ਸਬੰਧੀ ਸਭ ਕੁਝ ਜਾਣਦੇ ਹਨ। ਉਹ ਆਪ ਤੁਹਾਨੂੰ ਥਾਪਣਾ ਦੇਣੀ ਚਾਹੁੰਦੇ ਹਨ ਤੇ ਇਸ ਲਈ ਉਹਨਾਂ ਤੁਹਾਨੂੰ ਲੋਹਗੜ੍ਹ ਦੇ ਕਿਲੇ ਵਿਚ ਸਦਿਆ ਹੈ, ਉਥੋਂ ਆਏ ਦੋ ਸਿੰਘ ਤੁਹਾਨੂੰ ਉਥੇ ਲੈ ਜਾਣਗੇ।" ਸ: ਸ਼ਾਮ ਨੇ ਕਿਹਾ। ਕਰਤਾਰ ਸਿੰਘ ਤੇ ਤਾਰਾ ਇਹ ਗਲ ਸੁਣਕੇ ਖੁਸ਼ੀ ਨਾਲ ਖੀਵੇ ਹੋ ਗਏ ਅਤੇ ਇਸਤੋਂ ਝਟ ਹੀ ਪਿਛੋਂ ਉਹ ਉਹਨਾਂ ਦੇ ਘੋੜ ਸਵਾਰ ਸਿੰਘਾਂ ਨਾਲ ਘੋੜਿਆਂ ਤੇ ਚੜੇ ਲੋਹਗੜ੍ਹ ਦੇ ਕਿਲੇ ਵਲ ਜਾ ਰਹੇ ਸਨ।




ਅਜੇ
ਤੁਸੀਂ

7

ਬਾਬਾ ਬੰਦਾ ਸਿੰਘ ਬਹਾਦਰ ਲੋਹਗੜ ਦੇ ਕਿਲੇ ਦੇ ਦੀਵਾਨਖਾਨੇ ਵਿਚ ਇਕ ਗੱਦੇ ਤੇ ਬੈਠੇ ਸਨ। ਉਹਨਾਂ ਦੀ ਝਾਲ ਝਲੀ ਨਹੀਂ ਸੀ ਜਾ ਰਹੀ। ਲੰਮਾ ਉੱਚਾ ਕਦ ਭਰਵਾਂ ਸਰੀਰ, ਗੋਰਾ ਗੁਲਾਬੀ ਚੇਹਰਾ ਮੋਟੀਆਂ ਮੋਟੀਆਂ ਅੱਖਾਂ, ਕਾਲਾ ਸਿਆਹ ਦਾਹੜਾ ਇਉਂ ਜਾਪਦਾ ਸੀ ਕਿ ਜਿਸ ਤਰਾਂ ਚੰਦ ਬਦਲਾਂ ਵਿਚੋਂ ਦੀ ਝਾਕ ਰਿਹਾ ਹੋਵੇ, ਇਕ ਹੱਥ ਵਿਚ ਤਲਵਾਰ ਦੂਜੇ ਹੱਥ ਵਿਚ ਮਾਲਾ, ਕਲਗੀਧਰ ਮਹਾਰਾਜ ਦਸਮੇਸ਼ ਪਿਤਾ ਦਾ ਸਾਜਿਆ ਨਿਵਾਜਿਆ ਉਹ ਠੀਕ ਅਰਥਾਂ ਵਿਚ ਸੰਤ ਸਿਪਾਹੀ ਹੀ ਨਹੀਂ ਸੰਤ ਜਰਨੈਲ ਸਿੰਘ ਭੀ ਸੀ ਉਹਨਾਂ ਦੇ ਸਾਹਮਣੇ ਸਰਦਾਰ ਬੈਠੇ ਸਨ। ਕਰਤਾਰ ਸਿੰਘ ਤੇ ਤਾਰਾ ਨੂੰ ਉਹਨਾਂ ਦੇ ਸਾਹਮਣੇ ਲਿਜਾਇਆ ਗਿਆ। ਉਹਨਾਂ ਦੋਵੇਂ ਹੱਥ ਜੋੜ ਕੇ ਫਤਹ ਬੁਲਾਈ। ਬਾਬਾ ਜੀ ਤੇ ਪੈਰੀਂ ਹੱਥ ਲਾਏ ਤੇ ਉਹਨਾਂ ਦਾ ਇਸ਼ਾਰਾ ਪਾ ਕੇ ਉਹਨਾਂ ਦੇ ਸਾਹਮਣੇ ਬੈਠ ਗਏ।

ਬਾਬਾ ਜੀ ਨੇ ਉਹਨਾਂ ਨੂੰ ਥਾਪੀ ਦਿਤੀ। ਦੋਹਾਂ ਹੱਥਾਂ ਨਾਲ ਦੋਹਾਂ ਦੀਆਂ ਪਿੱਠਾਂ ਥਪਕੀਆਂ। ਸਨੇਹ ਭਰਪੂਰ ਨਿਗਾਹਾਂ ਨਾਲ ਉਹਨਾਂ ਵਲ ਵੇਖਿਆ ਤੇ ਕਿਹਾ, 'ਬੱਚਿਓ, ਜੋ ਕੁਝ ਪੰਥ ਲਈ ਕਰ ਰਹੇ ਹੋ, ਇਸ ਲਈ ਇਤਿਹਾਸ ਵਿਚ ਤੁਹਾਡਾ ਨਾਮ ਹਮੇਸ਼ਾ ਚਮਕਦਾ ਰਹੇਗਾ ਅਸੀਂ ਤੁਹਾਡੇ ਤੇ ਬਹੁਤ ਖੁਸ਼ ਹਾਂ।'

'ਬਾਬਾ ਜੀ ਪੰਥ ਦੀ ਸੇਵਾ ਕੋਈ ਬਹੁਤੀ ਕੀਤੀ ਤਾਂ ਨਹੀਂ ਜਾ ਸਕੀ, ਪਰੰਤੂ ਕਰਨ ਦਾ ਸ਼ੌਕ ਜ਼ਰੂਰ ਹੈ, ਅਸ਼ੀਰਵਾਦ ਦਿਓ ਕਿ ਇਹ ਸੇਵਾ ਕਰਦੇ ਹੋਏ ਹੀ ਇਹ ਸਿਰ ਪੰਥ ਦੇ ਲੇਖੇ ਲਾ ਦਈਏ' ਕਰਤਾਰ ਸਿੰਘ ਨੇ ਦੋਵੇਂ ਹੱਥ ਜੋੜਕੇ ਬੇਨਤੀ ਕੀਤੀ, ਤਾਰਾ ਬੜੀਆਂ ਹੀ ਸ਼ਰਧਾ ਭਰਪੂਰ ਨਿਗਾਹਾਂ ਨਾਲ ਉਹਨਾਂ ਵੱਲ ਵੇਖ ਰਹੀ ਸੀ।

'ਬੱਚਿਓ, ਅਸਾਂ ਸਾਰਿਆਂ ਦੇ ਹੀ ਇਹ ਸੀਸ ਹਮੇਸ਼ਾਂ ਲਈ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੇ ਉਸ ਦੇ ਪੰਥ ਦੀ ਭੇਟਾ ਕੀਤੇ ਹੋਏ ਹਨ, ਜਦੋਂ ਉਹਨਾਂ ਨੂੰ ਲੋੜ ਹੋਵੇਗੀ ਲੈ ਲੈਣਗੇ, ਮੈਂ ਤੁਹਾਡੀ ਬਹੁਦਰੀ ਦੀ ਪ੍ਰਸੰਸਾ ਕਰਦਾ ਹਾਂ।' ਬਾਬਾ ਜੀ ਕਹਿੰਦੇ ਗਏ।

'ਅਸਾਂ ਨੂੰ ਕਿਸੇ ਸੇਵਾ ਤੇ ਲਾਓ ਨਾ ਬਾਬਾ ਜੀ, ਅਸੀਂ ਵੇਹਲੇ ਤਾਂ ਬੈਠ ਨਹੀਂ ਸਕਦੇ।' ਤਾਰਾ ਨੇ ਆਪਣੀ ਕੋਮਲ ਬਾਣੀ ਵਿਚ ਕਿਹਾ।

'ਜ਼ਰੂਰ, ਗੁਰੂ ਪੰਥ ਤੁਹਾਥੋਂ ਸੇਵਾ ਲਵੇਗਾ, ਜੰਗ ਤੁਸੀਂ ਇਹ ਸਮਝ ਲਓ ਕਿ ਇਕ ਦੋ ਦਿਨਾਂ ਵਿਚ ਸ਼ੁਰੂ ਹੋ ਰਹੀ ਹੈ। ਤੁਸਾਂ ਕੇਵਲ ਦੁਸ਼ਮਨ ਦੀਆਂ ਸਰਗਰਮੀਆਂ ਤੇ ਨਿਗਾਹ ਰੱਖ ਕੇ ਸਰਦਾਰਾਂ ਨੂੰ ਖਬਰਦਾਰ ਦਿੰਦੇ ਰਹਿਣਾ ਹੈ।' ਬਾਬਾ ਜੀ ਨੇ ਆਖਿਆ।

'ਜੋ ਹੁਕਮ ਹੋਵੇਗਾ, ਉਸਦੀ ਪਾਲਣਾ ਕਰਾਂਗੇ।' ਕਰਤਾਰ ਸਿੰਘ ਨੇ ਕਿਹਾ।

ਆਰਾਮ ਕਰ ਲਓ।' ਬਾਬਾ ਜੀ ਨੇ ਕਿਹਾ ਤੇ ਇਕ ਸੇਵਾਦਾਰ ਨੂੰ ਸਦ ਕੇ ਹੁਕਮ ਦਿੱਤਾ ਕਿ ਉਹ ਉਹਨਾਂ ਦੀ ਰਿਹਾਇਸ਼ ਤੇ ਰੋਟੀ ਆਦਿ ਦਾ ਉਚੇਚਾ ਵਧੀਆ ਪ੍ਰਬੰਧ ਕਰ ਦੇਵੇ।। ਸੇਵਾਦਾਰ ਦੋਹਾਂ ਨੂੰ ਲੈਕੇ ਚਲਿਆ ਗਿਆ।

'ਇਤਨਾ ਮਹਾਂ ਬਲੀ ਤਾਂ ਇਸ ਦੁਨੀਆਂ ਵਿਚ ਕੋਈ ਦੂਸਰਾ ਹੋਣਾ ਹੀ ਨਹੀਂ ?' ਤਾਰਾ ਨੇ ਕਰਤਾਰ ਸਿੰਘ ਵਲ ਵੇਖਦੇ ਹੋਏ ਆਖਿਆ।

'ਤਾਰਾ ਜੀ ਸਚ ਮੁਚ ਇਹ ਮਹਾਂ ਬਲੀ ਹਨ, ਕਲਗੀਆਂ ਵਾਲੇ ਦੀ ਦਿੱਤੀ ਮਹਾਨ ਸ਼ਕਤੀ ਦੇ ਇਹ ਸਵਾਮੀ ਹਨ, । ਧੰਨ ਹਨ ਬਾਬਾ ਜੀ, ਧੰਨ ਹਨ ਇਹਨਾਂ ਤੇ ਅਸਾਡੇ ਸਾਰਿਆਂ ਦੇ ਸਵਾਮੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ।' ਕਰਤਾਰ ਸਿੰਘ ਦਾ ਉਤਰ ਸੀ।

(ਚਲਦਾ...)

# ਤਾਰ-ਤਾਰ ਹੁੰਦਾ ਰਿਸ਼ਤਿਆਂ ਦਾ ਤਾਣਾ-ਬਾਣਾ

## -ਸਿਮਰਜੀਤ ਕੌਰ

**ਸਾਡਾ ਸਮਾਜ**

ਸਮਾਜ ਵਿਚ ਕੁਝ ਕੁ ਇਹੋ ਜਿਹੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ ਜਿਨਾਂ ਦਾ ਅਸਰ ਸਾਡੇ ਦਿਲੋ-ਦਿਮਾਗ 'ਤੇ ਡੂੰਘਾ ਉੱਕਰ ਜਾਂਦਾ ਹੈ। ਇਕ ਅਮੀਰ ਪਰਿਵਾਰ ਦੇ ਬੱਚਿਆਂ ਦੁਆਰਾ ਠੁਕਰਾਈ ਹੋਈ ਬਜ਼ੁਰਗ ਔਰਤ ਦੀ ਸਿਰ 'ਚ ਕੀੜੇ ਪੈ ਕੇ ਦਿਲ ਦਹਿਲਾਉਣ ਵਾਲੀ ਹਾਲਤ 'ਚ ਹੋਈ ਮੌਤ ਦੀ ਘਟਨਾ ਪਿਛਲੇ ਦਿਨੀਂ ਸੁਰਖੀਆਂ ਵਿਚ ਰਹੀ ਹੈ। ਟੀਵੀ ਅਤੇ ਸੋਸ਼ਲ ਮੀਡੀਆ 'ਤੇ ਵਾਰ-ਵਾਰ ਇਹ ਖ਼ਬਰ ਪ੍ਰਸਾਰਿਤ ਹੋਣ ਕਾਰਨ ਇਸ ਨੇ ਮੇਰੇ ਮਨ 'ਤੇ ਵੀ ਬੜਾ ਅਸਰ ਪਾਇਆ। ਉਸ ਬਜ਼ੁਰਗ ਔਰਤ ਦੀ ਹਾਲਤ ਵੇਖ ਕੇ ਮੈਨੂੰ ਆਪਣੀ ਮਰਹੂਮ ਦਾਦੀ ਸੱਸ ਵਾਰ-ਵਾਰ ਚੇਤੇ ਆਉਣ ਲੱਗ ਪਈ ਸੀ। ਜਦ ਮੇਰਾ ਵਿਆਹ ਹੋਇਆ ਤਾਂ ਆਪਣੇ ਸਹੁਰਾ ਪਰਿਵਾਰ ਦੇ ਮੈਂਬਰਾਂ ਦੇ ਸੁਭਾਅ ਬਾਰੇ ਮੇਰੇ 'ਚ ਇਕ ਅਜੀਬ ਕਿਸਮ ਦਾ ਤੌਖ਼ਲਾ ਸੀ। ਮੈਨੂੰ ਇੰਨਾ ਕੁ ਜ਼ਰੂਰ ਪਤਾ ਲੱਗ ਗਿਆ ਸੀ ਕਿ ਮੇਰੀ ਦਾਦੀ ਸੱਸ ਬੜੀ ਹੀ ਅੱਖੜ ਸੁਭਾਅ ਦੀ ਮਾਲਕਣ ਹੈ। ਮੇਰਾ ਡਰ ਵਾਜਬ ਵੀ ਸੀ ਕਿਉਂਕਿ ਮੈਨੂੰ ਸੱਸ ਦੇ ਨਾਲ-ਨਾਲ ਉਸ ਦੀ ਸੱਸ ਦਾ ਵੀ ਸਾਹਮਣਾ ਕਰਨਾ ਪੈਣਾ ਸੀ। ਮਨ 'ਚ ਇਕ ਧੁੜਕੂ ਵੀ ਸੀ ਕਿ ਕੀ ਮੈਂ ਉਨਾਂ ਦੇ ਮਨ ਦੇ ਮੇਚ ਦੀ ਸਾਬਤ ਹੋ ਸਕਾਂਗੀ ਕਿ ਨਹੀਂ ? ਮੇਰੀ ਦਾਦੀ ਸੱਸ ਦੀ ਉਮਰ ਉਦੋਂ ਬਿਆਸੀ ਸਾਲ ਦੀ ਸੀ ਪਰ ਉਹ ਸਰੀਰਕ ਹੀ ਨਹੀਂ, ਮਾਨਸਿਕ ਰੂਪ ਵਿਚ ਵੀ ਨੌ ਬਰ ਨੌ ਸੀ। ਉਸ ਨੇ ਘਰ 'ਚ ਆਪਣਾ ਪੂਰਾ ਦਬਦਬਾ ਕਾਇਮ ਰੱਖਿਆ ਹੋਇਆ ਸੀ। ਗਲੀ-ਮੁਹੱਲੇ ਦੇ ਲੋਕ ਵੀ ਉਸ ਦੀ ਸਲਾਹ ਲੈ ਕੇ ਕੰਮ ਕਰਦੇ ਸਨ। ਕੁਝ ਦਿਨਾਂ 'ਚ ਹੀ ਮੈਨੂੰ ਪਤਾ ਲੱਗਾ ਕਿ ਉਹ ਥੋੜਾ-ਬਹੁਤ ਪੜਨਾ-ਲਿਖਣਾ ਜਾਣਦੀ ਹੈ। ਰੋਜ਼ ਅਖ਼ਬਾਰ ਪੜਦੀ ਹੋਣ ਕਾਰਨ ਉਹ ਲਗਪਗ ਸਾਰੇ ਮਸਲਿਆਂ ਬਾਰੇ ਜਾਣਕਾਰੀ ਰੱਖਦੀ ਸੀ। ਕਈ ਵਾਰ ਤਾਂ ਕੋਈ ਇਹੋ ਜਿਹੀ ਭਵਿੱਖਬਾਣੀ ਕਰ ਦਿੰਦੀ ਜੋ ਛੇਤੀ ਹੀ ਸੱਚੀ ਸਾਬਤ ਹੋ ਜਾਂਦੀ ਸੀ। ਥੋੜੇ ਦਿਨਾਂ 'ਚ ਹੀ ਉਹ ਮੇਰੇ ਨਾਲ ਪੂਰੀ ਤਰਾਂ ਘੁਲ-ਮਿਲ ਗਈ ਸੀ। ਮੈਨੂੰ ਉਸ ਦਾ ਸਾਥ ਆਪਣੀ ਸਕੀ ਦਾਦੀ ਵਰਗਾ ਮਹਿਸੂਸ ਹੋਣ ਲੱਗ ਪਿਆ ਸੀ। ਭਾਵੇਂ ਕਿ ਮੈਂ ਆਰਟ ਅਤੇ ਕਰਾਫਟ ਅਧਿਆਪਕਾ ਲੱਗ ਕੇ ਪੂਰੀ ਖ਼ੁਸ਼ ਸਾਂ ਪਰ ਉਸ ਨੇ ਮੈਨੂੰ ਆਖਣਾ ਸ਼ੁਰੂ ਕਰ ਦਿੱਤਾ ਕਿ ਤੈਨੂੰ ਬੀਐੱਡ ਕਰਵਾ ਕੇ ਤਰੱਕੀ ਜ਼ਰੂਰ ਕਰਵਾਉਣੀ ਹੈ। ਮੈਂ ਹੈਰਾਨ ਸਾਂ ਕਿ ਉਸ ਅੱਧ-ਪੜ ਜਿਹੀ ਔਰਤ ਨੂੰ ਸਾਡੇ ਮਹਿਕਮੇ ਬਾਰੇ ਇੰਨਾ ਡੂੰਘਾ ਗਿਆਨ ਕਿਵੇਂ ਹਾਸਲ ਸੀ !
ਮੇਰੀ ਹੈਰਾਨੀ ਨੂੰ ਭਾਂਪ ਕੇ ਮੇਰੇ ਪਤੀ ਨੇ ਮੈਨੂੰ ਦੱਸਿਆ ਕਿ ਉਹ ਆਪਣੀ ਬੀਐੱਸਸੀ ਦੇ ਤੀਜੇ ਸਾਲ ਦੇ ਪੇਪਰ ਦੇ ਕੇ ਕਲਕੱਤੇ ਚਲੇ ਗਏ ਸਨ। ਇਸ ਮਗਰੋਂ ਉਨਾਂ ਦਾ ਨਤੀਜਾ ਆ ਗਿਆ ਸੀ। ਮੇਰੀ ਦਾਦੀ ਸੱਸ ਨੇ ਵਾਰ-ਵਾਰ ਫੋਨ ਕਰ ਕੇ ਉਨਾਂ ਨੂੰ ਘਰ ਵਾਪਸ ਬੁਲਾ ਲਿਆ ਸੀ। ਇਹੀ ਨਹੀਂ, ਉਹ ਖ਼ੁਦ ਉਨਾਂ ਦਾ ਨਤੀਜਾ ਕਾਰਡ ਕਾਲਜ ਤੋਂ ਲੈ ਕੇ ਆਉਣ ਦੇ ਨਾਲ-ਨਾਲ ਬੀਐੱਡ ਦੇ ਫਾਰਮ ਵੀ ਲੈ ਕੇ ਆਈ ਸੀ। ਕਲਕੱਤੇ ਤੋਂ ਵਾਪਸ ਆਉਂਦਿਆਂ ਨੂੰ ਦਾਦੀ ਸੱਸ ਨੇ ਮੇਰੇ ਪਤੀ ਨੂੰ ਬੀਐੱਡ ਦੀ ਤਿਆਰੀ ਦਾ ਹੁਕਮ ਚਾੜ ਦਿੱਤਾ ਸੀ ਜਿਸ ਨੂੰ ਟਾਲਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ। ਮੇਰੀ ਦਾਦੀ ਸੱਸ ਦੀ ਕਰੜਾਈ ਕਾਰਨ ਹੀ ਮੇਰੇ ਪਤੀ ਬੀਐੱਡ ਕਰ ਕੇ ਗਣਿਤ ਅਧਿਆਪਕ ਵਜੋਂ ਨਿਯੁਕਤ ਹੋਏ। ਮੇਰੇ ਲਈ ਇਹ ਗੱਲਾਂ ਬੜੀਆਂ ਹੈਰਾਨੀ ਭਰੀਆਂ ਸਨ। ਕੁਝ ਦਿਨਾਂ 'ਚ ਹੀ ਮੈਂ ਵੇਖਿਆ ਕਿ ਮੇਰੀ ਦਾਦੀ ਸੱਸ ਆਪਣੇ ਪੜ-ਪੋਤਿਆਂ ਦੀ ਪੜਾਈ-ਲਿਖਾਈ ਪ੍ਰਤੀ ਕਿੰਨੀ ਚਿੰਤਤ ਸੀ ? ਉਸ ਨੂੰ ਪਰਿਵਾਰ ਦੇ ਹਰ ਬੱਚੇ ਤਾਂ ਕੀ, ਆਂਢ-ਗੁਆਂਢ ਦੇ ਬੱਚਿਆਂ ਬਾਰੇ ਵੀ ਜਾਣਕਾਰੀ ਸੀ ਕਿ ਉਹ ਪੜਾਈ ਵੱਲ ਧਿਆਨ ਦੇ ਰਿਹਾ ਹੈ ਜਾਂ ਨਹੀਂ ! ਉਸ ਨੂੰ ਵੇਖ ਕੇ ਮੈਨੂੰ ਕਿਸੇ ਦੀ ਆਖੀ ਗਈ ਗੱਲ ਚੇਤੇ ਆ ਰਹੀ ਸੀ ਕਿ ਇਕ ਮੁੰਡੇ ਦੇ ਪੜਨ ਨਾਲ ਇਕ ਜਣਾ ਹੀ ਪੜਦਾ ਹੈ ਪਰ ਕੁੜੀ ਦੇ ਪੜਨ ਨਾਲ ਕਈ ਪਰਿਵਾਰ ਪੜ ਜਾਂਦੇ ਹਨ। ਮੇਰੀ ਦਾਦੀ ਸੱਸ ਨੇ ਮੈਨੂੰ ਵੀ ਬੀਐੱਡ ਕਰਨ ਦਾ ਹੁਕਮ ਸੁਣਾ ਦਿੱਤਾ ਸੀ। ਉਸੇ ਸਾਲ ਜਦ ਮੈਨੂੰ ਬੀਐੱਡ 'ਚ ਦਾਖ਼ਲਾ ਮਿਲ ਗਿਆ ਤਾਂ ਉਸ ਨੇ ਘਰ ਦਾ ਸਾਰਾ ਕੰਮ ਆਪਣੇ ਮੋਢਿਆਂ ਉੱਤੇ ਚੁੱਕ ਲਿਆ ਸੀ। ਉਸ ਨੇ ਟੱਬਰ ਦੇ ਬਾਕੀ ਜੀਆਂ ਨੂੰ ਹਦਾਇਤ ਕਰ ਦਿੱਤੀ ਸੀ ਕਿ ਇਸ ਸਮੇਂ ਦੌਰਾਨ ਮੈਨੂੰ ਕੋਈ ਵੀ ਵਾਧੂ ਕੰਮ ਨਹੀਂ ਕਹਿਣਾ। ਇਹੀ ਕਾਰਨ ਸੀ ਕਿ ਮੈਂ ਘਰੇਲੂ ਜ਼ਿੰਮੇਵਾਰੀਆਂ ਤੋਂ ਮੁਕਤ ਹੋ ਕੇ ਆਰਾਮ ਨਾਲ ਪੜਾਈ ਕਰਦੀ ਰਹੀ। ਭਾਵੇਂ ਕਿ ਮੇਰੀ ਦਾਦੀ ਸੱਸ ਅੱਜ ਸਾਡੇ ਵਿਚ ਨਹੀਂ ਹੈ ਪਰ ਉਸ ਦਾ ਪਰਿਵਾਰ ਪ੍ਰਤੀ ਮੋਹ, ਪਿਆਰ, ਤਿਆਗ, ਤਾਂਘ ਅਤੇ ਜਜ਼ਬਾ ਚੇਤੇ ਕਰ ਕੇ ਮੇਰੀਆਂ ਅੱਖਾਂ ਅੱਜ ਵੀ ਭਰ ਆਉਂਦੀਆਂ ਹਨ। ਉਹ ਔਰਤ ਜਿਸ ਤੋਂ ਮੈਂ ਡਰਦੀ ਰਹੀ ਸਾਂ, ਉਹੀ ਮੈਨੂੰ ਅਗਲੇਰੀ ਪੜਾਈ ਲਈ ਪ੍ਰੇਰਿਤ ਕਰ ਕੇ ਮੇਰੀ ਮਹਿਕਮੇ ਵਿਚ ਤਰੱਕੀ ਦਾ ਵੱਡਾ ਕਾਰਕ ਅਤੇ ਕਾਰਨ ਬਣੀ ਸੀ। ਅੱਜ ਮੈਂ ਜੋ ਵੀ ਹਾਂ ਉਹ ਉਸ ਦਾਨਿਸ਼ਮੰਦ ਬਜ਼ੁਰਗ ਔਰਤ ਦੀਆਂ ਅਸੀਸਾਂ ਅਤੇ ਛੱਤਰ-ਛਾਇਆ ਸਦਕਾ ਹਾਂ। ਤਿਰੰਨਵੇਂ ਸਾਲ ਦੀ ਉਮਰ ਭੋਗ ਕੇ ਜਦ ਉਹ ਇਸ ਫ਼ਾਨੀ ਸੰਸਾਰ ਤੋਂ ਰੁਖ਼ਸਤ ਹੋਈ ਤਾਂ ਮੈਨੂੰ ਇੰਜ ਜਾਪਿਆ ਸੀ ਜਿਵੇਂ ਮੇਰੇ ਸਰੀਰ ਦਾ ਕੋਈ ਅੰਗ ਮੇਰੇ ਨਾਲੋਂ ਅਲੱਗ ਹੋ ਗਿਆ ਹੋਵੇ। ਆਪਣਾ-ਆਪ ਸੰਭਾਲਣ 'ਚ ਮੈਨੂੰ ਕਈ ਮਹੀਨੇ ਲੱਗ ਗਏ ਸਨ। ਇਹ ਅਟੱਲ ਸੱਚਾਈ ਹੈ ਕਿ ਸਾਰੇ ਬਜ਼ੁਰਗ ਆਪਣੇ ਪਰਿਵਾਰ ਦੀ ਤਰੱਕੀ ਅਤੇ ਖ਼ੁਸ਼ਹਾਲੀ ਵੇਖਣਾ ਚਾਹੁੰਦੇ ਹੁੰਦੇ ਹਨ। ਮੈਂ ਉਸ ਬਜ਼ੁਰਗ ਔਰਤ ਦੀ ਮਾਨਸਿਕ ਹਾਲਤ ਵੀ ਵਾਰ-ਵਾਰ ਚਿਤਵ ਰਹੀ ਹਾਂ ਜਿਸ ਦੀ ਮੌਤ ਬੜੇ ਹੀ ਦਰਦਨਾਕ ਹਾਲਾਤ ਵਿਚ ਹੋਣ ਕਾਰਨ ਉਹ ਸੁਰਖ਼ੀਆਂ 'ਚ ਆਈ ਸੀ। ਜਦ ਉਸ ਦੇ ਆਪਣੇ ਬੱਚੇ ਤਰੱਕੀ ਦੀਆਂ ਨਵੀਆਂ ਪੈੜਾਂ ਪਾ ਰਹੇ ਹੋਣਗੇ ਉਹ ਕਿੰਨੀ ਖ਼ੁਸ਼ ਹੁੰਦੀ ਹੋਵੇਗੀ ? ਉਸ ਨੇ ਵੀ ਆਪਣੇ ਪਰਿਵਾਰ ਦੀ ਤਰੱਕੀ ਲਈ ਕਿੰਨੇ ਸੁਪਨੇ ਵੇਖੇ ਹੋਣਗੇ ਅਤੇ ਉਹ ਸੱਚ ਵੀ ਹੋ ਨਿੱਬੜੇ ਸਨ।
ਪਰ ਅਫ਼ਸੋਸ ਕਿ ਅਜੋਕੀ ਪੀੜੀ ਨੇ ਰਿਸ਼ਤਿਆਂ ਦੀ ਅਹਿਮੀਅਤ ਨੂੰ ਭੁਲਾ ਦਿੱਤਾ ਹੈ। ਉਸ ਲਈ ਪੈਸਾ ਅਤੇ ਜਾਇਦਾਦ ਹੀ ਇਕ ਟੀਚਾ ਬਣ ਕੇ ਰਹਿ ਗਿਆ ਹੈ। ਉਹ ਨਹੀਂ ਜਾਣਦੇ ਕਿ ਜੜ ਨਾਲੋਂ ਟੁੱਟ ਚੁੱਕੇ ਰੁੱਖ ਸਦਾ ਹਰੇ-ਭਰੇ ਨਹੀਂ ਰਹਿ ਸਕਦੇ। ਇਹ ਘਟਨਾ ਸਾਨੂੰ ਇਕ ਵੱਡੀ ਸਿੱਖਿਆ ਵੀ ਦਿੰਦੀ ਹੈ ਕਿ ਸਾਨੂੰ ਆਪਣੇ ਬੱਚਿਆਂ ਨੂੰ ਕਿਤਾਬੀ ਪੜਾਈ ਦੇ ਨਾਲ-ਨਾਲ ਨੈਤਿਕ ਸਿੱਖਿਆ 'ਤੇ ਵੀ ਜ਼ੋਰ ਦੇਣਾ ਚਾਹੀਦਾ ਹੈ। ਸਰਕਾਰ ਅਤੇ ਸਮਾਜ ਵਿਗਿਆਨੀਆਂ ਨੂੰ ਇਸ ਮਸਲੇ ਵੱਲ ਖ਼ਾਸ ਧਿਆਨ ਦੇਣਾ ਚਾਹੀਦਾ ਹੈ ਨਹੀਂ ਤਾਂ ਕੱਲ ਨੂੰ ਅਜਿਹੀ ਮਨਹੂਸ ਘਟਨਾ ਕਿਸੇ ਨਾਲ ਵੀ ਵਾਪਰ ਸਕਦੀ ਹੈ। ਭਾਵੇਂ ਬਜ਼ੁਰਗਾਂ ਦੇ ਹੱਕ 'ਚ ਕਈ ਕਾਨੂੰਨ ਬਣੇ ਹੋਏ ਹਨ ਪਰ ਜਾਣਕਾਰੀ ਦੀ ਅਣਹੋਂਦ ਕਾਰਨ ਉਹ ਅਜੇ ਵੀ ਨਰਕ ਵਰਗੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ। ਇਨਾਂ ਕਾਨੂੰਨਾਂ ਦੀ ਜਾਣਕਾਰੀ ਦੇਣ ਹਿੱਤ ਸਰਕਾਰ ਨੂੰ ਇਕ ਵਿਸ਼ੇਸ਼ ਜਾਗਰੂਕਤਾ ਮੁਹਿੰਮ ਵਿੱਢਣੀ ਚਾਹੀਦੀ ਹੈ। ਮੈਂ ਉਮੀਦ ਕਰਦੀ ਹੋਈ ਦੁਆ ਵੀ ਕਰਦੀ ਹਾਂ ਕਿ ਕਿਸੇ ਵੀ ਵਿਅਕਤੀ ਨੂੰ ਆਪਣੀ ਜ਼ਿੰਦਗੀ ਦਾ ਸੂਰਜ ਅਸਤ ਹੋਣ ਵੇਲੇ ਪਸ਼ੂਆਂ ਤੋਂ ਵੀ ਬਦਤਰ ਅਜਿਹੀ ਜ਼ਿੰਦਗੀ ਬਤੀਤ ਨਾ ਕਰਨੀ ਪਵੇ। ਇਨਾਂ ਮਾੜੇ ਕੀਤੇ ਕੰਮਾਂ ਦਾ ਫ਼ਲ ਹਰ ਹਾਲਤ ਵਿਚ ਸਾਡੇ ਕੋਲ ਪਹੁੰਚਦਾ ਹੈ। ਪਤਾ ਨਹੀਂ, ਅਜਿਹੇ ਲੋਕ ਕਿਵੇਂ ਭੁੱਲ ਜਾਂਦੇ ਹਨ ਕਿ ਜੇ ਉਨਾਂ ਦੇ ਮਾਪੇ ਬੁੱਢੇ ਹੋਏ ਹਨ ਤਾਂ ਕੱਲ ਨੂੰ ਉਨਾਂ ਨੇ ਵੀ ਅਜਿਹੀ ਅਵਸਥਾ ਹੰਢਾਉਣੀ ਹੈ। ਇਹ ਇਤਿਹਾਸ ਸਾਡੇ 'ਤੇ ਪ੍ਰਮਾਤਮਾ ਵੱਲੋਂ ਦੁਹਰਾਇਆ ਗਿਆ ਤਾਂ ਸਾਡਾ ਕੀ ਹਸ਼ਰ ਹੋਵੇਗਾ, ਸ਼ਾਇਦ ਇਸ ਤੋਂ ਵੀ ਬੁਰਾ। ਇਕ ਗੱਲ ਹੋਰ, ਜੋ ਇਨਸਾਨ ਆਪਣੇ ਮਾਪਿਆਂ ਦਾ ਨਹੀਂ ਬਣਿਆ ਉਹ ਹੋਰ ਕਿਸੇ ਦਾ ਵੀ ਕਦੇ ਨਹੀਂ ਬਣ ਸਕਦਾ। ਇਨਾਂ ਨੇ 'ਦੁੱਧਾਂ ਨਾਲ ਪੁੱਤ ਪਾਲ ਕੇ ਫੇਰ ਪਾਣੀ ਨੂੰ ਤਰਸਦੀਆਂ ਮਾਵਾਂ' ਨੂੰ ਪੂਰੀ ਤਰਾਂ ਸਾਬਿਤ ਕਰ ਦਿੱਤਾ ਹੈ। ਜੋ ਆਪਣੇ ਖ਼ੂਨ ਅਤੇ ਪਿਆਰ ਦੇ ਰਿਸ਼ਤਿਆਂ ਦੀ ਕਦਰ ਨਹੀਂ ਕਰ ਸਕੇ ਉਨਾਂ ਨੂੰ ਸਮਾਜਿਕ ਤੌਰ 'ਤੇ ਵੀ ਦੁਰਕਾਰਾਂ ਹੀ ਮਿਲਦੀਆਂ ਹਨ। ਸਮਝ ਨਹੀਂ ਆ ਰਹੀ ਕਿ ਮਨੁੱਖ ਇਖ਼ਲਾਕੀ ਤੌਰ 'ਤੇ ਇੰਨਾ ਹੇਠਾਂ ਡਿੱਗ ਚੁੱਕਾ ਹੈ ਕਿ ਉਹ ਮਾਵਾਂ ਵਰਗੇ ਘਣਛਾਵੇਂ ਬੂਟੇ ਨੂੰ ਕਿਵੇਂ ਜੜੋਂ ਪੁੱਟ ਕੇ ਬਾਹਰ ਸੁੱਟ ਦਿੰਦਾ ਹੈ। ਉਹ ਕਿਉਂ ਨਹੀਂ ਸਮਝ ਰਿਹਾ ਕਿ ਬਜ਼ੁਰਗ ਜ਼ਿੰਦਗੀ ਦੇ ਤਜਰਬਿਆਂ ਦਾ ਖ਼ਜ਼ਾਨਾ ਹੁੰਦੇ ਹਨ ਜਿਨਾਂ ਦੀ ਬਦੌਲਤ ਘਰ ਮਹਿਕਦਾ ਤੇ ਟਹਿਕਦਾ ਹੈ। ਉਨਾਂ ਕੋਲ ਸਾਡੀ ਆਉਣ ਵਾਲੀ ਪੀੜੀ ਨੂੰ ਸੰਭਾਲਣ ਤੇ ਸੰਵਾਰਨ ਦਾ ਬਹੁਤ ਜ਼ਿਆਦਾ ਸਮਾਂ ਹੁੰਦਾ ਹੈ। ਉਨਾਂ ਤੋਂ ਬਿਨਾਂ ਅਸੀਸਾਂ ਹੀ ਮੁੱਕ ਜਾਂਦੀਆਂ ਹਨ। ਸਾਡੀ ਬੀਬੀ ਭਾਵੇਂ 93 ਸਾਲ ਦੀ ਉਮਰ ਭੋਗ ਕੇ ਗਏ ਪਰ ਸਾਨੂੰ 39 ਸਾਲਾਂ ਦੇ ਜਵਾਨ ਵਿਅਕਤੀ ਦੇ ਜਾਣ ਵਰਗਾ ਘਾਟਾ ਮਹਿਸੂਸ ਹੋਇਆ। ਚੰਗੇ ਕਰਮ ਕਰਨ ਵਾਲੇ ਵਿਅਕਤੀ ਸ਼ਾਂਤੀ ਭਰੀ ਜ਼ਿੰਦਗੀ ਜਿਊਂਦੇ ਹੀ ਨਹੀਂ, ਸਗੋਂ ਉਨਾਂ ਦਾ ਅੰਤਲਾ ਸਮਾਂ ਬਹੁਤ ਸੁਖਾਲਾ ਹੁੰਦਾ ਹੈ। ਅਕਸਰ ਲੋਕ ਕਹਿੰਦੇ ਹਨ ਕਿ ਜਾਣਾ ਤਾਂ ਸਭ ਨੇ ਹੈ ਪਰ ਮੈਨੂੰ ਵੀ ਫਲਾਣੇ ਵਿਅਕਤੀ ਵਰਗੀ ਮੌਤ ਆਵੇ। ਕੋਈ ਫ਼ਰਕ ਨਹੀਂ ਪੈਂਦਾ ਕਿ ਅਸੀਂ ਕਿੰਨੇ ਸਾਲ ਜਿਉਂ ਕੇ ਗਏ ਪਰ ਕਿੱਦਾਂ ਜਿਉਂ ਕੇ ਗਏ, ਬਹੁਤ ਫ਼ਰਕ ਪੈਂਦਾ ਹੈ। ਵਧੀਆ ਜ਼ਿੰਦਗੀ ਜਿਊਣ ਵਾਲੇ ਲੋਕ ਅਕਸਰ ਦੂਜਿਆਂ ਦੇ ਚੇਤਿਆਂ ਵਿਚ ਜਿਊਂਦੇ ਹਨ।

---

# ਜੱਟ ਸਿੰਥੀਅਨ ਕਬੀਲੇ ਦੀ ਇਕ ਸਾਖ

**ਇਤਿਹਾਸ**

ਦਲਿਤਾਂ ਤੇ ਜੱਟਾਂ ਦਾ ਭਾਈਚਾਰਾ ਨਾ ਬਣਨਾ ਗੁਰੂ ਸਾਹਿਬਾਨ ਦੇ ਸਾਂਝੇ ਸਮਾਜ ਅਗੇ ਰੁਕਾਵਟ

ਜੱਟ ਸਿੰਥੀਅਨ ਕਬੀਲੇ ਦੀ ਇਕ ਸਾਖ ਹਨ ਜਿਹਨਾਂ ਦਾ ਧੰਦਾ ਖੇਤੀਬਾੜੀ ਤੇ ਪਸ਼ੂ ਚਾਰਨਾ ਸੀ । ਜੱਟ ਉਹਨਾਂ 'ਸਿੰਥੀਅਨ' ਕਬੀਲਿਆਂ ਦਾ ਮੌਜੂਦਾ ਰੂਪ ਹਨ ਜਿਹੜੇ ਕਿਸੇ ਵਕਤ ਮੁਲਤਾਨ ਤੋਂ ਕੇਸਪੀਅਨ ਸਾਗਰ ਤੱਕ ਛਾਏ ਹੋਏ ਸਨ। ਇਹਨਾਂ ਲੋਕਾਂ ਦਾ ਮੂਲ ਸਥਾਨ 'ਸਿੰਥੀਆ' ਕਿਹਾ ਜਾਂਦਾ ਹੈ ਜੋ 'ਡਨਯੂਬ ਨਦੀ' ਤੋਂ ਲੈ ਕੇ ਦੱਖਣੀ ਰੂਸ ਦੇ ਪਾਰ ਤੱਕ, 'ਕੈਸਪੀਅਨ ਸਾਗਰ' ਦੇ ਪੂਰਬ ਵੱਲ, 'ਆਮੂ ਦਰਿਆ' ਤੇ 'ਸਿਰ ਦਰਿਆ' ਦੀ ਘਾਟੀ ਤੱਕ, 'ਪਾਮੀ ਪਹਾੜੀਆਂ' ਤੇ 'ਤਾਰਸ ਨਦੀ' ਦੀ ਘਾਟੀ ਤੱਕ ਵਿਸ਼ਾਲ ਖੇਤਰ ਵਿੱਚ ਫੈਲਿਆ ਹੋਇਆ ਸੀ। ਕਦੇ ਯੂਰਪ ਦੇ ਡੈਨਮਾਰਕ ਇਲਾਕੇ ਨੂੰ ਜੱਟਲੈਂਡ ਕਿਹਾ ਜਾਂਦਾ ਸੀ। ਸਿੰਥੀਅਨ ਲੋਕ ਬੜੇ ਸ਼ਾਨਦਾਰ ਘੋੜਸਵਾਰ ਹੁੰਦੇ ਸਨ ਅਤੇ ਘੋੜੇ ਉੱਤੇ ਕਾਠੀ ਅਤੇ ਰਕਾਬ ਪਾਉਣ ਵਿਚ ਇਹ ਪਹਿਲਿਆਂ ਲੋਕਾਂ ਵਿਚ ਗਿਣੇ ਜਾਂਦੇ ਹਨ। ਉਹ ਘੋੜੇ ਦਾ ਮਾਸ ਖਾਂਦੇ ਸਨ ਅਤੇ ਘੋੜੀਆਂ ਦਾ ਦੁੱਧ ਪੀਂਦੇ ਸਨ। ਦਰਅਸਲ ਉਹ ਘੋੜਿਆਂ ਦੀਆਂ ਬਲੀਆਂ ਚੜਾਇਆ ਕਰਦੇ ਸਨ। ਜਦ ਕਿਸੇ ਸਿੰਥੀਅਨ ਸੂਰਬੀਰ ਦੀ ਮੌਤ ਹੁੰਦੀ ਸੀ ਤਾਂ ਉਸ ਦੇ ਘੋੜੇ ਨੂੰ ਮਾਰ ਕੇ ਆਪਣੇ ਸਾਜ਼-ਸਾਮਾਨ ਸਣੇ ਦਫ਼ਨਾਇਆ ਜਾਂਦਾ ਸੀ। ਇਤਿਹਾਸਕਾਰ ਹੈਰੋਡੋਟਸ ਨੇ ਦੱਸਿਆ ਹੈ ਕਿ ਸਿੰਥੀਅਨ ਲੋਕ ਦੂਜਿਆਂ ਦੇ ਕਸ਼ਟ ਵਿੱਚੋਂ ਸੁਆਦ ਲੈਂਦੇ ਸਨ। ਉਨਾਂ ਦਾ ਰਿਵਾਜ ਸੀ ਕਿ ਪਿਆਲਿਆਂ ਦੀ ਜਗਾ ਉਹ ਆਪਣੇ ਦੁਸ਼ਮਣਾਂ ਨੂੰ ਮਾਰ ਕੇ ਉਨਾਂ ਦੀਆਂ ਖੋਪਰੀਆਂ ਵਿੱਚੋਂ ਪੀਂਦੇ ਸਨ। ਉਹ ਆਪਣੇ ਦੁਸ਼ਮਣਾਂ ਉੱਤੇ ਲੋਹੇ ਦੀਆਂ ਤਲਵਾਰਾਂ, ਕੁਹਾੜਿਆਂ, ਅਤੇ ਬਰਛਿਆਂ ਨਾਲ ਹਮਲਾ ਕਰਦੇ ਹੁੰਦੇ ਸਨ ਅਤੇ ਉਨਾਂ ਦੀ ਚਮੜੀ ਨੂੰ ਚੀਰਨ ਵਾਸਤੇ ਕੰਡੇਦਾਰ ਤੀਰ ਵਰਤਦੇ ਸਨ।
ਇਹ ਕਬੀਲਾ ਇਰਾਨ ਵਲੋਂ ਆਇਆ ਸੀ, ਜਿਨਾਂ ਨੇ ਮੂਲ ਨਿਵਾਸੀਆਂ ਨਾਲ ਮਿਲਕੇ ਪੰਜ ਦਰਿਆਵਾਂ ਦੀ ਧਰਤੀ ਤੋਂ ਆਰੀਅਨਾਂ ਨੂੰ ਖਦੇੜਿਆ ਸੀ। ਇਹ ਛੇਵੀਂ ਸਦੀ ਦਾ ਇਤਿਹਾਸ ਦਸਿਆ ਜਾਂਦਾ ਹੈ। ਆਰੀਅਨ ਪੰਜਾਬ ਛਡਕੇ ਪਹਾੜਾਂ ਵਿਚ ਲੁਕ ਗਏ। ਆਰੀਅਨਾਂ ਨੇ ਇਸ ਕਰਕੇ ਪੰਜ ਦਰਿਆਵਾਂ ਦੀ ਧਰਤੀ ਨੂੰ ਮਲੇਛ ਭੂਮੀ ਲਿਖਿਆ ਹੈ ਅਤੇ ਹਿਮਾਚਲ ਨੂੰ ਦੇਵ ਭੂਮੀ, ਕਿਉਂਕਿ ਇਥੇ ਜੱਟਾਂ ਤੇ ਮੂਲ ਨਿਵਾਸੀਆਂ ਦਾ ਕਬਜ਼ਾ ਹੋ ਗਿਆ ਸੀ। ਬ੍ਰਾਹਮਣਾਂ ਦੀ ਨਜ਼ਰ ਵਿਚ ਪੰਜਾਬ ਦੀ ਧਰਤੀ ਅਪਵਿੱਤਰ ਹੋ ਗਈ ਸੀ। ਹਿੰਮਤ ਅਤੇ ਸਰੀਰਕ ਮਿਹਨਤ ਜੱਟ ਦੇ ਅੰਦਰੂਨੀ ਗੁਣ ਇਸ ਕਬੀਲੇ ਦੇ ਗੁਣ ਹਨ। 11ਵੀਂ ਸਦੀ ਦੇ ਆਰੰਭ ਵਿੱਚ ਜੱਟ ਪੰਜਾਬ ਦੇ ਕਾਫ਼ੀ ਹਿੱਸੇ ਵਿੱਚ ਫੈਲ ਚੁੱਕੇ ਸਨ। ਪੰਜਾਬ ਵਿੱਚ ਬਹੁਤੇ ਜੱਟ ਪੱਛਮ ਵੱਲੋਂ ਆ ਕੇ ਆਬਾਦ ਹੋਏ ਹਨ, ਕੁਝ ਜੱਟ ਪੂਰਬ ਵੱਲੋਂ ਵੀ ਆਏ ਸਨ। ਰਿੱਗਵੇਦਕ, ਮਹਾਭਾਰਤ ਤੇ ਪੁਰਾਣਾਂ ਦੇ ਸਮੇਂ ਵੀ ਕਾਫ਼ੀ ਜੱਟ ਪੰਜਾਬ ਵਿੱਚ ਆਬਾਦ ਸਨ। ਜੱਟਾਂ ਦਾ ਇਕੋ ਇਕ ਦੇਸ ਡੈਨਮਾਰਕ ਹੈ। ਇਹ ਡੇਅਰੀ ਉਦਯੋਗ ਨਾਲ ਪ੍ਰਸਿਧ ਦੇਸ ਹੈ।
ਕੇ. ਆਰ. ਕਾਨੂੰਨਗੋ ਦੇ ਅਨੁਸਾਰ ਰਿੱਗਵੇਦ ਕਾਲੀਨ ਸਮੇਂ ਵਿੱਚ ਯਦੂ ਸਪਤ ਸਿੰਧੂ ਪ੍ਰਦੇਸ਼ ਵਿੱਚ ਰਹਿੰਦੇ ਸਨ। ਜੱਟਾਂ ਦੇ ਕਈ ਗੋਤ ਯਦੂਬੰਸੀ ਹਨ। ਸਿਕੰਦਰ ਦੇ ਹਮਲੇ ਸਮੇਂ 326 ਪੂਰਬ ਈਸਵੀ ਵਿੱਚ ਪੰਜਾਬ ਵਿੱਚ ਸੈਂਕੜੇ ਜੱਟ ਕਬੀਲੇ ਇੱਕ ਹਜ਼ਾਰ ਸਾਲ ਤੋਂ ਆਜ਼ਾਦ ਰਹਿ ਰਹੇ ਸਨ। ਜੱਟ ਸੂਰਬੀਰਾਂ ਨੇ ਆਪਣੇ ਦੇਸ਼ ਪੰਜਾਬ ਦੀ ਰੱਖਿਆ ਲਈ ਹਮੇਸ਼ਾ ਹੀ ਅੱਗੇ ਵੱਧ ਕੇ ਬਦੇਸ਼ੀ ਹਮਲਾਵਰਾਂ ਦਾ ਪੂਰਾ ਮੁਕਾਬਲਾ ਕੀਤਾ ਸੀ। ਸਾਡੇ ਇਤਿਹਾਸਕਾਰਾਂ ਨੇ ਜੱਟਾਂ ਦੀ ਸੂਰਬੀਰਤਾ ਵੱਲ ਧਿਆਨ ਨਹੀਂ ਦਿੱਤਾ ਅਤੇ ਜੱਟਾਂ ਦੀਆਂ ਕੁਰਬਾਨੀਆਂ ਦਾ ਮੁੱਲ ਵੀ ਨਹੀਂ ਪਾਇਆ। ਸਰ ਇੱਬਟਸਨ ਜਿਸ ਨੇ 1881 ਈਸਵੀ ਵਿੱਚ ਪੰਜਾਬ ਦੀ ਜਨਸੰਖਿਆ ਕੀਤੀ ਸੀ ਉਹ ਜਨਰਲ ਕਨਿੰਘਮ ਦੇ ਵਿਚਾਰ ਨਾਲ ਸਹਿਮਤ ਹੈ ਕਿ ਜੱਟ ਇੰਡੋ ਸਿੰਥੀਅਨ ਨਸਲ ਵਿਚੋਂ ਸਨ। ਸਿਥੀਅਨ ਇੱਕ ਪੁਰਾਣਾ ਮੱਧ ਏਸ਼ੀਆਈ ਦੇਸ਼ ਸੀ ਜਿਥੇ ਹੁਣ ਦੱਖਣੀ ਯੂਰਪ ਅਤੇ ਪੁਰਾਣਾ ਏਸ਼ੀਆਈ ਸੋਵੀਅਤ ਰੂਸ ਬਣਿਆ ਹੋਇਆ ਹੈ। ਏਥੇ ਸਿੰਥੀਅਨ ਅਥਵਾ ਸਾਕਾ ਕੌਮ ਦਾ ਰਾਜਾ ਸੀ। ਜੇਟੀ ਜਾਤੀ ਵੀ ਸਾਕਾ ਕੌਮ ਦਾ ਇੱਕ ਫਿਰਕਾ ਸੀ ਜਿਹੜਾ ਮੱਧ ਏਸ਼ੀਆ ਵਿੱਚ ਸਾਇਰ ਦਰਿਆ ਦੇ ਦਹਾਨੇ ਤੇ ਅਰਾਲ ਸਾਗਰ ਦੇ ਪੱਛਮੀ ਤੱਟ ਲਾਗਲੇ ਇਲਾਕੇ ਵਿੱਚ ਆਬਾਦ ਸੀ। ਈਸਾ ਤੋਂ ਅੱਠ ਸੌ ਸਾਲ ਪਹਿਲਾਂ ਕੰਮ, ਵਿਰਕ, ਦਹੀਆ, ਮੰਡ, ਮੀਡਜ਼, ਮਾਨ, ਬੈਂਸ, ਵੈਨਵਾਲ ਆਦਿ ਕਈ ਜੱਟ ਕਬੀਲੇ ਇਸ ਖੇਤਰ ਵਿੱਚ ਕਾਬਜ਼ ਸਨ। ਕੁਝ ਜੱਟ ਵੈਦਿਕ ਕਾਲ ਵਿੱਚ ਭਾਰਤ ਵਿੱਚ ਵੀ ਪਹੁੰਚ ਚੁੱਕੇ ਸਨ। ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਜੱਟਾਂ ਦੇ ਬਹੁਗਿਣਤੀ ਲੋਕਾਂ ਨੇ ਸਿੱਖੀ ਨੂੰ ਵੱਡੀ ਪੱਧਰ 'ਤੇ ਅਤੇ ਆਪਣੀ ਮਰਜ਼ੀ ਨਾਲ ਅਪਣਾਇਆ। ਤਬਦੀਲੀ ਦੀ ਪ੍ਰਕਿਰਿਆ ਬਹੁਤ ਸਧਾਰਨ ਸੀ। ਕਬੀਲਾ ਮੁਖੀ ਨੇ ਆਪਣਾ ਧਰਮ ਬਦਲ ਲਿਆ ਅਤੇ ਸਾਰਾ ਕਬੀਲਾ ਸਿੱਖ ਬਣ ਗਿਆ। ਭਾਵੇਂ ਇਹ ਬਾਹਮਣ ਦੀ ਪੂਜਾ ਨਹੀਂ ਕਰਦੇ। ਪਰ ਦਾਨ ਦਖਸ਼ਣਾ ਦਿੰਦੇ ਸਨ। ਰਾਮ ਸ਼ਾਮ ਦੀਆਂ ਕਥਾ ਕਹਾਣੀਆਂ ਸੁਣ ਕੇ ਖੁਸ਼ ਹੁੰਦੇ ਸਨ। ਇਹਨਾਂ ਪੰਡਤਾਂ ਕਾਰਣ ਇਹਨਾਂ ਵਿਚ ਕਰਮ ਕਾਂਡ ਪ੍ਰਵੇਸ਼ ਕੀਤੇ। ਜੋ ਗੁਰੂ ਦੇ ਲੜ ਲੱਗੇ ਗੁਰਮੁਖ ਹੋ ਗਏ। ਲੋਕ ਗੀਤਾਂ ਵਿਚ ਅਨੇਕਾਂ ਜਿਕਰ ਹਨ ਕਿ ਇਹਨਾਂ ਨੇ ਪੰਡਤਾਂ ਨੂੰ ਉਚ ਦਰਜਾ ਨਹੀਂ ਦਿਤਾ ਤੇ ਨਾ ਹੀਂ ਇਹਨਾਂ ਦੇ ਸਰਾਪ ਤੋਂ ਡਰੇ। ਪਰ ਇਹਨਾਂ ਦੇ ਪ੍ਰਭਾਵ ਕਰਮਕਾਂਡ, ਜਾਤੀ ਵਿਵਸਥਾ ਕਬੂਲ ਕੀਤੀ। ਜਦੋਂ ਪੋਰਸ ਸਮੇਂ ਵਿਦੇਸ਼ੀ ਹਮਲਾਵਰਾਂ ਵੱਲੋਂ ਭਾਰਤ 'ਤੇ ਹਮਲਾ ਕੀਤਾ ਗਿਆ ਤਾਂ ਜੱਟਾਂ ਨੇ ਹਮਲਾਵਰਾਂ ਨਾਲ ਜੂਝਦਿਆਂ ਆਪਣੀ ਧਰਤੀ ਦੀ ਰੱਖਿਆ ਕੀਤੀ। ਜੱਟਾਂ ਨੂੰ ਭਾਰਤੀ ਮਿਥਿਹਾਸਕ ਗਰੰਥਾਂ ਦੀਆਂ ਲਿਖਤਾਂ ਵਿਚ ਕੋਈ ਜਗਾ ਨਹੀਂ ਦਿਤੀ ਗਈ। ਗਿਆਰਵੀਂ ਸਦੀ ਦੇ ਆਰੰਭ ਵਿਚ ਜੱਟ ਮੁਸਲਮਾਨਾਂ ਦੀਆਂ ਮੁੱਢਲੀਆਂ ਜਿੱਤਾਂ ਤੋਂ ਪਹਿਲਾਂ ਪੰਜਾਬ ਵਿਚ ਪੂਰੀ ਤਰਾਂ ਫੈਲ ਗਏ ਸਨ। ਭਾਰਤ ਵਿੱਚ, ਉਹ ਪੰਜਾਬ, ਹਰਿਆਣਾ, ਰਾਜਸਥਾਨ, ਦਿੱਲੀ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਗੁਜਰਾਤ ਰਾਜਾਂ ਵਿੱਚ ਵਸਦੇ ਹਨ। ਪਾਕਿਸਤਾਨ ਵਿਚ ਇਹ ਪੰਜਾਬ ਅਤੇ ਸਿੰਧ ਦੇ ਪ੍ਰਾਂਤਾਂ ਵਿਚ ਮਿਲਦੇ ਹਨ। ਜੱਟ ਜ਼ਿਆਦਾਤਰ ਦੱਖਣੀ ਏਸ਼ੀਆਈਆਂ ਵਾਂਗ ਜ਼ਿਆਦਾਤਰ ਕਿਸਾਨ ਹਨ। ਹਾਲਾਂ ਕਿ ਉਹ ਹੋਰ ਕਈ ਪੇਸ਼ਿਆਂ ਵਿਚ ਵੀ ਪਾਏ ਜਾਂਦੇ ਹਨ। ਜਾਟ ਰੈਜੀਮੈਂਟ, ਰਾਜਪੂਤਾਨਾ ਰਾਈਫਲਜ਼, ਸਿੱਖ ਰੈਜੀਮੈਂਟ ਅਤੇ ਗ੍ਰੇਨੇਡੀਅਰਜ਼ ਸਮੇਤ ਹੋਰ ਕਈ ਵੱਡੀ ਗਿਣਤੀ ਵਿਚ ਜੱਟ ਭਾਰਤੀ ਸੈਨਾ ਵਿਚ ਸੇਵਾ ਕਰਦੇ ਹਨ। ਪਾਕਿਸਤਾਨ ਆਰਮੀ ਵਿਚ ਖਾਸ ਕਰਕੇ ਪੰਜਾਬ ਰੈਜੀਮੈਂਟ ਵਿਚ ਜੱਟ ਸੇਵਾ ਨਿਭਾਉਂਦੇ ਹਨ। ਭਾਰਤ ਵਿਚ ਜੱਟ ਸਭ ਤੋਂ ਖੁਸ਼ਹਾਲ ਹਨ (ਹਰਿਆਣਾ, ਪੰਜਾਬ ਅਤੇ ਗੁਜਰਾਤ ਭਾਰਤੀ ਰਾਜਾਂ ਦੇ ਸਭ ਤੋਂ ਅਮੀਰ ਹਨ)। ਇਹਨਾਂ ਨੂੰ ਮਾਣ ਤੇ ਗਿਆਨ ਗੁਰੂ ਸਾਹਿਬਾਨਾ ਨੇ ਹੀ ਬਖਸ਼ਿਆ ਹੈ। ਪੰਜਾਬ ਦੇ ਜੱਟਾਂ ਦਾ ਇਤਿਹਾਸ ਭਾਰਤ ਦੇ ਇਤਿਹਾਸ ਵਿੱਚ ਇੱਕ ਵਿਸ਼ੇਸ਼ ਥਾਂ ਰੱਖਦਾ ਹੈ। ਜੱਟ ਕਈ ਜਾਤੀਆਂ ਦਾ ਰਲਿਆ ਮਿਲਿਆ ਬਹੁਤ ਵੱਡਾ ਭਾਈਚਾਰਾ ਹੈ। ਬਹੁਤੇ ਜੱਟਾਂ ਦਾ ਸਿਰ ਲੰਬਾ, ਰੰਗ ਸਾਫ਼, ਅੱਖਾਂ ਕਾਲੀਆਂ, ਨੱਕ ਦਰਮਿਆਨਾ ਤੇ ਚਿਹਰੇ ਤੇ ਵਾਲ ਬਹੁਤ ਹੁੰਦੇ ਹਨ। ਇਹ ਇੱਕ ਵੱਖਰੀ ਹੀ ਜਾਤੀ ਹੈ। ਜੇਕਰ ਇਹ ਗੁਰੂ ਸਾਹਿਬਾਨ ਦੇ ਹੁਕਮ ਅਨੁਸਾਰ ਜਾਤੀ ਸਿਸਟਮ ਤਿਆਗ ਦੇਣ ਤਾਂ ਪੰਜਾਬ ਤੇ ਸਿਖੀ ਬਹੁਤ ਵਿਕਾਸ ਕਰ ਸਕਦੀ ਹੈ। ਦਲਿਤਾਂ ਤੇ ਜੱਟਾਂ ਦਾ ਭਾਈਚਾਰਾ ਨਾ ਬਣਨਾ ਗੁਰੂ ਸਾਹਿਬਾਨ ਦੇ ਸਾਂਝੇ ਸਮਾਜ ਅਗੇ ਰੁਕਾਵਟ ਹੈ। ਪਿਛਲੇ ਕੁਝ ਸਾਲਾਂ ਵਿਚ ਪੰਜਾਬ ਦੇ ਪਿੰਡਾਂ ਵਿਚ ਜੱਟਾਂ ਤੇ ਮਜ਼ਹਬੀ ਸਿੱਖਾਂ ਵਲੋਂ ਵੱਖੋ-ਵੱਖਰੇ ਗੁਰਦਵਾਰੇ ਉਸਾਰਨ ਦੇ ਰੁਝਾਨ ਵਿਚ ਤਿੱਖਾ ਵਾਧਾ ਦੇਖਣ ਨੂੰ ਮਿਲਿਆ ਹੈ। ਸਿੱਖ ਭਾਈਚਾਰੇ 'ਚ ਵੀ ਦਲਿਤ ਜਾਤੀਆਂ ਨਾਲ ਵਿਤਕਰੇ ਦਾ ਸਾਹਮਣਾ ਦੇਖਣ ਵਿਚ ਆਇਆ ਹੈ, ਜਿਹੜਾ ਸਿੱਖਾਂ ਵਿਚ ਤ੍ਰੇੜ ਪੈਦਾ ਕਰ ਰਿਹਾ ਹੈ। ਇਹ ਰੁਝਾਨ ਆਉਂਦੇ ਸਮੇਂ ਵਿਚ ਗੰਭੀਰ ਸਿੱਟੇ ਪੈਦਾ ਕਰੇਗਾ। ਇਸ ਬਾਰੇ ਜੱਟ ਭਾਈਚਾਰੇ ਨਾਲ ਸੰਬੰਧਿਤ ਗੁਰਸਿੱਖ ਤੇ ਸਿਆਣੇ ਲੋਕਾਂ ਨੂੰ ਵਡੀ ਭੂਮਿਕਾ ਨਿਭਾਉਣ ਦੀ ਲੋੜ ਹੈ।




# ਪਾਠਕਾਂ ਦਾ ਨਜ਼ਰੀਆ

## ਖੇਤੀ ਆਰਡੀਨੈਂਸ : ਕਿਸਾਨਾਂ ਦੇ ਭਰਮ-ਭੁਲੇਖੇ ਦੂਰ ਕਰਨ ਦੀ ਲੋੜ

ਭਾਰਤ ਸਰਕਾਰ ਵੱਲੋਂ ਜੂਨ 2020 ਵਿੱਚ ਖੇਤੀ ਨਾਲ ਸਬੰਧਤ ਤਿੰਨ ਆਰਡੀਨੈਂਸਾਂ ਦੇ ਆਉਣ ਨਾਲ ਦੇਸ਼ ਦੇ ਕਿਸਾਨਾਂ, ਆੜ੍ਹਤੀਆਂ ਅਤੇ ਆਮ ਲੋਕਾਂ ਦੇ ਮਨਾਂ ਅੰਦਰ ਕਈ ਸ਼ੰਕੇ ਪੈਦਾ ਹੋਏ ਹਨ। ਸੰਸਦ ਦੇ ਮੌਨਸੂਨ ਸੈਸ਼ਨ ਵਿਚ ਖੇਤੀ ਸਬੰਧਤ ਬਿੱਲ ਪੇਸ਼ ਕਰਨ ਤੋਂ ਪਹਿਲਾਂ ਕਿਸਾਨਾਂ ਦੇ ਸ਼ੰਕੇ ਮਿਟਾਉਣ ਲਈ ਆਰਡੀਨੈਂਸ 'ਤੇ ਸੋਧਾਂ ਲਿਆ ਕੇ ਕਿਸਾਨ ਵਰਗ ਨੂੰ ਭਰੋਸੇ ਵਿੱਚ ਲੈਣ ਤੋਂ ਬਾਅਦ ਹੀ ਬਿੱਲ ਸੰਸਦ ਵਿੱਚ ਲਿਆਂਦਾ ਜਾਵੇ। ਕਿਸਾਨ ਜਥੇਬੰਦੀਆਂ ਅਤੇ ਬੁੱਧੀਜੀਵੀਆਂ ਵੱਲੋਂ ਇਹ ਆਰਡੀਨੈਂਸ ਖੇਤੀ ਨੂੰ ਕਾਰਪੋਰੇਟ ਘਰਾਣਿਆਂ ਹਵਾਲੇ ਕਰਨ ਅਤੇ ਫ਼ੈਡਰਲਿਜ਼ਮ ਨੂੰ ਢਾਹ ਲਗਾਉਣ ਵਾਲੇ ਦੱਸੇ ਜਾ ਰਹੇ ਹਨ ਪਰ ਦੂਜੇ ਪਾਸੇ ਕੇਂਦਰ ਸਰਕਾਰ ਵੱਲੋਂ ਇਨਾਂ ਆਰਡੀਨੈਂਸਾਂ ਨੂੰ ਕਿਸਾਨ ਵਰਗ ਹਿਤੈਸ਼ੀ ਦੱਸਿਆ ਜਾ ਰਿਹਾ ਹੈ।

ਕੇਂਦਰ ਦਾ ਤਰਕ ਹੈ ਕਿ ਇਹ ਤਿੰਨੋ ਆਰਡੀਨੈਂਸ ਖੇਤੀ ਮੰਡੀਕਰਨ ਦੀ ਵਿਵਸਥਾ ਵਿੱਚ ਸੁਧਾਰ ਲਿਆਉਣ ਲਈ ਜਾਰੀ ਕੀਤੇ ਗਏ ਹਨ ਜਿਸ ਵਿੱਚ ਪਹਿਲਾ ਕਿਸਾਨੀ ਉਪਜ ਅਤੇ ਵਣਜ (ਪ੍ਰੋਤਸਾਹਨ ਅਤੇ ਸਹੂਲਤ) ਆਰਡੀਨੈਂਸ 2020 ਅਨੁਸਾਰ ਕਿਸਾਨਾਂ ਤੇ ਵਪਾਰੀਆਂ ਨੂੰ ਕਿਸਾਨਾਂ ਦੀਆਂ ਫ਼ਸਲਾਂ ਦੀ ਵਿਕਰੀ ਅਤੇ ਖਰੀਦ ਸਬੰਧੀ ਆਜ਼ਾਦੀ ਮਿਲਣ ਦੀ ਸੰਭਾਵਨਾ ਵਧੇਗੀ। ਇਸ ਆਰਡੀਨੈਂਸ ਨਾਲ ਰਾਜਾਂ ਦੇ ਅੰਦਰ ਅੰਤਰ-ਰਾਜੀ ਵਣਜ ਅਤੇ ਵਪਾਰ ਉਤਸ਼ਾਹਤ ਹੋਣ ਦੇ ਮੌਕੇ ਵੀ ਵਧਣਗੇ। ਦੂਜੇ ਮੁੱਲ ਭਰੋਸਗੀ ਅਤੇ ਖੇਤੀ ਸੇਵਾਵਾਂ ਸਮਝੌਤਾ (ਸਸ਼ਕਤੀਕਰਨ ਅਤੇ ਸੁਰੱਖਿਆ) ਆਰਡੀਨੈਂਸ 2020 ਨਾਲ ਦੇਸ਼ ਦੇ ਕਿਸਾਨ ਖੇਤੀ ਨਾਲ ਸਬੰਧਤ ਫਰਮਾਂ, ਵੱਡੇ ਵਪਾਰੀਆਂ, ਬਰਾਮਦਕਾਰਾਂ ਅਤੇ ਪਰਚੂਨ ਵਿਕਰੇਤਾਵਾਂ ਨਾਲ ਖੇਤੀ ਸੇਵਾਵਾਂ ਅਤੇ ਭਵਿੱਖ ਵਿੱਚ ਫ਼ਸਲਾਂ ਦੀ ਵਿਕਰੀ ਲਈ ਆਪਸੀ ਸਹਿਮਤੀ ਨਾਲ ਲਾਹੇਵੰਦ ਭਾਅ ਪ੍ਰਾਪਤ ਕਰਨ ਲਈ ਨਿਰਪੱਖ ਅਤੇ ਪਾਰਦਰਸ਼ੀ ਤਰੀਕੇ ਨਾਲ ਜੁੜ ਸਕਣਗੇ। ਤੀਜਾ ਜ਼ਰੂਰੀ ਵਸਤਾਂ (ਸੋਧ) ਆਰਡੀਨੈਂਸ 2020 ਰਾਹੀ 1955 ਦੇ ਜ਼ਰੂਰੀ ਵਸਤਾਂ ਸਬੰਧੀ ਐਕਟ ਵਿੱਚ ਸੋਧ ਕਰਕੇ ਖੇਤੀਬਾੜੀ ਸੈਕਟਰ ਵਿੱਚ ਮੁਕਾਬਲੇਬਾਜ਼ੀ ਦੀ ਸੰਭਾਵਨਾ ਵਧਾਉਣ ਦੀ ਵਿਉਂਤਬੰਦੀ ਕੀਤੀ ਜਾਣੀ ਹੈ।

ਆਰਡੀਨੈਂਸਾਂ ਖ਼ਿਲਾਫ਼ ਪੰਜਾਬ ਅਤੇ ਦੇਸ਼ ਦੇ ਹੋਰ ਹਿੱਸਿਆਂ ਅੰਦਰ ਕਿਸਾਨਾਂ ਵੱਲੋਂ ਲਗਾਤਾਰ ਅੰਦੋਲਨ ਕੀਤੇ ਜਾ ਰਹੇ ਹਨ। ਕਿਸਾਨਾਂ ਅੰਦਰ ਡਰ ਹੈ ਕਿ ਕੇਂਦਰ ਵੱਲੋਂ ਜਾਰੀ ਆਰਡੀਨੈਂਸਾਂ ਨਾਲ ਘੱਟੋ-ਘੱਟ ਸਮਰਥਨ ਮੁੱਲ 'ਤੇ ਅਧਾਰਿਤ ਫ਼ਸਲਾਂ ਖਾਸਕਰ ਕਣਕ-ਝੋਨੇ ਦੀ ਖ਼ਰੀਦ ਤੋਂ ਹੱਥ ਪਿਛਾਂਹ ਖਿੱਚਣ ਦੀ ਤਿਆਰੀ ਹੈ। ਭਾਵੇਂ ਇਹ ਆਰਡੀਨੈਂਸ ਸਾਰੇ ਦੇਸ਼ ਦੇ ਕਿਸਾਨਾਂ, ਵਪਾਰੀਆਂ ਖਪਤਕਾਰਾਂ ਲਈ ਹਨ, ਪਰ ਇਨਾਂ ਦਾ ਵੱਡਾ ਅਸਰ ਪੰਜਾਬ, ਹਰਿਆਣਾ, ਪੱਛਮੀ ਉੱਤਰ ਪ੍ਰਦੇਸ਼ 'ਚ ਪੈਣ ਦੀ ਸੰਭਾਵਨਾ ਹੈ। ਜੋ ਸਹੂਲਤਾਂ ਬਾਕੀ ਸੂਬਿਆਂ 'ਚ ਇਸ ਕਾਨੂੰਨ ਰਾਹੀ ਕਿਸਾਨਾਂ ਨੂੰ ਮਿਲਣਗੀਆਂ, ਉਹ ਪੰਜਾਬ ਅਤੇ ਹਰਿਆਣੇ ਵਿੱਚ ਪਹਿਲਾਂ ਤੋਂ ਹੀ ਮੌਜੂਦ ਹਨ। ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਵਿੱਚ ਐੱਮਐੱਸਪੀ ਖ਼ਤਮ ਹੋਣ ਤੋਂ ਇਲਾਵਾ ਸਰਕਾਰੀ ਖਰੀਦ ਬੰਦ ਹੋਣ ਦੇ ਖ਼ਦਸ਼ੇ ਖੜੇ ਹੋਏ ਹਨ। ਦੋਹਾਂ ਸੂਬਿਆਂ ਦੇ ਕਿਸਾਨਾਂ ਦੀ ਮੰਗ ਹੈ ਕਿ ਜੇ ਕੇਂਦਰ ਸਰਕਾਰ ਘੱਟੋ-ਘੱਟ ਸਰਮਰਥਨ ਮੁੱਲ ਅਤੇ ਸਰਕਾਰੀ ਖਰੀਦ ਜਾਰੀ ਰੱਖਣ ਦਾ ਦਾਅਵਾ ਕਰ ਰਹੀ ਹੈ ਤਾਂ ਸੰਸਦ ਵਿਚ ਕੀਮਤ ਗਾਰੰਟੀ ਦਾ ਕਾਨੂੰਨ ਪਾਸ ਕਰੇ।

ਇਸ ਅਣਸੁਖਵੇਂ ਮਾਹੌਲ ਨੂੰ ਸੁਖਾਵਾਂ ਬਣਾਉਣ ਲਈ ਸ਼੍ਰੋਮਣੀ ਅਕਾਲੀ ਦਲ, ਜੋ ਸ਼ੁਰੂ ਤੋਂ ਹੀ ਕਿਸਾਨਾਂ ਦੀ ਨੁਮਾਇੰਦਾ ਪਾਰਟੀ ਰਹੀ ਹੈ, ਨੇ ਕੇਂਦਰੀ ਖੇਤੀਬਾੜੀ ਮੰਤਰੀ ਨਾਲ ਮੀਟਿੰਗ ਕਰ ਕੇ ਲਿਖਤੀ ਰੂਪ ਵਿੱਚ ਘੱਟੋ-ਘੱਟ ਸਮਰਥਨ ਮੁੱਲ ਜਾਰੀ ਰਹਿਣ ਵਾਲਾ ਪੱਤਰ ਲਿਆ ਕੇ ਕਿਸਾਨਾਂ ਦੇ ਭਰਮ-ਭੁਲੇਖੇ ਦੂਰ ਕਰਨ ਦੀ ਕੋਸ਼ਿਸ਼ ਕੀਤੀ ਪਰ ਕੇਂਦਰ ਸਰਕਾਰ ਵੱਲੋਂ ਆਪਣੇ ਵਾਅਦਿਆਂ ਤੋਂ ਮੁੱਕਰਨ ਦੇ ਇਤਿਹਾਸ ਕਰਕੇ ਕਿਸਾਨਾਂ ਉੱਤੇ ਲਿਖਤੀ ਚਿੱਠੀਆਂ ਨੇ ਕੋਈ ਅਸਰ ਨਹੀਂ ਪਾਇਆ। ਖਾਸਕਰ ਕਿਸਾਨਾਂ ਅਤੇ ਰਾਜਾਂ ਅੰਦਰ ਐੱਮਐੱਸਪੀ ਜਾਰੀ ਰਹਿਣ, ਸਰਕਾਰੀ ਖ਼ਰੀਦ ਯਕੀਨੀ ਰਹਿਣ, ਪ੍ਰਾਈਵੇਟ ਮੰਡੀਆਂ ਵਿੱਚ ਖ਼ਰੀਦਦਾਰ ਵਪਾਰੀਆਂ ਤੋਂ ਬੈਂਕ ਗਾਰੰਟੀ ਸਕਿਉਰਟੀ ਦੇ ਤੌਰ 'ਤੇ ਲੈਣ ਦੀ ਵਿਵਸਥਾ ਬਣਾਉਣਾ, ਖੇਤੀ ਉਤਪਾਦਨ ਨੂੰ ਵੇਚਣ ਸਮੇਂ ਵਪਾਰੀਆਂ ਵੱਲੋਂ ਸੂਬਾ ਸਰਕਾਰ ਦੀਆਂ ਸੜਕਾਂ, ਪਾਣੀ, ਬਿਜਲੀ ਆਦਿ ਸਹੂਲਤਾਂ ਵਰਤਣ ਸਬੰਧੀ ਸਰਵਿਸ ਟੈਕਸ ਲਗਾਉਣ ਦੀ ਵਿਵਸਥਾ ਕਰਨ 'ਤੇ ਆਦਿ ਸਵਾਲ ਖੜੇ ਹੋਏ ਹਨ। ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਕਰੋੜਾਂ ਲੋਕਾਂ ਦਾ ਢਿੱਡ ਭਰਨ ਵਾਲਾ ਕਿਸਾਨ ਜੇ ਆਪ ਭੁੱਖਾ ਸੌਣ ਲੱਗਾ ਤਾਂ ਦੇਸ਼ ਅੰਦਰ ਬਹੁਤ ਵੱਡੀ ਸਮਾਜਿਕ ਖਲਬਲੀ ਮੱਚ ਜਾਵੇਗੀ।

**ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ**
**ਸਾਬਕਾ ਮੈਂਬਰ ਪਾਰਲੀਮੈਂਟ, ਹਲਕਾ ਸ੍ਰੀ ਆਨੰਦਪੁਰ ਸਾਹਿਬ।**

## ਪਰਦੇਸੀਆਂ ਦੀਆਂ ਮਾਵਾਂ ਦੇ ਦੁੱਖੜੇ

ਕਾਫ਼ੀ ਬੱਚੇ ਵਿਦੇਸ਼ਾਂ ਦੀ ਧਰਤੀ 'ਤੇ ਪੜਨ ਗਏ ਅਤੇ ਉੱਥੇ ਹੀ ਸੈੱਟ ਹੋ ਗਏ। ਇਨਾਂ ਵਿਦੇਸ਼ ਗਏ ਬੱਚਿਆਂ ਦੀਆਂ ਮਾਵਾਂ ਜੋ ਹਰ ਸਮੇਂ ਉਨਾਂ ਦਾ ਚੰਗਾ ਚਾਹੁੰਦੀਆਂ ਹਨ ਅਤੇ ਹਰ ਸਮੇਂ ਇਹੀ ਸੋਚਦੀਆਂ ਹਨ ਕਿ ਉਨਾਂ ਦਾ ਬੱਚਾ ਪਤਾ ਨਹੀਂ ਕਿਸ ਹਾਲਾਤ ਵਿਚ ਹੋਵੇਗਾ? ਹਾਲਾਂਕਿ ਇਹ ਗੱਲ ਮਹਿਸੂਸ ਕੀਤੀ ਗਈ ਹੈ ਕਿ ਹਰ ਕਿਸੇ ਦੀ ਇਹੀ ਇੱਛਾ ਹੁੰਦੀ ਹੈ ਕਿ ਉਨਾਂ ਦਾ ਬੱਚਾ ਜਿੱਥੇ ਵੀ ਰਹੇ, ਕਾਮਯਾਬ ਹੋ ਕੇ ਜੀਵਨ ਬਤੀਤ ਕਰੇ। ਉਹ ਭਾਵੇਂ ਦੇਸ਼ 'ਚ ਰਹੇ ਜਾਂ ਵਿਦੇਸ਼ 'ਚ ਸੁਖੀ ਵਸੇ ਪਰ ਇਕ ਮਾਂ ਦੀ ਇੱਛਾ ਇਹ ਦੇਖੀ ਗਈ ਹੈ ਕਿ ਉਸ ਦਾ ਬੱਚਾ ਕਾਮਯਾਬ ਤਾਂ ਹੋਵੇ ਪਰ ਉਹਦੇ ਕੋਲ ਹੀ ਰਹੇ। ਅਜੋਕੇ ਸਮੇਂ 'ਚ ਹਰ ਇਨਸਾਨ ਕਾਮਯਾਬੀ ਲਈ ਬਹੁਤ ਭੱਜ-ਨੱਠ ਕਰਦਾ ਹੈ। ਇਹ ਆਮ ਦੇਖਿਆ ਜਾਂਦਾ ਹੈ ਕਿ ਕਾਫ਼ੀ ਲੋਕਾਂ ਨੂੰ ਕਾਮਯਾਬ ਹੋਣ ਲਈ ਘਰੋਂ ਬਾਹਰ ਰਹਿਣਾ ਪੈਂਦਾ ਹੈ। ਵਿਦੇਸ਼ ਗਏ ਬੱਚਿਆਂ ਦੀਆਂ ਮਾਵਾਂ ਸਵੇਰ ਤੋਂ ਲੈ ਕੇ ਸ਼ਾਮ ਤਕ ਉਨਾਂ ਦੇ ਫੋਨ ਆਉਣ ਦੀ ਉਡੀਕ ਕਰਦੀਆਂ ਹਨ ਤੇ ਹਰ ਵਾਰ ਇਹੀ ਪੁੱਛਦੀਆਂ ਹਨ ਕਿ ਪੁੱਤਰਾ ਰੋਟੀ ਖਾਧੀ ਕਿ ਨਹੀਂ? ਰਾਤੀਂ ਠੀਕ-ਠਾਕ ਸੌਂ ਗਿਆ ਸੀ ਕਿ ਨਹੀਂ? ਜਦਕਿ ਹੋਰਨਾਂ ਦੇ ਫੋਨ ਹਮੇਸ਼ਾ ਜਾਂ ਤਾਂ ਵਿਦੇਸ਼ 'ਚੋਂ ਕੋਈ ਸਾਮਾਨ ਮੰਗਵਾਉਣ ਲਈ ਆਉਂਦੇ ਹਨ ਜਾਂ ਫਿਰ ਇਹੀ ਪੁੱਛਦੇ ਹਨ ਕਿ ਕਿੰਨੇ ਪੈਸੇ ਕਮਾ ਲੈਂਦਾ ਏਂ?

'ਵਿਦੇਸ਼ ਗਏ ਬੱਚਿਆਂ ਦੀਆਂ ਕਈ ਮਾਵਾਂ ਆਪਣੇ ਬੱਚਿਆਂ ਤੋਂ ਕਾਫ਼ੀ ਦੁੱਖ ਲੁਕੋ ਵੀ ਜਾਂਦੀਆਂ ਹਨ ਕਿਉਂਕਿ ਉਨਾਂ ਨੂੰ ਇਹ ਵੀ ਲੱਗਦਾ ਹੈ ਕਿ ਉਨਾਂ ਦਾ ਬੱਚਾ ਉੱਥੇ ਇਕੱਲਾ ਹੈ ਅਤੇ ਆਪਣਾ ਦੁੱਖ ਕਿਸ ਕੋਲ ਵੰਡਾਏਗਾ? ਇਸੇ ਲਈ ਮਾਵਾਂ ਅੰਦਰ ਹੀ ਅੰਦਰ ਘੁਟਦੀਆਂ ਕੁੜਦੀਆਂ ਆਪਣੇ ਦੁੱਖੜੇ ਦੱਬ ਕੇ ਰੱਖਦੀਆਂ ਹਨ। ਉਨਾਂ ਦੇ ਦੁੱਖਾਂ ਤੋਂ ਬੱਚੇ ਦੁਖੀ ਨਾ ਹੋ ਜਾਣ, ਇਸੇ ਲਈ ਉਹ ਆਪਣੇ ਦੁੱਖ-ਤਕਲੀਫ਼ਾਂ ਨੂੰ ਵਿਦੇਸ਼ ਗਏ ਬੱਚਿਆਂ ਅੱਗੇ ਕਦੇ ਵੀ ਜ਼ਾਹਰ ਕਰਨਾ ਨਹੀਂ ਚਾਹੁੰਦੀਆਂ। ਕਾਫ਼ੀ ਮਾਵਾਂ ਅੰਦਰੋ-ਅੰਦਰ ਸਮੇਂ ਦੀਆਂ ਸਰਕਾਰਾਂ ਨੂੰ ਵੀ ਕੋਸਦੀਆਂ ਰਹਿੰਦੀਆਂ ਹਨ ਕਿ ਜੇ ਸਾਡੇ ਹੀ ਦੇਸ਼ ਵਿਚ ਕੰਮ ਹੁੰਦਾ ਤਾਂ ਉਨਾਂ ਦੇ ਬੱਚਿਆਂ ਨੂੰ ਵਿਦੇਸ਼ ਨਾ ਜਾਣਾ ਪੈਂਦਾ। ਮਜਬੂਰੀ ਵੱਸ ਪਰਦੇਸ ਗਏ ਬੱਚਿਆਂ ਦੀਆਂ ਮਾਵਾਂ ਹਰ ਵੇਲੇ ਇਹੀ ਸੋਚਦੀਆਂ ਹਨ ਕਿ ਕਦ ਉਨਾਂ ਦਾ ਬੱਚਾ ਵਿਦੇਸ਼ੋਂ ਵਾਪਸ ਆਵੇਗਾ ਅਤੇ ਉਨਾਂ ਨਾਲ ਦੁਬਾਰਾ ਜੀਵਨ ਬਤੀਤ ਕਰੇਗਾ? ਇਹ ਸੋਚਦੀਆਂ ਬਹੁਤ ਸਾਰੀਆਂ ਮਾਵਾਂ ਰੱਬ ਨੂੰ ਪਿਆਰੀਆਂ ਵੀ ਹੋ ਗਈਆਂ।

ਓਧਰ ਪੰਜਾਬ 'ਚ ਉਲਟੀ ਹਵਾ ਵਗ ਰਹੀ ਹੈ। ਉੱਥੇ ਅਕਸਰ ਮਾਂ-ਬਾਪ ਦੀ ਬੇਕਦਰੀ ਕੀਤੀ ਜਾਂਦੀ। ਬਜ਼ੁਰਗਾਂ ਦਾ ਅਪਮਾਨ ਕੀਤਾ ਜਾਂਦਾ ਹੈ। ਜੇ ਯਕੀਨ ਨਾ ਹੋਵੇ ਤਾਂ ਪਿੱਛੇ ਜਿਹੇ ਮਾਲਵਾ ਇਲਾਕੇ 'ਚ ਇਕ ਸਰਦੇ-ਪੁੱਜਦੇ ਪਰਿਵਾਰ ਵੱਲੋਂ ਲਾਵਾਰਸ ਛੱਡੀ ਮਾਈ ਦੀ ਮਿਸਾਲ ਲਈ ਜਾ ਸਕਦੀ ਹੈ ਜਿਸ ਦੀ ਸਿਰ 'ਚ ਕੀੜੇ ਪੈਣ ਕਾਰਨ ਮੌਤ ਹੋ ਗਈ ਸੀ।

**ਦਲਜੀਤ ਮੱਕੜ**
**ਸੰਪਰਕ : 0039-3512216828**

## ਵਿਸ਼ਵ ਯੁੱਧ ਵੱਲ ਵੱਧ ਰਹੀ ਦੁਨੀਆ !

ਜੰਗ ਸਦਾ ਇਕ ਛੋਟੀ ਜਿਹੀ ਚੰਗਿਆੜੀ ਤੋਂ ਸ਼ੁਰੂ ਹੋ ਕੇ ਭਿਆਨਕ ਲਪਟਾਂ ਵਿਚ ਬਦਲ ਜਾਂਦੀ ਹੈ। ਭਾਰਤ ਖ਼ੁਦ ਅੰਦਰੂਨੀ ਸੁਰੱਖਿਆ ਪ੍ਰਤੀ ਚਿੰਤਤ ਹੈ। ਗਲਵਾਨ ਘਾਟੀ ਵਿਚ ਚੀਨ ਲਗਾਤਾਰ ਦਖ਼ਲਅੰਦਾਜ਼ੀ ਕਰ ਰਿਹਾ ਹੈ। ਉਸ ਵੱਲੋਂ ਲੱਦਾਖ ਤੇ ਅਰੁਣਾਚਲ ਪ੍ਰਦੇਸ਼ ਸਰਹੱਦ 'ਤੇ ਵੀ ਹਮਲਾਵਰ ਰੁਖ਼ ਅਪਣਾਇਆ ਜਾ ਰਿਹਾ ਹੈ ਤਾਂ ਜੋ ਉਸ ਦੀ ਵਿਸਥਾਰਵਾਦੀ ਸੋਚ ਨੂੰ ਬੂਰ ਪਵੇ ਤੇ ਇਨਾਂ ਖੇਤਰਾਂ 'ਤੇ ਉਸ ਦਾ ਕਬਜ਼ਾ ਹੋ ਜਾਵੇ। ਅਮਰੀਕਾ, ਈਰਾਨ ਨਾਲ ਉਲਝਿਆ ਹੋਇਆ ਹੈ ਅਤੇ ਕੋਰੋਨਾ ਕਾਰਨ ਚੀਨ ਵੀ ਅਮਰੀਕਾ ਦੀ ਨਫ਼ਰਤ ਦਾ ਕੇਂਦਰ ਬਣਿਆ ਹੋਇਆ ਹੈ। ਤਿੰਨ ਜੁਲਾਈ 2020 ਨੂੰ ਇਜ਼ਰਾਈਲ ਨੇ ਈਰਾਨ ਦੇ ਪਰਮਾਣੂ ਟਿਕਾਣਿਆਂ 'ਤੇ ਹਮਲਾ ਕੀਤਾ ਸੀ। ਅੱਜ ਸੰਸਾਰ ਦੇ ਸਾਰੇ ਛੋਟੇ-ਵੱਡੇ ਦੇਸ਼ਾਂ ਅੰਦਰ ਪ੍ਰੇਸ਼ਾਨੀ ਦੇਖੀ ਜਾ ਸਕਦੀ ਹੈ। ਇੰਜ ਜਾਪਦਾ ਹੈ ਜਿਵੇਂ ਦੁਨੀਆ ਬਾਰੂਦ ਦੇ ਢੇਰ 'ਤੇ ਬੈਠੀ ਹੋਵੇ। ਚਾਰ ਦਰਜਨ ਦੇਸ਼ਾਂ ਕੋਲ ਪਰਮਾਣੂ ਹਥਿਆਰ ਹਨ। ਮਨੁੱਖਤਾ ਦੀ ਤਬਾਹੀ ਲਈ ਸਿਰਫ਼ ਇਕ ਬਟਨ ਦੱਬਣ ਦੀ ਲੋੜ ਹੈ।

ਸਾਨੂੰ ਲੱਗਦਾ ਹੈ ਜਿਵੇਂ ਯੂਰਪੀ ਦੇਸ਼ਾਂ ਨੇ ਇਹ ਧਾਰ ਰੱਖਿਆ ਹੋਵੇ ਕਿ ਜੇ ਸੰਸਾਰ ਜੰਗ ਹੋਵੇ ਤਾਂ ਉਹ ਦੱਖਣੀ ਏਸ਼ੀਆ ਜਾਂ ਏਸ਼ੀਆ ਦੇ ਦੂਸਰੇ ਦੇਸ਼ਾਂ ਵਿਚ ਹੀ ਹੋਵੇ ਕਿਉਂਕਿ ਯੂਰਪ ਦੋ ਵਿਸ਼ਵ ਯੁੱਧਾਂ ਵਿਚ ਬਹੁਤ ਨੁਕਸਾਨ ਝੱਲ ਚੁੱਕਾ ਹੈ। ਪਹਿਲੀ ਸੰਸਾਰ ਜੰਗ ਦੌਰਾਨ ਰੂਸ ਦੇ ਪੰਜਾਹ ਲੱਖ ਲੋਕ ਮੌਤ ਦੇ ਮੂੰਹ 'ਚ ਚਲੇ ਗਏ ਸਨ।

ਅੱਜ ਇਕ ਵਾਰ ਫਿਰ ਜੰਗ ਲਈ ਜ਼ਮੀਨ ਤਿਆਰ ਕੀਤੀ ਜਾ ਰਹੀ ਹੈ। ਜੰਗ ਖ਼ੁਦ ਇਕ ਮਸਲਾ ਹੈ ਅਤੇ ਉਹ ਮਸਲਿਆਂ ਦਾ ਕੀ ਹੱਲ ਕਰੇਗੀ? ਕਾਸ਼, ਚੀਨ ਭਾਰਤ ਦੀ ਕੰਟਰੋਲ ਰੇਖਾ 'ਤੇ ਹੀ ਭਾਰਤ ਨਾਲ ਗੱਲਬਾਤ ਕਰੇ। ਨਹੀਂ ਤਾਂ ਸੰਸਾਰ ਯੁੱਧ ਹੋਇਆ ਤਾਂ ਇਸ ਵਾਰ ਭਾਰਤ ਦੇ ਨਾਲ-ਨਾਲ ਅਨੇਕਾਂ ਦੇਸ਼ ਚੀਨ ਨੂੰ ਸਬਕ ਸਿਖਾਉਣ ਲਈ ਮੈਦਾਨ ਵਿਚ ਉਤਰਨਗੇ।

**ਦੀਪਕ ਜਲੰਧਰੀ**

## ਨਿਹੰਗ ਸਿੰਘ ਦਾ ਕਸੂਰ ਕੀ ਸੀ

ਇਸ ਨਿਹੰਗ ਸਿੰਘ ਦਾ ਕਸੂਰ ਕੀ ਸੀ, ਸਿਰਫ ਇਸ ਨੇ ਆਪਣੇ ਇਸ਼ਟ ਨਾਲ ਹੋਈ ਬੇ-ਇਨਸਾਫ਼ੀ ਦੇ ਲਈ ਹਾਅ ਦਾ ਨਾਹਰਾ ਮਾਰਿਆ, ਜਿਸਨੂੰ ਸ਼੍ਰੋਮਣੀ ਕਮੇਟੀ ਦੀ ਲੱਠ ਮਾਰਾਂ ਦੀ ਫ਼ੌਜ ਨੇ ਢਾਹ ਕੇ ਦੁਮਾਲੇ ਦੀ ਬੇਅਦਬੀ ਕਰ ਦਿੱਤੀ। ਬਾਅਦ ਭੂਸਰਿਆਂ ਦਾ ਟੋਲਾ ਦੋ ਪੱਤਰਕਾਰਾਂ ਦੇ ਵਿੱਚੋਂ ਸਿਰਫ ਪੱਗ ਵਾਲੇ ਦੇ ਗਲ਼ ਪਿਆ, ਸੁਰਿੰਦਰਪਾਲ ਸਿੰਘ ਵਰਪਾਲ, ਨੂੰ ਧੱਕੇ ਮਾਰੇ, ਇਨੀਆਂ ਗੰਦੀਆਂ ਗਾਲਾਂ ਕੱਢੀਆਂ ਕਿ ਕੰਨਾਂ ਵਿਚ ਉਂਗਲਾਂ ਪੈ ਗਈਆਂ, ਉਸਦੇ ਸਾਥੀ ਰਜੀਵ ਕੁਮਾਰ ਨੇ ਉਸਦਾ ਡਟ ਕੇ ਸਾਥ ਦਿੱਤਾ।

ਫਿਰ ਵੀਰ ਗੁਰਪ੍ਰੀਤ ਸਿੰਘ ਲੇਖਕ, ਪੰਥਕ ਗਾਇਕ ਦੇ ਦਵਾਲੇ ਪੰਦਰਾਂ ਵੀਹ ਜਾਣੇ ਹੋ ਗਏ ਉਸਨੂੰ ਡਾਂਗ ਮੁੱਕੀਆਂ, ਧੱਫੇ ਗਾਲਾਂ ਕੱਢੀਆਂ, ਜਿਸ 'ਚ ਵੀਰ ਦੇ ਮੋਢੇ 'ਤੇ ਸੱਟ ਵੀ ਵੱਜੀ ਅਤੇ ਵੀਰ ਦੀ ਦਸਤਾਰ ਵੀ ਲੱਥ ਗਈ। ਫਿਰ ਦਸ ਬਾਰਾਂ ਚਾਂਭਲਿਆਂ ਦਾ ਟੋਲਾ ਮੇਰਾ ਫ਼ੋਨ ਖੋਹਣ ਲਈ ਅੱਗੇ ਵਧਿਆ। ਪਰ ਗੁਰੂ ਰਹਿਮਤ ਕਰ ਗਿਆ, ਮੇਰਾ ਜਵਾਬ ਸੀ, ਮਾਰੋਂ ਡਾਂਗ ਸਿਆਪਾ ਨਿਬੇੜੋ ਜਾਂ ਸਾਡਾ ਸਿਰ ਪਾੜ ਦੋ ਜਾਂ ਫੋਨ ਤੋੜਦੋ, ਪਰ ਜੇ ਵੀਡੀਉ ਡਲੀਟ ਕਰਨੀ ਹੈ, ਮੈਂ ਨਹੀਂ ਕਰਨੀ, ਕਿਉਂਕਿ ਸਿਆਪਾ ਸਾਰਾ ਵੀਡੀਉ ਦਾ ਸੀ, ਇਨਾਂ ਦੀਆਂ ਕਰਤੂਤਾਂ ਕੇਮਰੇ ਵਿਚ ਕੈਦ ਹੋ ਰਹੀਆਂ ਸਨ, ਫਿਰ ਇੱਕ ਉੱਚ ਅਧਿਕਾਰੀ ਹੰਕਾਰਿਆ ਕਹਿੰਦਾ ਕਿ ਦੂਜੀ ਤਰਾਂ ਕਰਾਵਾਵਾਂ, ਫਿਰ ਆਪਾਂ ਵੀ ਕਹਿਤਾ, ਆਪਾਂ ਤਾਂ ਕਹਿ ਰਹੇ ਹਾਂ, ਮਾਰੋ ਤੇ ਸਿਆਪਾ ਮੁਕਾਉ, ਲੰਮੀ ਤੂੰ-ਤੂੰ ਮੈਂ ਮੈਂ ਤੋਂ ਬਾਅਦ ਮੇਰੇ ਦਵਾਲਿਉਂ ਹੱਟ ਗਏ। ਭਾਵੇਂ ਰੁਮਾਲ ਬੰਨੇ ਸਨ, ਪਰ ਸਭ ਦੇ ਚਿਹਰੇ ਮੈਨੂੰ ਯਾਦ ਹਨ, ਐਡੀਸ਼ਨਲ ਸਕੱਤਰ ਪ੍ਰਤਾਪ ਸਿੰਘ ਹੰਕਾਰਿਆ ਫੂੰ-ਫੂੰ ਕਰਦਾ ਰਿਹਾ ਪਰ ਗੁਰੂ ਸਹਿਬ ਰਹਿਮਤ ਵਰਤਾਉਂਦੇ ਰਹੇ। ਭਰਾ ਮਾਰੂ ਜੰਗ ਟਲ ਗਈ ਅਤੇ ਪ੍ਰਤਾਪ ਸਿੰਘ ਆਪਣੇ ਪਾਪਾਂ ਨੂੰ ਢੱਕਣ ਲਈ ਬਾਹਰ ਆ ਕੇ ਮਾਫ਼ੀ ਵੀ ਮੰਗ ਗਿਆ। ਤਸਵੀਰ ਵਿਚਲੇ ਇਕੱਲੇ ਸਿੰਘ ਕੋਲ਼ੋਂ ਟਾਸਕ ਫੋਰਸ ਦੇ 20 ਬੰਦੇ ਕਿਰਪਾਨ ਨਹੀਂ ਖੋਹ ਸਕੇ। ਫਿਰ ਹੋਰ ਦੋ ਬੰਦੇ ਆਏ ਤਾਂ ਖੋਹੀ ਤੁਸੀਂ ਵੀਡੀਉ 'ਚ ਵਿੱਚ ਵੇਖ ਸਕਦੇ ਹੋ, ਸ਼੍ਰੋਮਣੀ ਕਮੇਟੀ ਦੇ ਲੱਠਮਾਰਾਂ ਨੇ ਜਿਸ ਨਿਹੰਗ ਸਿੰਘ ਦੀ ਕੁੱਟਮਾਰ ਕਰਕੇ ਸੱਟਾਂ ਲਾਈਆਂ ਤੇ ਦੁਮਾਲੇ ਦੀ ਬੇਅਦਬੀ ਕੀਤੀ, ਉਸ ਨਿਹੰਗ ਕਰਤਾਰ ਸਿੰਘ ਨੂੰ ਮੋਰਚੇ ਦੇ ਸਿੱਖਾਂ ਵੱਲੋਂ ਸਨਮਾਨਿਤ ਕੀਤਾ ਗਿਆ।

**ਪ੍ਰਤੱਖ ਦਰਸ਼ੀ ਨਿਸ਼ਾਨ ਸਿੰਘ ਮੂਸੇ**

# ਕਿੱਥੋਂ ਤੱਕ ਜਾਇਜ਼ ਹੈ ਕਰੋਨਾ ਵਾਇਰਸ ਦੇ ਨਾਂ ਤੇ ਲੋਕਾਂ ਤੋਂ ਚਲਾਨ ਦੇ ਪੈਸੇ ਵਸੂਲਣੇ

**- ਜਗਜੀਤ ਸਿੰਘ ਡੱਲ**
**9855985137**

ਸਾਨੂੰ ਸਾਰਿਆਂ ਨੂੰ ਪਤਾ ਹੈ ਕੋਵਿਡ 19 ਦੇ ਵਿੱਚ ਲੱਗੇ ਲੋਕ ਡਾਊਨ ਦੌਰਾਨ ਸਰਕਾਰ ਵੱਲੋਂ ਆਪਣੀ ਮਨਮਰਜ਼ੀ ਦੇ ਨਾਲ ਲੋਕਾਂ ਤੇ ਵਾਧੂ ਬੋਝ ਪਾ ਕਿ ਵਹੀਕਲਾਂ ਦੇ ਵੱਖ ਵੱਖ ਤਰਾਂ ਦੇ ਚਲਾਨ ਕੀਤੇ ਜਾ ਰਹੇ ਹਨ ਜਿਸ ਦੇ ਵਿੱਚ ਇੱਕ ਚਲਾਨ ਹੈ ਮਾਸਕ ਨਾ ਪਾਉਣ ਦਾ ਗੱਡੀ ਵਿੱਚ ਵੱਧ ਬੈਠੀਆਂ ਸਵਾਰੀਆਂ ਦਾੈ। ਇਹ ਸਵਾਲ ਹਨ ਕਿ ਕੀ ਇਹ ਸਰਕਾਰ ਲਈ ਜਾਇਜ਼ ਹੈ ਲੋਕਾਂ ਕੋਲੋ ਇਸ ਮੁਸ਼ਕਲ ਦੇ ਸਮੇਂ ਵਿੱਚ ਨਜਾਇਜ਼ ਤੰਗ ਕਰਕੇ ਪੈਸਾ ਇਕੱਠਾ ਕਰਨਾ? ਕੀ ਪੈਸਾ ਹੈਗਾ ਜਨਤਾ ਕੋਲ ਇਹ ਨਾਜਾਇਜ਼ ਚਲਾਨ ਭਰ ਸਕਣ? ਕੀ ਲੋਕਾਂ ਨੂੰ ਆਮਦਨ ਆ ਰਹੀ ਹੈ ਕੀ ਇਸ ਤਰਾਂ ਦੇ ਚਲਾਨ ਦੇ ਕੇ ਸਰਕਾਰ ਦਾ ਖਜ਼ਾਨਾ ਭਰ ਸਕਣ? ਸਰਕਾਰ ਨੂੰ ਲੱਗਦਾ ਹੈ ਕਿ ਲੋਕ ਆਪਣੀ ਖੁਸ਼ੀ ਦੇ ਨਾਲ ਵਾਧੂ ਬੋਝ ਦੇ ਪੈਸੇ ਦੇ ਰਹੇ ਹਨ, ਸਰਕਾਰ ਦਾ ਕੀ ਮਕਸਦ ਹੈ ਇਸ ਦੇ ਵਿੱਚ, ਲੋਕਾਂ ਤੋਂ ਪੈਸੇ ਇਕੱਠੇ ਕਰਨੇ ਖਜ਼ਾਨਾ ਭਰਨਾ? ਉਸ ਪੈਸੇ ਨੂੰ ਕੀ ਲੋਕਾਂ ਦੀ ਭਲਾਈ ਦੇ ਕੰਮਾਂ ਵਾਸਤੇ ਵਰਤੇਗੀ ਸਰਕਾਰ? ਆਮ ਪਬਲਿਕ ਇਸ ਦੇ ਨਾਲ ਹੈ ਕਿ ਸਰਕਾਰ ਕਰੋਨਾ ਵਾਇਰਸ ਨੂੰ ਲੈ ਕੇ ਬਹੁਤ ਜ਼ਿਆਦਾ ਮੁਸਤੈਦ ਹੈ ਅਤੇ ਸਾਵਧਾਨੀਆਂ ਵਰਤ ਰਹੀ ਹੈ। ਪਰ ਦੂਜੇ ਪਾਸੇ ਇਸ ਦੇ ਉਲਟ ਵੀ ਸਰਕਾਰ ਦੇ ਕੁਝ ਕਦਮ ਲੋਕਾਂ ਦੇ ਦਿਲਾਂ ਨੂੰ ਵਲੂੰਧਰ ਰਹੇ ਹਨ ਜਿਸ ਤਰਾਂ ਚਲਾਨਾਂ ਦੀ ਵਸੂਲੀ, ਬਿਜਲੀ ਬੋਰਡ ਦੇ ਵੱਡੇ ਵੱਡੇ ਆਏ ਬਿੱਲ, ਲੋਕਾਂ ਦੇ ਕਾਰੋਬਾਰ ਠੱਪ ਹੋ ਗਏ ਸਕੂਲਾਂ ਦੀਆਂ ਫੀਸਾਂ ਅਤੇ ਦਾਖਲਿਆਂ ਪ੍ਰਤੀ ਸਰਕਾਰ ਦਾ ਕੋਈ ਵੀ ਸਟੈਂਡ ਸਪਸ਼ਟ ਨਾ ਕਰਨਾ, ਜਿੱਥੇ ਇਕ ਸਕੂਲ ਸਟਾਫ ਅਤੇ ਮਾਪਿਆਂ ਵਿੱਚ ਨੂੰਹ ਮਾਸ ਦਾ ਰਿਸ਼ਤਾ ਸੀ ਉੱਥੇ ਅੱਜ ਸਕੂਲ ਅਤੇ ਬੱਚਿਆਂ ਦੇ ਮਾਂ ਪਿਓ ਦੇ ਵਿੱਚ ਇੱਕ ਦਰਾਰ ਪੈਦਾ ਹੋ ਗਈ ਫੀਸਾਂ ਅਤੇ ਸਕੂਲ ਦੇ ਦਾਖ਼ਲਿਆਂ ਨੂੰ ਲੈ ਕੇ, ਸਰਕਾਰ ਨੇ ਉੱਥੇ ਵੀ ਚੁੱਪੀ ਧਾਰੀ ਹ। ਕੀ ਸਰਕਾਰ ਆਪਣੀਆਂ ਜ਼ਿੰਮੇਵਾਰੀ ਤੋਂ ਭੱਜ ਰਹੀ ਹੈ? ਇਹ ਸਾਰੇ ਲੋਕਾਂ ਦੇ ਸਵਾਲ ਹਨ ਜੋ ਉਨਾਂ ਦੇ ਮਨਾਂ ਵਿੱਚ ਹਨ ਪਰ ਉਹ ਚੁੱਪ ਧਾਰੀ ਬੈਠੇ ਹਨ ਅਤੇ ਆਪਸ ਵਿੱਚ ਹੀ ਇਨਾਂ ਸਵਾਲਾਂ ਤੇ ਬਹਿਸ ਕਰਦੇ ਨਜ਼ਰ ਆ ਰਹੇ ਹਨ ਗੁਪਤ ਸੂਤਰਾਂ ਦਾ ਤਾਂ ਇਥੋਂ ਤੱਕ ਕਹਿਣਾ ਹੈ ਕਿ ਸਰਕਾਰ ਨੇ ਕਰੋਨਾ ਵਾਇਰਸ ਨੂੰ ਲੈ ਕੇ ਲੋਕਾਂ ਦੀਆਂ ਜੇਬਾਂ ਤੇ ਵੱਡੇ ਵੱਡੇ ਡਾਕੇ ਮਾਰੇ ਹਨ ਅਤੇ ਇਸ ਨੂੰ ਇੱਕ ਕਮਾਈ ਦਾ ਜ਼ਰੀਆ ਬਣਾ ਕੇ ਲੋਕਾਂ ਦੀਆਂ ਧੌਣਾਂ ਨੂੰ ਹੱਥ ਪਾ ਲਏ ਹਨ ਅਤੇ ਕਈ ਕਾਰੋਬਾਰ ਲੋਕਾਂ ਦੇ ਡੁੱਬ ਗਏ ਹਨ ਅਤੇ ਉਹ ਸੜਕਾਂ ਤੇ ਆ ਗਏ ਹਨ ਪਰ ਸਰਕਾਰ ਵੱਲੋਂ ਕੋਈ ਵੀ ਕਿਸੇ ਤਰਾਂ ਦੀ ਸਹੂਲਤ ਇਸ ਕਰੋਨਾ ਵਾਇਰਸ ਦੀ ਲੋਕਾਂ ਨੂੰ ਨਹੀਂ ਦਿੱਤੀ ਗਈ। ਮੁੱਕਦੀ ਗੱਲ ਤਾਂ ਇਹ ਹੈ ਕਿ ਸਰਕਾਰ ਨੇ ਲੋਕਾਂ ਨੂੰ ਦੋਹਾਂ ਹੱਥੀਂ ਲੁੱਟਿਆ ਹੀ ਹੈ, ਕੁਝ ਪੱਲੇ ਨਹੀਂ ਪਾਇਆ। ਪਰ ਇੱਥੇ ਸਰਕਾਰ ਨੂੰ ਬਾਹਰਲੇ ਦੇਸ਼ਾਂ ਤੋਂ ਸਿੱਖਿਆ ਲੈਣ ਦੀ ਲੋੜ ਸੀ ਜੋ ਆਪਣੇ ਦੇਸ਼ ਵਾਸੀਆਂ ਲਈ ਹਰ ਸਹੂਲਤ ਲੋਕਾਂ ਤੱਕ ਘਰੇ ਭੇਜਦੀ ਰਹੀ।

## ਉੱਚ ਕੋਟੀ ਦਾ ਰਾਗੀ ਭਾਈ...

ਸ਼ਬਦਾਂ ਦੀ ਵੰਡ ਇਹਨਾਂ ਨੂੰ ਦੂਗਣ ਤੇ ਚੌਗਣ ਤਾਲ ਵਿਚ ਗਾਉਣ ਤੇ ਅੰਤ ਵਿਚ ਤਿਹਾਈ ਵਰਤ ਕੇ ਸਮ ਉੱਤੇ ਸ਼ਬਦ ਨੂੰ ਮੁਕਾਉਣ ਦੀ ਖੂਬਸੂਰਤੀ ਉਸ ਦੀ ਕਲਾ ਦਾ ਵਿਸ਼ੇਸ਼ ਗੁਣ ਸੀ ।

ਠੁਮਰੀ ਤੇ ਖ਼ਯਾਲ ਦਾ ਮਾਹਿਰ ਭਾਈ ਸੁਮੰਦ ਸਿੰਘ ਧਰੁਪਦ ਤੇ ਧਮਾਰ ਵਿਚ ਵੀ ਉਤਨਾ ਹੀ ਪ੍ਰਬੀਨ ਸੀ। ਉਹ ਪੂਰੇ ਸੰਜਮ, ਸਵੈ-ਵਿਸ਼ਵਾਸ਼ ਤੇ ਅੰਤਰੀਵ ਸ਼ਕਤੀ ਨਾਲ ਗਾਉਂਦਾ। ਉਸ ਦੀ ਗਾਇਕੀ ਤੇ ਉਸ ਦੀ ਆਵਾਜ਼ ਵਿਚ ਇਕਸਾਰਤਾ ਤੇ ਸੁਨਹਿਰੀ ਜਲੌਅ ਸੀ ।

ਆਪਣੀ ਗਾਇਕੀ ਦੀ ਸੰਗਤ ਲਈ ਉਸ ਨੂੰ ਸਾਰੰਗੀ ਵਰਗੇ ਸਾਜ਼ ਪਸੰਦ ਸਨ। ਇਹਨਾਂ ਵਿਚ ਮੀਂਢ ਦੇ ਖਿੱਚਵੇਂ ਸੁਰ ਹੁੰਦੇ ਹਨ ਅਤੇ ਅਰਧ ਤੇ ਚੌਥਾਈ ਸੁਰ ਕੱਢਣ ਦੀ ਸ਼ਕਤੀ ਹੁੰਦੀ ਹੈ। ਭਾਈ ਸੁਮੰਦ ਸਿੰਘ ਮੀਂਢ ਦੇ ਸੂਖਮ ਸੁਰਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸਿਰਜਦਾ ਸੀ। ਭਾਵੇਂ ਉਹ ਹਾਰਮੋਨੀਅਮ ਨਾਲ ਗਾਉਂਦਾ ਸੀ ਪਰ ਉਸ ਦਾ ਵਿਸ਼ਵਾਸ਼ ਸੀ ਕਿ ਤੰਤੀ ਸਾਜ਼ ਨਾਲ ਕੀਰਤਨ ਵਿਚ ਰਸ ਭਰਦਾ ਹੈ ਅਤੇ ਇਸ ਦਾ ਸੁਭਾਅ ਆਤਮਿਕ ਹੁੰਦਾ ਹੈ।

ਮੈਂ 1964 ਵਿਚ ਸਿਆਟਲ ਦੀ ਯੂਨੀਵਰਸਿਟੀ ਆਫ਼ ਵਾਸ਼ਿੰਗਟਨ ਵਿਚ ਭਾਰਤੀ ਨਾਟਕ ਪੜਾ ਰਿਹਾ ਸਾਂ ।ਕਲਾਸਕੀ ਸੰਸਕ੍ਰਿਤ ਨਾਟਕ 'ਮ੍ਰਿਛਕਟਿਕਾ' ਡਾਇਰੈਕਟ ਕਰਦਿਆਂ ਮੰਗਲਾਚਰਣ ਗਾਉਣ ਲਈ ਮੈਨੂੰ ਕਿਸੇ ਕਲਾਸਕੀ ਗਾਇਕ ਦੀ ਲੋੜ ਸੀ ।ਇਕ ਸਿੱਖ ਵਿਦਿਆਰਥੀ ਦੀ ਦੱਸ ਪਈ। ਕਾਲੀ ਲੰਮੀ ਦਾੜੀ ਤੇ ਸਿਰ ਉਤੇ ਪੋਚਵੀਂ ਪਗੜੀ। ਉਸ ਦਾ ਨਾਂ ਹਰਿਭਜਨ ਸਿੰਘ ਸੀ। ਮਾਲਕੌਂਸ ਰਾਗ ਵਿਚ ਉਸ ਨੇ ਮੰਗਲਾਚਰਨ ਗਾਇਆ ਤੇ ਨਾਟਕ ਸਫ਼ਲ ਰਿਹਾ।

ਹਰਿਭਜਨ ਤੇ ਮੈਂ ਦੋਸਤ ਬਣ ਗਏ। ਮੈਂ ਅਕਸਰ ਉਸ ਦੇ ਅਪਾਰਟਮੈਂਟ ਵਿਚ ਜਾਂਦਾ। ਉਜੜੇ ਜਿਹੇ ਬਾਗ ਵਿਚ ਉਸ ਦਾ ਛੋਟਾ ਜਿਹਾ ਅਪਾਰਟਮੈਂਟ ਸੀ। ਕਈ ਵਾਰ ਉਹ ਮਾਂਹ ਦੀ ਦਾਲ ਨੂੰ ਲਾਲ ਮਿਰਚਾਂ ਦਾ ਤੜਕਾ ਲਾਉਦਾ ਤੇ ਅਸੀਂ ਦੋਵੇਂ ਰੋਟੀ ਖਾਂਦੇ ।

ਇਕ ਦਿਨ ਮੈਂ ਉਸ ਨੂੰ ਮਿਲਣ ਗਿਆ ਤਾਂ ਕਮਰੇ ਵਿਚ ਬਾਣੀ ਗੂੰਜ ਰਹੀ ਸੀ ।ਹਰਿਭਜਨ ਨੇ ਟੇਪ ਲਾ ਰਖਿਆ ਸੀ। ਮੈਂ ਪੁਛਿਆ ,'ਕੌਣ ਗਾ ਰਿਹਾ ਹੈ ?' ਉਸ ਨੇ ਉੱਤਰ ਦਿੱਤਾ , ਮੇਰੇ ਪਿਤਾ ਜੀ ਘਰ ਵਿਚ ਗਾ ਰਹੇ ਸਨ ਤਾਂ ਮੈਂ ਟੇਪ ਕਰ ਲਿਆ। ਮੇਰੇ ਪੁੱਛਣ ਤੇ ਉਸ ਨੇ ਦੱਸਿਆ ਕਿ ਉਸ ਦੇ ਪਿਤਾ ਦਾ ਨਾਂ ਭਾਈ ਸੁਮੰਦ ਸਿੰਘ ਸੀ। ਲਾਹੌਰ ਵਿਚ ਭਾਈ ਸੁਮੰਦ ਸਿੰਘ ਨੂੰ ਸੁਣਨ ਦਾ ਤਜਰਬਾ ਇਕ ਦਮ ਮੇਰੀਆਂ ਅੱਖਾਂ ਸਾਹਮਣੇ ਆ ਗਿਆ। ਮੈਂ ਹਰਿਭਜਨ ਨੂੰ ਆਖਿਆ ਕਿ ਇਹ ਸ਼ਬਦ ਮੈਨੂੰ ਵੀ ਟੇਪ ਕਰ ਦੇਵੇ। ਬੜੀ ਖੁਸ਼ੀ ਨਾਲ ਉਸ ਨੇ ਮੇਰੀ ਫ਼ਰਮਾਇਸ਼ ਮੰਨ ਲਈ। ਮੈਂ ਕਿਸੇ ਧਰਮ ਵਿਚ ਯਕੀਨ ਨਹੀ ਰਖਦਾ। ਨਾ ਹੀ ਰੱਬ ਵਿਚ ਮੇਰਾ ਵਿਸ਼ਵਾਸ਼ ਹੈ। ਇਸ ਸੰਗੀਤ ਵੱਲ ਮੇਰਾ ਪ੍ਰਤਿਕਰਮ ਨਿਰੋਲ ਇਕ ਸੁਹਜਵਾਦੀ ਦਾ ਸੀ। ਪਰ ਇਸ ਨੇ ਮੇਰੇ ਅੰਦਰ ਡੂੰਘੀਆਂ ਭਾਵਤਮਕ ਤੇ ਰੂਹਾਨੀ ਝਰਨਾਹਟਾਂ ਛੇੜ ਦਿੱਤੀਆਂ ।

ਰੀਹਰਸਲਾਂ ਤੋਂ ਪਿੱਛੋਂ ਮੈਂ ਰਾਤ ਨੂੰ ਲੇਟ ਆਪਣੇ ਅਪਾਰਟਮੈਂਟ ਵਿਚ ਆਉਂਦਾ ।ਸੰਘਣੇ ਦਰਖਤਾਂ ਨਾਲ ਲੱਦੀ ਇਕ ਝਿਕੀ ਪਹਾੜੀ ਉਤੇ ਮੇਰਾ ਘਰ ਸੀ। ਰਾਤ ਨੂੰ ਹਵਾ ਦਰਖਤਾਂ ਵਿਚੋਂ ਦੀ ਸ਼ੂਕਦੀ। ਹਨੇਰੇ ਵਿਚ ਝੀਲ ਦਾ ਪਾਣੀ ਚਮਕਦਾ। ਅਚਾਨਕ ਮੈਨੂੰ ਇਕੱਲੇ ਹੋਣ ਦਾ ਅਹਿਸਾਸ ਹੁੰਦਾ ਤੇ ਮੈਂ ਡਰ ਜਾਂਦਾ। ਇਸ ਡਰ ਉਤੇ ਕਾਬੂ ਪਾਉਣ ਲਈ ਮੈਂ ਗੋਰਨ ਦੇ 'ਬ੍ਰਿਜ ਨੋਟਸ' ਪੜਦਾ ਜਾਂ ਅਖ਼ਵਾਰ ਵਿਚ ਕਤਲ ਤੇ ਚੋਰਾਂ ਦੀਆਂ ਪੁਸਤਕਾਂ ਖ਼ਬਰਾਂ । ਮੈਨੂੰ ਦੇਰ ਤੀਕ ਨੀਂਦ ਨਾ ਆਉਂਦੀ। ਇਕ ਰਾਤ ਤਾਂ ਬਿਲਕੁਲ ਹੀ ਨਾ ਸੌਂ ਸਕਿਆ। ਅਜੀਬ ਡਰ ਲੱਗ ਰਿਹਾ ਸੀ। ਮੈਂ ਭਾਈ ਸੁਮੰਦ ਸਿੰਘ ਦੀ ਟੇਪ ਲਾ ਲਈ ਤੇ ਬਾਣੀ ਸੁਣਨ ਲੱਗਾ ।ਸੰਗੀਤ ਨੇ ਮੈਨੂੰ ਸ਼ਾਂਤ ਕਰ ਦਿੱਤਾ। ਇਸ ਤਲਿਸੱਮੀ ਰਾਗੀ ਦੀ ਗਾਈ ਬਾਣੀ ਸੁਣਦਾ ਸੁਣਦਾ ਮੈਂ ਸੌਂ ਗਿਆ ।

ਫਿਰ ਮੇਰੀ ਇਹ ਆਦਤ ਬਣ ਗਈ ਕਿ ਹਰ ਰਾਤ ਮੈਂ ਇਹ ਟੇਪ ਸੁਣਦਾ। ਉਸ ਦੇ ਸੁਰ ਮੇਰੇ ਜ਼ਿਹਨ ਵਿਚ ਵੱਸ ਗਏ। ਪਰ ਅਵਚੇਤਨ ਵਿਚ ਭਾਈ ਸੁਮੰਦ ਸਿੰਘ ਰਾਗੀ ਸੀ। ਬਾਣੀ ਦੀ ਸੰਗੀਤਕ ਸੂਝ ਮੇਰੀ ਚੇਤਨਾ ਦਾ ਹਿੱਸਾ ਬਣ ਗਈ।

ਭਾਈ ਸੁਮੰਦ ਸਿੰਘ ਚੀਫ਼ ਖ਼ਾਲਸਾ ਦੀਵਾਨ ਦੀਆਂ ਸਲਾਨਾ ਕਾਨਫ਼ਰੰਸਾਂ, ਧਾਰਮਿਕ ਸਮਾਗਮਾਂ ਦਰਬਾਰਾਂ ਦਾ ਅਨਮੋਲ ਰਤਨ ਸੀ। ਉਸ ਨੂੰ ਕਈ ਕੀਰਤਨ ਦਰਬਾਰਾਂ, ਸੰਸਥਾਵਾਂ ਤੇ ਤਖ਼ਤਾਂ ਵਲੋਂ ਸਰੋਪੇ ਤੇ ਸਨਮਾਨ ਮਿਲੇ । ਪੰਜਾਬ ਸਰਕਾਰ ਨੇ ਉਸ ਨੂੰ ਪਹਿਲਾ ਭਾਈ ਮਰਦਾਨਾ ਪੁਰਸਕਾਰ ਦਿੱਤਾ। ਉਸ ਸਮੁੱਚੇ ਰਾਗੀਆਂ ਨੂੰ ਇਕੱਠਾ ਕਰਨ ਲਈ ਲੁਧਿਆਣੇ ਵਿਚ ' ਗੁਰਮਤ ਰਾਗੀ ਸਭਾ' ਸਥਾਪਿਤ ਕੀਤੀ ਅਤੇ ਲਗਾਤਾਰ 16 ਸਾਲ ਇਸ ਦਾ ਪ੍ਰਧਾਨ ਰਿਹਾ ।

ਉਹ ਬਾਣੀ ਦੀ ਚੋਣ ਸਮੇਂ ਤੇ ਸਥਾਨ ਅਨੁਸਾਰ ਕਰਦਾ ਸੀ। ਇਹ ਚੋਣ ਹਮੇਸ਼ਾ ਹੀ ਢੁਕਵੀਂ ਹੁੰਦੀਂ। ਉਸ ਦੇ ਮਨ ਭਾਉਂਦੇਂ ਰਾਗ ਸਨ: ਸੋਰਠ, ਮੁਲਤਾਨੀ, ਕਾਫੀ, ਭੈਰਵੀ, ਮਾਂਡ, ਦਰਬਾਰੀ ਤੇ ਆਸਾਵਾਰੀ। ਉਸ ਦਾ ਸ਼ਾਹਕਾਰ ' ਭਿੰਨੀ ਰੈਨੜੀਐ ਚਮਕਿਨ ਤਾਰੇ ' ਸੋਰਠ ਰਾਗ ਵਿਚ ਹੈ। ਹੋਰ ਮਨ ਪਸੰਦ ਸ਼ਬਦ ਜੋ ਉਸ ਦੇ ਨਾਂ ਨਾਲ ਜੁੜਦੇ ਹਨ, ਰਾਗ ਬਿਹਾਗ ਵਿਚ ਮਨ ਬੈਰਾਗ ਭਇਆ ਦਰਸ਼ਨ ਦੇਖਨ ਕਾ ਚਾਉ; ਰਾਗ ਕਲਿਆਣ ਵਿਚ ਮੋਹਿ ਕਬ ਗਲਿ ਲਾਵਹਿਗੇ , ਸੋਰਠਿ ਰਾਗ ਵਿਚ ਹੀ ਪ੍ਰਭ ਜੀ ਖ਼ਸਮਾਨਾ ਕਰ ਪਿਆਰੇ, 'ਜੋ ਨਰ ਦੁਖ ਮਹਿ ਦੁਖ ਨਾਹੀ ਮਾਨੈ, ਚੌਦਾਂ ਮਾਤਰਾਂ ਵਿਚ ਹਮੀਰ ਕਲਿਆਨ ਵਿਚ ਹੈ। ਧਨ ਸੁ ਦੇਸ ਜਹਾਂ ਤੂੰ ਵਸਿਆ ,ਮੇਰੇ ਸਜਣ ਮੀਤ ਮੁਰਾਰੇ ਜੀਉ ਸਿੰਧੀ ਭੈਰਵੀ ਰਾਗ ਵਿਚ ਹੈ। ਕਿਉਂ ਜੀਵਨ ਪ੍ਰੀਤਮ ਬੁਨ ਮਾਈ ਏਮਨ-ਕਲਿਆਣ ਰਾਗ ਵਿਚ ਹੈ।

ਪ੍ਰਭਾਤ ਵੇਲੇ ਦੇ ਰਾਗਾਂ ਵਿਚੋਂ ਉਸ ਨੂੰ ਰਾਮਕਲੀ,ਅਹੀਰ ਭੈਰਉ ਤੇ ਆਸਾਵਾਰੀ ਪਸੰਦ ਸਨ।ਇਹਨਾਂ ਰਾਗਾਂ ਵਿਚ ਉਸ ਦੀ ਸ਼ਬਦ ਗਾਇਕੀ ਬੁਹਤ ਮਨੋਹਰ ਤੇ ਮਧੁਰ ਸੀ। ਉਹ ਵਿਸ਼ੇਸ਼ ਤੌਰ ਤੇ ਦੋ ਪ੍ਰਕਾਰ ਦੇ ਸ਼ਬਦ ਗਾਉਣੇ ਪਸੰਦ ਕਰਦਾ ਸੀ: ਪ੍ਰਭੂ ਤੋਂ ਵਿਛੋੜੇ ਤੇ ਪ੍ਰਭੂ ਅੱਗੇ ਬੇਨਤੀ । ਉਸ ਨੇ ਨਾਨਕ ਨਾਮ ਜਹਾਜ਼ ਹੈ ਫ਼ਿਲਮ ਵਿਚ ਰਾਗ ਬਹਾਰ ਵਿਚ ਮਸ਼ਹੂਰ ਸ਼ਬਦ ਕਲਿ ਤਾਰਣ ਗੁਰੂ ਨਾਨਕ ਆਇਆ ਗਾਇਆ, ਜੋ ਲੱਖਾਂ ਲੋਕਾਂ ਲਈ ਰੂਹਾਨੀ ਪੈਗ਼ਾਮ ਬਣ ਗਿਆ। ਜਲੰਧਰ ਰੇਡੀਉ ਤੋਂ ਉਸ ਦਾ ਆਖ਼ਰੀ ਸ਼ਬਦ ਸੀ: ਮੇਲਿ ਲੇਹੁ ਦਇਆਲ ਢਹਿ ਪਏ ਦੁਆਰਿਆ ॥ ਰਖਿ ਲੇਵਹੁ ਦੀਨ ਦਇਆਲ ਭ੍ਰਮਤ ਬਹੁ ਹਾਰਿਆ ॥

ਉਹ ਅੰਮ੍ਰਿਤ ਵੇਲੇ ਉਠਦਾ, ਅਸ਼ਨਾਨ ਕਰਦਾ ਤੇ ਬਾਣੀ ਦਾ ਪਾਠ ਕਰਦਾ।ਸਾਰਾ ਜੀਵਨ ਉਸ ਨੇ ਗੁਰਬਾਣੀ ਗਾਇਨ ਵਿਚ ਬਤੀਤ ਕਰ ਦਿੱਤਾ ।ਉਹ ਆਖਦਾ, ' ਕੀਰਤਨ ਹੀ ਮੇਰਾ ਜੀਵਨ ਹੈ। ਮੇਰਾ ਮਨੋਰਥ '।

ਹਸਪਤਾਲ ਵਿਚ ਬਿਮਾਰ ਪਿਆ ਉਸ ਦੀ ਅੰਤਿਮ ਇੱਛਾ ਸੀ ਕਿ ਉਹ ਆਪਣੇ ਰਾਗੀ ਜਥੇ ਦੇ ਸੰਗਤਕਾਰ ਭਾਈ ਤੇਜਾ ਸਿੰਘ ਕੋਲੋਂ ਸ਼ਬਦ ਸੁਣੇ । ਆਖ਼ਰੀ ਘੜੀ ਸਮੁੰਦ ਸਿੰਘ ਨੇ ਪੋਲੇ-ਪੋਲੇ ਮੂੰਹ ਵਿਚ ਹੀ ਇਹ ਸ਼ਬਦ ਦੁਹਰਾਏ : ਹਰਿ ਹਰਿ ਨਾਮੁ ਜਪੰਤਿਆ ਕੁਛ ਨ ਕਹੈ ਜਮਕਾਲੁ॥ ਨਾਨਕ ਮਨੁ ਤਨੁ ਸੁਖੀ ਹੋਇ ਅੰਤੇ ਮਿਲੈ ਗੋਪਾਲੁ॥ ਇਸ ਤੋ ਮਗਰੋਂ ਉਹ ਕੁਝ ਹੋਰ ਨਾ ਬੋਲ ਸਕਿਆ ਤੇ ਬੇਹੋਸ਼ੀ ਵਿਚ ਉਤਰ ਗਿਆ। 5ਜਨਵਰੀ, 1972 ਨੂੰ ਤਰਕਾਲਾਂ ਵੇਲੇ ਬ੍ਰਾਊਨ ਹਸਪਤਾਲ, ਲੁਧਿਆਣਾ ਵਿਚ ਉਸ ਦੇ ਸਵਾਸ ਪੂਰੇ ਹੋ ਗਏ। ਉਸ ਦਾ ਪੁੱਤਰ ਹਰਿਭਜਨ ਸਿੰਘ ਤੇ ਕੁਝ ਰਿਸ਼ਤੇਦਾਰ ਉਸ ਦੇ ਕੋਲ ਸਨ।ਗੁਰਬਾਣੀ ਗਾਇਕੀ ਦੇ ਪਰੰਪਰਾ ਵਿਚ ਇਸ ਮਹਾਨ ਰਾਗੀ ਦਾ ਨਾਂ ਹਮੇਸ਼ਾ ਜ਼ਿੰਦਾ ਰਹੇਗਾ

## ਭਾਰਤ ਦਾ ਅਰਥਚਾਰਾ ਗੰਭੀਰ...

ਮੁਲਕ ਦੇ ਹੁਕਮਰਾਨ ਸੇਵਾਵਾਂ ਦੇ ਖੇਤਰ ਵਿਚ ਮੱਲਾਂ ਮਾਰਨ ਦੇ ਦਾਅਵੇ ਕਰਦੇ ਭੋਰਾ ਵੀ ਥੱਕਦੇ ਨਹੀਂ। ਉਹ ਆਪਣੇ ਮੁਲਕ ਅਤੇ ਕੌਮਾਂਤਰੀ ਭਾਸ਼ਨਾਂ ਵਿਚ ਬਹੁ-ਤਾਰਾ ਹਸਪਤਾਲਾਂ, ਵਿਦਿਅਕ ਸੰਸਥਾਵਾਂ ਆਦਿ ਦਾ ਜ਼ਿਕਰ ਕਰਦੇ ਹੋਏ ਬਾਹਰਲੇ ਮੁਲਕਾਂ ਤੋਂ ਇਹ ਸੇਵਾਵਾਂ ਲੈਣ ਵਾਲ਼ਿਆਂ ਦਾ ਜ਼ਿਕਰ ਕਰਨਾ ਕਦੇ ਵੀ ਨਹੀਂ ਭੁੱਲਦੇ ਪਰ ਉਹ ਇਹ ਜਾਣਬੁੱਝ ਕੇ ਭੁੱਲ ਜਾਂਦੇ ਹਨ ਕਿ ਕਿਰਤੀਆਂ ਤੋਂ ਇਹ ਸੇਵਾਵਾਂ ਖੋਹੀਆਂ ਜਾ ਰਹੀਆਂ ਹਨ ਜਾਂ ਇਨਾਂ ਦਾ ਮਿਆਰ ਬਹੁਤ ਨੀਵਾਂ ਕੀਤਾ ਜਾ ਰਿਹਾ ਹੈ।

ਮੁਲਕ ਦੀ ਆਰਥਿਕ ਵਿਕਾਸ ਦਰ ਤੇਜ਼ ਕਰਨ ਲਈ ਸਦਾ ਤੱਤਪਰ ਹੁਕਮਰਾਨ ਮੁਲਕ ਵਿਚ ਅਪਣਾਈਆਂ ਆਰਥਿਕ ਨੀਤੀਆਂ ਦੇ ਨਤੀਜੇ ਵਜੋਂ ਤੇਜ਼ੀ ਨਾਲ਼ ਉਪਰਲੇ 1 ਫ਼ੀਸਦ ਅਤੇ ਬਾਕੀ ਦੇ 99 ਫ਼ੀਸਦ ਲੋਕਾਂ ਵਿਚਕਾਰ ਵਧ ਰਹੇ ਆਰਥਿਕ ਪਾੜੇ ਦੀਆਂ ਰਿਪੋਰਟਾਂ ਜਾਂ ਤਾਂ ਅਣਦੇਖੀਆਂ ਕਰ ਦਿੰਦੇ ਹਨ ਜਾਂ ਫਿਰ ਨਕਾਰ ਦਿੰਦੇ ਹਨ। ਵਧ ਰਹੇ ਇਸ ਪਾੜੇ ਅਤੇ ਰੁਜ਼ਗਾਰ ਦੇ ਮੌਕੇ ਲਗਾਤਾਰ ਘਟਦੇ ਜਾਣ ਦੇ ਨਤੀਜੇ ਵਜੋਂ ਮੁਲਕ ਦੇ ਨੌਜਵਾਨ ਵੱਡੀ ਗਿਣਤੀ ਵਿਚ ਬਾਹਰਲੇ ਮੁਲਕਾਂ ਨੂੰ ਪਰਵਾਸ ਕਰ ਰਹੇ ਹਨ। ਮੂਧੇ-ਮੂੰਹ ਡਿਗੀ ਅਰਥਵਿਵਸਥਾ ਅਸਲ ਵਿਚ ਹੁਕਮਰਾਨਾਂ ਦੇ ਕਾਰਪੋਰੇਟ ਆਰਥਿਕ ਵਿਕਾਸ ਮਾਡਲ ਅਪਣਾਉਣ ਦਾ ਨਤੀਜਾ ਹੈ। ਭਾਰਤ ਵਿਚ 23.9 ਫ਼ੀਸਦ ਆਰਥਿਕ ਸੰਗੋੜ ਦੇ ਬਾਵਜੂਦ ਅੱਜ ਦੀ ਘੜੀ ਆਸ ਦੀ ਇਕੋ ਕਿਰਨ ਖੇਤੀਬਾੜੀ ਹੈ ਜਿਸ ਦੇ ਕੁੱਲ ਘਰੇਲੂ ਉਤਪਾਦ ਵਿਚ 3.4 ਫ਼ੀਸਦ ਵਾਧਾ ਦਰਜ ਕੀਤਾ ਗਿਆ ਹੈ। ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਕਾਰਪੋਰੇਸ਼ਨਾਂ, ਕੰਪਨੀਆਂ ਅਤੇ ਵਪਾਰੀਆਂ ਦਾ ਬੇਲੋੜਾ ਮੋਹ ਤਿਆਗਦੇ ਹੋਏ ਖੇਤੀਬਾੜੀ ਖੇਤਰ ਵਿਚ ਕੰਮ ਕਰਨ ਵਾਲ਼ੇ ਵੱਖ ਵੱਖ ਵਰਗਾਂ ਦੀ ਜ਼ਿੰਦਗੀ ਨੂੰ ਸੁਖਾਲਾ ਬਣਾਉਣਾ ਪਵੇਗਾ। ਇਸ ਵਿਚ ਸਹਿਕਾਰੀ ਖੇਤੀਬਾੜੀ ਨੂੰ ਹੱਲਾਸ਼ੇਰੀ, ਮਗਨਰੇਗਾ ਦੇ ਫੰਡਾਂ ਤੇ ਇਸ ਅਧੀਨ ਰੁਜ਼ਗਾਰ ਨੂੰ ਵਧਾਉਣਾ ਅਤੇ ਸਾਰੇ ਕਿਰਤੀਆਂ ਲਈ ਆਮਦਨ ਦਾ ਇਕ ਘੱਟੋ-ਘੱਟ ਪੱਧਰ ਯਕੀਨੀ ਬਣਾਉਣਾ ਜ਼ਰੂਰੀ ਹਨ। ਘਰੇਲੂ, ਲਘੂ, ਛੋਟੀਆਂ ਅਤੇ ਦਰਮਿਆਨੀਆਂ ਉਦਯੋਗਿਕ ਇਕਾਈਆਂ ਦੀ ਤਰਜੀਹੀ ਤੌਰ ਉੱਪਰ ਮਦਦ ਕਰਨੀ ਬਣਦੀ ਹੈ। ਸਿੱਖਿਆ ਅਤੇ ਸਿਹਤ ਸੇਵਾਵਾਂ ਨੂੰ ਜਨਤਕ ਖੇਤਰਾਂ ਤੱਕ ਹੀ ਸੀਮਤ ਕਰਨਾ ਬਣਦਾ ਹੈ। ਮੁਲਕ ਦੇ ਆਰਥਿਕ ਵਿਕਾਸ ਨੂੰ ਦੀਰਘਕਾਲ ਤੱਕ ਚੱਲਦੇ ਰੱਖਣ ਲਈ ਆਰਥਿਕ ਵਿਕਾਸ ਮਾਡਲ ਦਾ ਲੋਕ ਅਤੇ ਕੁਦਰਤ ਪੱਖੀ ਹੋਣਾ ਅਤਿ ਜ਼ਰੂਰੀ ਹੈ ਜਿਸ ਵਿਚ ਜਨਤਕ ਖੇਤਰ ਲਈ ਮੁੱਖ ਥਾਂ ਹੋਵੇ ਅਤੇ ਪ੍ਰਾਈਵੇਟ ਖੇਤਰ ਉੱਪਰ ਸਖ਼ਤ ਨਿਗਰਾਨੀ ਕਰਨੀ ਯਕੀਨੀ ਬਣਾਈ ਜਾਵੇ।

**ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

## ਇਮਿਊਨਿਟੀ ਸਿਸਟਮ ਵਾਇਰਸ...

ਜੇ ਅਡੈਪਟਿਵ ਇਮਿਊਨਿਟੀ ਵਿਚ ਅਸਰ ਭਾਲਣਾ ਹੋਵੇ ਤਾਂ ਇਮਿਊਨਿਟੀ ਵਧਾਉਣ ਵਾਲੀਆਂ ਚੀਜ਼ਾਂ ਸਗੋਂ ਕਹਿਰ ਢਾਅ ਸਕਦੀਆਂ ਹਨ ਕਿਉਂਕਿ ਲੋੜੋਂ ਵੱਧ ਇਮਿਊਨ ਰਿਐਕਸ਼ਨ ਲਗਾਤਾਰ ਨਿੱਛਾਂ, ਅੱਖਾਂ ਵਿੱਚੋਂ ਪਾਣੀ ਵੱਗਣਾ, ਅੱਖਾਂ ਲਾਲ ਹੋਣੀਆਂ, ਸਰੀਰ ਟੁੱਟਦਾ ਰਹਿਣਾ, ਥਕਾਵਟ ਆਦਿ ਬਹੁਤ ਵਧਾ ਦੇਵੇਗਾ। ਖੋਜਾਂ ਪੂਰੀ ਤਰਾਂ ਸਪਸ਼ਟ ਕਰ ਚੁੱਕੀਆਂ ਹਨ ਕਿ ਲੋੜੋਂ ਵੱਧ ਵਿਟਾਮਿਨ ਫ਼ਾਇਦਾ ਕਰਨ ਦੀ ਥਾਂ ਨੁਕਸਾਨਦੇਹ ਸਾਬਤ ਹੋ ਰਹੇ ਹਨ।

ਇਸੇ ਤਰਾਂ ਐਂਟੀਆਕਸੀਡੈਂਟ, ਜ਼ਿੰਕ ਆਦਿ ਵੀ ਬੇਅਸਰ ਸਾਬਤ ਹੋਏ। ਸਿਰਫ਼ ਵਿਟਾਮਿਨ ਡੀ ਦੀ ਜੇ ਕਮੀ ਹੋਵੇ ਤਾਂ ਵਿਟਾਮਿਨ ਡੀ ਸਹੀ ਮਾਤਰਾ ਵਿਚ ਲਈ ਜਾ ਸਕਦੀ ਹੈ।

ਆਪਣੇ ਸਰੀਰ ਨਾਲ ਜਾਂ ਕੁਦਰਤ ਨਾਲ ਛੇੜਛਾੜ ਕਰਨੀ ਮਹਿੰਗੀ ਪੈਂਦੀ ਹੈ। ਇਮਿਊਨਿਟੀ ਵਧਾਉਣ ਜਾਂ ਸਰੀਰ ਵਿਚਲੇ ਇਮਿਊਨ ਸਿਸਟਮ ਨੂੰ ਹਾਲੇ ਤੱਕ ਆਪਣੇ ਹਿਸਾਬ ਨਾਲ ਚਲਾਉਣ ਦਾ ਢੰਗ ਕਿਸੇ ਨੂੰ ਨਹੀਂ ਆਇਆ। ਗੰਦਗੀ ਹਰ ਹਾਲ ਫੈਲਾਉਣ ਤੋਂ ਰੋਕਣ ਦੀ ਲੋੜ ਹੈ। ਮਾਸਕ ਪਾ ਕੇ ਆਪਣੇ ਸਾਹ ਰਾਹੀਂ ਫੈਲਦੇ ਕੀਟਾਣੂਆਂ ਨੂੰ ਜ਼ਰੂਰ ਬੰਨਿਆ ਜਾ ਸਕਦਾ ਹੈ।

## ਨਕੋਦਰ ਸਾਕੇ ਦੇ ਦੋਸ਼ੀ ਦਰਬਾਰਾ..

ਇਸ ਇਕੱਤਰਤਾ ਦਾ ਮੁੱਖ ਮਕਸਦ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਗਾਂ ਦੀ ਹੋਈ ਬੇਅਦਬੀ ਬਾਰੇ ਵਿਚਾਰ ਕਰਕੇ ਅਗਲਾ ਪ੍ਰੋਗਰਾਮ ਉਲੀਕਣ ਬਾਰੇ ਸੀ। 2 ਫਰਵਰੀ 1986 ਨੂੰ ਸਿੱਖ ਵਿਰੋਧੀ ਅਨਸਰਾਂ ਨੇਂ ਗੁਰਦਵਾਰਾ ਸ਼੍ਰੀ ਗੁਰੂ ਅਰਜਨ ਦੇਵ ਨਕੋਦਰ ਸ਼ਹਿਰ ਵਿਖੇ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਰੂਪਾਂ ਨੂੰ ਅੱਗ ਲਗਾ ਕੇ ਬੇਅਦਬੀ ਕੀਤੀ ਸੀ। ਸੰਗਤਾਂ ਦਾ ਵਿਚਾਰ ਸੀ ਕਿ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਰੂਪ ਪ੍ਰਾਪਤ ਕਰਕੇ ਪੂਰਨ ਮਰਿਆਦਾ ਸਹਿਤ ਜਲ ਪ੍ਰਵਾਹ ਕੀਤੇ ਜਾ ਸਕਣ ।

ਸੀ ਆਰ ਪੀ, ਬੀ ਐੱਸ ਐੱਫ, ਅਤੇ ਪੰਜਾਬ ਪੁਲੀਸ ਦੇ ਜਵਾਨਾਂ ਨੇ ਇਸ ਸ਼ਾਂਤਮਈ ਰੋਸ ਮਾਰਚ ਤੇ ਗੋਲੀਆਂ ਨਾਲ ਹਮਲਾ ਕਰ ਦਿੱਤਾ। ਪੁਲਿਸ ਦੀ ਬਿਨਾ ਕਿਸੇ ਚਿਤਾਵਨੀ ਦੇ ਕੀਤੀ ਇਸ ਅੰਨੇਵਾਹ ਗੋਲੀਬਾਰੀ ਕਾਰਨ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਬਲਧੀਰ ਸਿੰਘ ਰਾਮਗੜ੍ਹ ਅਤੇ ਭਾਈ ਝਲਮਣ ਸਿੰਘ ਰਾਜੋਵਾਲ- ਗੋਰਸੀਆਂ ਮੌਕੇ ਤੇ ਹੀ ਸ਼ਹੀਦ ਹੋ ਗਏ । ਪਰ ਪੁਲਿਸ ਨੇ ਇੱਥੇ ਹੀ ਬੱਸ ਨਹੀਂ ਕੀਤੀ, ਘੋੜ ਸਵਾਰ ਪੁਲਿਸ ਵਲੋਂ 2 ਕਿਲੋਮੀਟਰ ਤੋਂ ਵੀ ਦੂਰ ਸ਼ੇਰਪੁਰ ਅਤੇ ਹੁਸੈਨਪੁਰ ਤੱਕ ਜਾਕੇ ਸਿੱਖ ਨੌਜਵਾਨਾਂ ਦਾ ਸ਼ਿਕਾਰ ਖੇਡਿਆ ਗਿਆ। ਪੁਲਿਸ ਵਲੋਂ ਘਰਾਂ ਦੇ ਵਿੱਚ ਜਾਕੇ ਗੋਲੀਆਂ ਚਲਾਈਆਂ ਅਤੇ ਘਰਾਂ ਦੇ ਦਰਵਾਜੇ ਤੋੜਕੇ ਸਿੱਖ ਨੌਜਵਾਨਾਂ ਨੂੰ ਬਾਹਰ ਕੱਢ ਕੇ ਉਨ੍ਹਾਂ ਤੇ ਅਣਮਨੁੱਖੀ ਅਤਿਆਚਾਰ ਕੀਤਾ ਗਿਆ ।

ਨਕੋਦਰ ਸਾਕੇ ਵਿਚ ਦਰਬਾਰ ਸਿੰਘ ਗੁਰੂ ਦੀ ਸ਼ਮੂਲੀਅਤ ਸਬੰਧੀ ਨਕੋਦਰ ਸਾਕੇ ਦੇ ਸ਼ਹੀਦਾਂ ਦੇ ਪਰਿਵਾਰਾਂ ਵੱਲੋਂ ਇਕ ਸਬੂਤਾਂ ਸਮੇਤ ਇਕ ਜਾਂਚ ਰਿਪੋਰਟ ਪੇਸ਼ ਕੀਤੀ ਗਈ ਸੀ।

## ਸਰਕਾਰੀ ਸਕੂਲ

ਸਰਕਾਰੀ ਸਕੂਲ ਵਿੱਚ ਵਿਦਿਆਰਥੀਆਂ ਦੀ ਲਗਾਤਾਰ ਘਟ ਰਹੀ ਗਿਣਤੀ ਕਾਰਨ ਸਿੱਖਿਆ ਵਿਭਾਗ ਵੱਲੋਂ ਇਸ ਸਕੂਲ ਨੂੰ ਬੰਦ ਕਰਨ ਬਾਰੇ ਵਿਚਾਰ ਹੋ ਰਿਹਾ ਸੀ। ਆਪਣੇ ਅਸਰ ਰਸੂਖ਼ ਨਾਲ ਸ਼ਹਿਰ ਤੋਂ ਸਿਰਫ਼ ਅੱਠ ਕਿੱਲੋਮੀਟਰ ਦੂਰ ਇਸ ਸਕੂਲ ਵਿੱਚ ਪਿਛਲੇ ਕਈ ਸਾਲਾਂ ਤੋਂ ਪੜਾ ਰਹੇ ਦੋਵੇਂ ਮਾਸਟਰ, ਜੋ ਬੱਚਿਆਂ ਨੂੰ ਪੜਾਉਣ ਨਾਲੋਂ ਵੱਧ ਧਿਆਨ ਰਾਜਨੀਤੀ ਵਿੱਚ ਰੱਖਦੇ ਸਨ, ਇਸ ਗੱਲ ਨੂੰ ਲੈ ਕੇ ਚਿੰਤਾ ਵਿੱਚ ਸਨ ਕਿ ਸਕੂਲ ਬੰਦ ਹੋਣ ਤੋਂ ਕਿਵੇਂ ਬਚਾਇਆ ਜਾਵੇ। ਮਾਸਟਰਾਂ ਨੇ ਸਲਾਹ ਬਣਾ ਕੇ ਪਿੰਡ ਦਾ ਗੇੜਾ ਕੱਢਿਆ ਤਾਂ ਜੋ ਪਿੰਡ ਵਾਸੀਆਂ ਨੂੰ ਪ੍ਰਾਈਵੇਟ ਸਕੂਲਾਂ ਦੀ ਬਜਾਏ ਸਰਕਾਰੀ ਸਕੂਲ ਵਿੱਚ ਬੱਚੇ ਪੜਾਉਣ ਲਈ ਪ੍ਰੇਰਿਤ ਕੀਤਾ ਜਾਵੇ। ਪਿੰਡ ਦਾ ਗੇੜਾ ਲਾਉਂਦੇ ਹੋਏ ਦੋਵੇਂ ਮਾਸਟਰ, ਨੰਬਰਦਾਰ ਗਿਆਨ ਸਿੰਘ ਦੇ ਘਰ ਜਾ ਪਹੁੰਚੇ। ਰਸਮੀ ਚਾਹ-ਪਾਣੀ ਤੋਂ ਬਾਅਦ ਉਨਾਂ ਨੇ ਨੰਬਰਦਾਰ ਨੂੰ ਆਪਣੇ ਆਉਣ ਦਾ ਮਕਸਦ ਦੱਸਿਆ ਅਤੇ ਇਸ ਸਬੰਧੀ ਸਹਾਇਤਾ ਕਰਨ ਲਈ ਬੇਨਤੀ ਕੀਤੀ। ਨੰਬਰਦਾਰ ਨੇ ਥੋੜਾ ਗੰਭੀਰ ਹੁੰਦਿਆਂ ਕਿਹਾ, "ਮਾਸਟਰ ਜੀ, ਤੁਹਾਡੇ ਆਪਣੇ ਕਿੰਨੇ ਕਿੰਨੇ ਬੱਚੇ ਹਨ ?" ਅੱਗੋਂ ਮਾਸਟਰਾਂ ਨੇ ਜੁਆਬ ਦਿੱਤਾ ਕਿ ਦੋ-ਦੋ ਹਨ ਜੀ। ਨੰਬਰਦਾਰ ਨੇ ਕਿਹਾ, "ਫਿਰ ਚਾਰ ਤਾਂ ਇਹੀ ਹੋ ਗਏ। ਤੁਸੀਂ ਆਪਣੇ ਬੱਚੇ ਪ੍ਰਾਈਵੇਟ ਸਕੂਲ ਵਿੱਚੋਂ ਹਟਾ ਕੇ ਇੱਥੇ ਪੜਾਓ! ਆਪੇ ਹੋਰ ਵਿਦਿਆਰਥੀਆਂ ਦੀ ਗਿਣਤੀ ਵੀ ਵਧ ਜਾਏਗੀ।" ਨੰਬਰਦਾਰ ਦੀ ਗੱਲ ਸੁਣ ਕੇ ਦੋਵੇਂ ਮਾਸਟਰ ਅੱਗੇ ਹੋਰ ਘਰਾਂ ਵਿੱਚ ਜਾਣ ਬਾਰੇ ਕਹਿ ਕੇ ਉੱਠ ਖੜੇ ਹੋਏ ਤੇ ਰੁੱਖੀ ਜਿਹੀ ਸਤਿ ਸ੍ਰੀ ਅਕਾਲ ਬੁਲਾ ਕੇ ਨੰਬਰਦਾਰ ਦੇ ਘਰੋਂ ਬਾਹਰ ਨਿਕਲ ਆਏ।

**- ਸਵਰਨਦੀਪ ਸਿੰਘ ਨੂਰ**



## ਸਿੱਖਾਂ ਨੂੰ ਬਦਨਾਮ ਕਰਨ ਲਈ...

ਉਹਨਾਂ ਸਵਾਲ ਕੀਤਾ ਕਿ ਕਨੇਡਾ ਵਰਗੇ ਮੁਲਕ ਵਿਚ ਜਿੱਥੇ ਨਸਲਕੁਸ਼ੀ ਸਬੰਧੀ ਖਾਸ ਕਾਨੂੰਨ ਬਣਿਆ ਹੋਵੇ ਉੱਥੇ ਇਕ ਭਾਈਚਾਰੇ ਦੀਆਂ ਰਾਜਨੀਤਕ ਉਮੰਗਾਂ, ਉਸਦਾ ਆਪਣੇ ਕਤਲੇਆਮ ਨੂੰ ਯਾਦ ਕਰਨਾ ਜਾਂ ਮਨੁੱਖੀ ਹੱਕਾਂ ਅਤੇ ਇਨਸਾਫ ਲਈ ਅਵਾਜ਼ ਚੁੱਕਣਾ ਕਦੋਂ ਤੋਂ ਬੁਰਾ ਕੰਮ ਹੋ ਗਿਆ ?

ਉਹਨਾਂ ਕਿਹਾ ਕਿ ਇਸ ਰਿਪੋਰਟ ਵਿਚ ਖਾਲਿਸਤਾਨ ਦੀ ਲਹਿਰ ਦੀ ਪੇਸ਼ਕਾਰੀ ਬੜੀ ਮਾਮੂਲੀ ਅਤੇ ਅਧੂਰੀ ਕੀਤੀ ਗਈ ਹੈ। ਉਹਨਾਂ ਕਿਹਾ ਕਿ ਲੇਖਕ ਨੇ ਉਹਨਾਂ ਰਾਜਨੀਤਕ ਹਾਲਾਤਾਂ ਦਾ ਕੋਈ ਜ਼ਿਕਰ ਨਹੀਂ ਕੀਤਾ ਜਿਹਨਾਂ ਕਾਰਨ 1980 ਅਤੇ 1990 ਵਿਚ ਸਵੈ-ਨਿਰਣੇ ਦੇ ਹੱਕ ਲਈ ਖਾਲਿਸਤਾਨ ਸੰਘਰਸ਼ ਦੀ ਸ਼ੁਰੂਆਤ ਹੋਈ ਸੀ, ਜਿਸ ਸੰਘਰਸ਼ ਨੂੰ ਐਮਨੈਸਟੀ ਇੰਟਰਨੈਸ਼ਨਲ, ਹਿਊਮਨ ਰਾਈਟਸ ਵਾਚ, ਫਿਜ਼ੀਸ਼ੀਅਨਸ ਫਾਰ ਹਿਊਮਨ ਰਾਈਟਸ ਵਰਗੀਆਂ ਕੌਮਾਂਤਰੀ ਸੰਸਥਾਵਾਂ ਨੇ ਵੀ 'ਅੱਤਵਾਦ' ਦਾ ਨਾਂ ਨਹੀਂ ਦਿੱਤਾ। ਬਲਕਿ ਦੁਨੀਆ ਭਰ ਦੇ ਹੋਰ ਹਥਿਆਰਬੰਦ ਅਤੇ ਖਾੜਕੂ ਸੰਘਰਸ਼ਾਂ ਵਾਂਗ, ਮਨੁੱਖਤਾਵਾਦੀ ਕਾਨੂੰਨਾਂ ਅਤੇ ਮਨੁੱਖੀ ਹੱਕ ਕਾਨੂੰਨਾਂ ਅਧੀਨ ਗੰਭੀਰ ਸਵਾਲ ਚੁੱਕੇ ਗਏ ਹਨ।

ਉਹਨਾਂ ਕਿਹਾ ਕਿ ਰਿਪੋਰਟ ਵਿਚ ਇਸ ਗੱਲ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ਕਿ "ਖਾਲਿਸਤਾਨ" ਸਬੰਧੀ ਰਾਜਨੀਤਕ ਵਿਚਾਰ ਰੱਖਣਾ ਭਾਰਤ ਦੇ ਕਾਨੂੰਨ ਮੁਤਾਬਕ ਵੀ ਗੈਰ-ਕਾਨੂੰਨੀ ਨਹੀਂ ਹੈ ਜੋ ਦੇਸ਼ ਤੋਂ ਵੱਖ ਹੋਣ ਦੀ ਮੰਗ ਕਰਨ ਦੀ ਅਜ਼ਾਦੀ ਦਿੰਦਾ ਹੈ ਜਦੋਂ ਤਕ ਇਸ ਮੰਗ ਲਈ ਹਥਿਆਰ ਚੁੱਕਣ ਜਾਂ ਹਿੰਸਾ ਕਰਨ ਲਈ ਨਾ ਕਿਹਾ ਜਾਵੇ। ਉਹਨਾਂ ਕਿਹਾ ਕਿ ਭਾਰਤ ਸਰਕਾਰ ਆਪਣੇ ਕਾਨੂੰਨਾਂ ਨੂੰ ਹੀ ਨਹੀਂ ਮੰਨ ਰਹੀ, ਜਿਸ ਖਿਲਾਫ ਸਿੱਖ ਪੰਜਾਬ ਅਤੇ ਪੰਜਾਬ ਤੋਂ ਬਾਹਰ ਲਗਾਤਾਰ ਅਵਾਜ਼ ਚੁੱਕ ਰਹੇ ਹਨ। ਉਹਨਾਂ ਕਿਹਾ ਕਿ ਕੈਨੇਡੀਅਨ ਕਾਨੂੰਨ ਵਿਚ ਵੀ ਰਾਜਨੀਤਕ ਵਿਚਾਰ ਰੱਖਣ ਦਾ ਹੱਕ ਪੂਰੀ ਤਰ੍ਹਾਂ ਸੁਰੱਖਿਅਤ ਹੈ। ਉਹਨਾਂ ਕਿਹਾ ਕਿ ਇਹਨਾਂ ਸਾਰੀਆਂ ਗੱਲਾਂ ਦੇ ਬਾਵਜੂਦ ਵੀ ਸੰਸਥਾ ਨੇ ਇਸ ਅਧੂਰੀ ਅਤੇ ਤੱਥ ਰਹਿਤ ਰਿਪੋਰਟ ਨੂੰ ਪ੍ਰਕਾਸ਼ਤ ਕਿਉਂ ਕੀਤਾ, ਇਹ ਸਮਝ ਨਹੀਂ ਆ ਰਿਹਾ।

ਵਿਦਵਾਨਾਂ ਨੇ ਇਸ ਚਿੱਠੀ ਰਾਹੀਂ ਕਿਹਾ ਕਿ ਭਾਰਤੀ ਰਾਜ ਵੱਲੋਂ ਕੀਤੀ ਗਈ ਹਿੰਸਾ ਦਾ ਜ਼ਿਕਰ ਨਾ ਕਰਨਾ ਸਿੱਧਾ ਸਾਬਤ ਕਰਦਾ ਹੈ ਕਿ ਲੇਖਕ ਕਹਾਣੀ ਦਾ ਸਿਰਫ ਇਕ ਪਾਸਾ ਦਿਖਾਉਣਾ ਚਾਹੁੰਦਾ ਹੈ।

ਟੈਰੀ ਮਿਲਸਕੀ ਵੱਲੋਂ ਲਿਖੀ ਇਸ ਰਿਪੋਰਟ ਵਿਚ ਜਿੱਥੇ ਭਾਰਤ ਵਿਚ ਸਿੱਖਾਂ ਦੇ ਹੋਏ ਕਤਲੇਆਮ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਇਹ ਰਿਪੋਰਟ ਪੂਰਨ ਤੌਰ 'ਤੇ ਕੈਨੇਡੀਅਨ ਪਾਲਿਸੀ ਨੂੰ ਖਾਲਿਸਤਾਨ ਸਬੰਧੀ ਵਿਚਾਰਾਂ ਵਿਚ ਭਾਰਤੀ ਨੀਤੀ ਅਨੁਸਾਰ ਢਾਲਣ ਦੇ ਯਤਨਾਂ ਨਾਲ ਲਿਖੀ ਗਈ ਹੈ। ਰਿਪੋਰਟ ਵਿਚ ਕਨਿਸ਼ਕ ਹਵਾਈ ਹਾਦਸੇ ਨੂੰ ਖਾਲਿਸਤਾਨ ਸੰਘਰਸ਼ ਦੇ ਹਿੰਸਕ ਰੂਪ ਵਜੋਂ ਪੇਸ਼ ਕੀਤਾ ਗਿਆ ਹੈ, ਜਦਕਿ ਇਸ ਹਾਦਸੇ ਵਿਚ ਭਾਰਤੀ ਖੁਫੀਆ ਏਜੰਸੀਆਂ ਦੀ ਸ਼ਮੂਲੀਅਤ ਸਬੰਧੀ ਸਿੱਖਾਂ ਵੱਲੋਂ ਕੀਤੀ ਜਾਂਦੀ ਜਾਂਚ ਦੀ ਮੰਗ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਇਸ ਰਿਪੋਰਟ ਵਿਚ ਨਾ ਹੀ ਸਿੱਖ ਕਤਲੇਆਮ ਦਾ ਜ਼ਿਕਰ ਕੀਤਾ ਗਿਆ ਅਤੇ ਨਾ ਹੀ ਸਿੱਖਾਂ ਵੱਲੋਂ ਸਮੇਂ ਦਰ ਸਮੇਂ ਆਪਣੇ ਕੌਮੀ ਅਦਾਰਿਆਂ ਰਾਹੀਂ ਪ੍ਰਗਟਾਈਆਂ ਗਈਆਂ ਆਪਣੀਆਂ ਰਾਜਨੀਤਕ ਉਮੰਗਾਂ ਦੇ ਤੱਥ ਸ਼ਾਮਲ ਕੀਤੇ ਗਏ। ਲੇਖਕ ਨੇ ਬੜੇ ਸ਼ਰਾਰਤੀ ਢੰਗ ਨਾਲ ਭਾਰਤ ਅਤੇ ਕੈਨੇਡਾ ਦੀ ਸੁਰੱਖਿਆ ਨੂੰ ਇਕ ਰੱਸੇ ਬੰਨ੍ਹ ਕੇ ਭਾਰਤੀ ਗੈਰ-ਲੋਕਤੰਤਰਿਕ ਨੀਤੀ ਨੂੰ ਕੈਨੇਡਾ ਸਿਰ ਮੜ੍ਹਨ ਦੀ ਕੋਸ਼ਿਸ਼ ਕੀਤੀ ਹੈ।

**ਇਹ ਚਿੱਠੀ ਲਿਖਣ ਵਾਲੇ ਵਿਦਵਾਨਾਂ ਵਿਚ ........ ਦੇ ਨਾਂ ਸ਼ਾਮਿਲ ਹਨ।**

ਓਨਟੇਰੀਓ ਗੁਰਦੁਆਰਾਜ਼ ਕਮੇਟੀ ਅਤੇ ਬ੍ਰਿਟਿਸ਼ ਕੋਲੰਬੀਆ ਗੁਰਦੁਆਰਾਜ਼ ਕਾਉਂਸਲ ਨੇ ਰਿਪੋਰਟ ਦੀ ਨਿੰਦਾ ਕੀਤੀ

ਟੈਰੀ ਮਿਲਸਕੀ ਦੀ ਇਸ ਰਿਪੋਰਟ ਰਾਹੀਂ ਸਿੱਖ ਭਾਈਚਾਰੇ ਅਤੇ ਅਜ਼ਾਦ ਸਿੱਖ ਰਾਜ ਖਾਲਿਸਤਾਨ ਲਈ ਸਿੱਖ ਸੰਘਰਸ਼ ਨੂੰ ਬਦਨਾਮ ਕਰਨ ਦੀ ਕੀਤੀ ਗਈ ਕੋਸ਼ਿਸ਼ ਦੀ ਸਖਤ ਸ਼ਬਦਾਂ 'ਚ ਨਿੰਦਾ ਕਰਦਿਆਂ ਓਨਟੇਰੀਓ ਗੁਰਦੁਆਰਾਜ਼ ਕਮੇਟੀ ਅਤੇ ਬ੍ਰਿਟਿਸ਼ ਕੋਲੰਬੀਆ ਗੁਰਦੁਆਰਾਜ਼ ਕਾਉਂਸਲ ਨੇ ਕਿਹਾ ਹੈ ਕਿ ਇਹ ਰਿਪੋਰਟ ਭਾਰਤ ਦੀ ਜ਼ੁਬਾਨ ਬੋਲਦੀ ਹੈ।

ਉਹਨਾਂ ਜਾਰੀ ਬਿਆਨ ਵਿਚ ਕਿਹਾ ਕਿ ਰਿਪੋਰਟ ਦਾ ਅਧਾਰ ਹੀ ਇਸ ਨਿਰਅਧਾਰ ਗੱਲ ਨੂੰ ਬਣਾਇਆ ਗਿਆ ਹੈ ਕਿ ਖਾਲਿਸਤਾਨ ਲਈ ਪੰਜਾਬ ਵਿਚ ਜ਼ਮੀਨੀ ਪੱਧਰ 'ਤੇ ਕੋਈ ਸਮਰਥਨ ਨਹੀਂ ਹੈ ਅਤੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐਸਆਈ ਸਿੱਖ ਸੰਘਰਸ਼ ਨੂੰ ਹਵਾ ਦੇ ਰਹੀ ਹੈ, ਜਿਸ ਨਾਲ ਹੀ ਸਾਫ ਹੁੰਦਾ ਹੈ ਕਿ ਇਹ ਰਿਪੋਰਟ ਕੈਨੇਡਾ ਦੀ ਸਰਕਾਰੀ ਨੀਤੀ ਲਈ ਕਿਸੇ ਕੰਮ ਦੀ ਨਹੀਂ ਹੈ। ਉਹਨਾਂ ਕਿਹਾ ਕਿ ਭਾਰਤ ਦੀਆਂ ਖੁਫੀਆ ਏਜੰਸੀਆਂ ਵੱਲੋਂ ਵਿਦੇਸ਼ਾਂ ਦੇ ਸਰਕਾਰੀ ਫੈਸਲਿਆਂ ਨੂੰ ਪ੍ਰਭਾਵਤ ਕਰਨ ਲਈ ਕੀਤੀਆਂ ਜਾਂਦੀਆਂ ਕਾਰਵਾਈਆਂ ਹੁਣ ਜੱਗ ਜਾਹਰ ਹੋ ਚੁੱਕੀਆਂ ਹਨ। ਉਹਨਾਂ ਕਿਹਾ ਕਿ ਭਾਰਤ ਦੀਆਂ ਏਜੰਸੀਆਂ ਕੈਨੇਡਾ ਦੇ ਪੱਤਰਕਾਰਾਂ ਅਤੇ ਖਬਰੀ ਅਦਾਰਿਆਂ ਨੂੰ ਖਾਸ ਨਿਸ਼ਾਨੇ 'ਤੇ ਲੈ ਕੇ ਕੰਮ ਕਰ ਰਹੀਆਂ ਹਨ ਅਤੇ ਕੁੱਝ ਸਮਾਂ ਪਹਿਲਾਂ ਕੈਨੇਡਾ ਦੀ ਫੈਡਰਲ ਅਦਾਲਤ ਵੱਲੋਂ ਇਕ ਅਖਬਾਰ ਦੇ ਸੰਪਾਦਕ ਨੂੰ ਇਸ ਲਈ ਨਾਗਰਿਕਤਾ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਕਿਉਂਕਿ ਉਹ ਕਈ ਸਾਲਾਂ ਤੋਂ ਭਾਰਤੀ ਖੁਫੀਆ ਏਜੰਸੀਆਂ ਲਈ ਕੰਮ ਕਰ ਰਿਹਾ ਸੀ ਅਤੇ ਉਸਦਾ ਪ੍ਰਮੁੱਖ ਕੰਮ ਸੀ ਕਿ ਕੈਨੇਡਾ ਦੇ ਨੀਤੀ ਘਾੜਿਆਂ ਨੂੰ ਇਸ ਵਿਚਾਰ 'ਤੇ ਸਹਿਮਤ ਕਰਨਾ ਕਿ ਖਾਲਿਸਤਾਨ ਦੇ ਸੰਘਰਸ਼ ਪਿੱਛੇ ਪਾਕਿਤਾਨ ਦਾ ਹੱਥ ਹੈ। ਉਹਨਾਂ ਕਿਹਾ ਕਿ ਇਹ ਨਵੀਂ ਰਿਪੋਰਟ ਵੀ ਭਾਰਤੀ ਏਜੰਸੀਆਂ ਦੇ ਉਸੇ ਪ੍ਰੋਜੈਕਟ ਦਾ ਹਿੱਸਾ ਹੈ। ਉਹਨਾਂ ਮੈਕਡੋਨਾਲਡ-ਲੌਰੀਅਰ ਸੰਸਥਾ ਦੇ ਆਗੂਆਂ ਨੂੰ ਕਿਹਾ ਕਿ ਉਹ ਇਸ ਰਿਪੋਰਟ ਨੂੰ ਵਾਪਸ ਲੈਣ ਅਤੇ ਜਾਂਚ ਕਰਾਉਣ ਕਿ ਇਸ ਤਰ੍ਹਾਂ ਦੀ ਰਿਪੋਰਟ ਉਹਨਾਂ ਦੀ ਸੰਸਥਾ ਦੇ ਨਾਂ ਹੇਠ ਕਿਵੇਂ ਛਪੀ।




# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

## RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE •1-800-246-6242
www.jusbroadcasting.com




cost plus
30 to 80
cents discount

at
TA Petro fuel station




TA TravelCenters of America

PETRO Stopping Centers®

We also offer Line of Credit for Fuel Card

Additional Services with our Fuel Card

✓ National Tire Program ✓ PM & Light Mechanical

✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com